ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 22 | 30 May 2018 to 05 June 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਭਾਰਤ ’ਤੇ ਮੁੜ ਵਰ੍ਹਿਆ ਕੁਦਰਤ ਦਾ ਕਹਿਰ, 49 ਮੌਤਾਂ

### *ਬਿਹਾਰ ’ਚ 19, ਯੂਪੀ-15, ਝਾਰਖੰਡ-13 ਅਤੇ ਛੱਤੀਸਗੜ੍ਹ ਵਿਚ 2 ਜਾਨਾਂ ਗਈਆਂ*

**ਪਟਨਾ, ਲਖਨਊ/ਬਿਊਰੋ ਨਿਊਜ਼ :** ਭਾਰਤ ਦੇ ਬਿਹਾਰ, ਯੂਪੀ, ਝਾਰਖੰਡ ਤੇ ਛੱਤੀਸਗੜ੍ਹ ਵਿੱਚ ਤੂਫ਼ਾਨ ਅਤੇ ਬਿਜਲੀ ਡਿੱਗਣ ਕਾਰਨ ਘੱਟੋ ਘੱਟ 49 ਮੌਤਾਂ ਹੋ ਗਈਆਂ। ਇਸ ਦੌਰਾਨ ਇਨ੍ਹਾਂ ਚਾਰਾਂ ਸੂਬਿਆਂ ਵਿੱਚ ਕਾਫ਼ੀ ਮਾਲੀ ਨੁਕਸਾਨ ਵੀ ਹੋਇਆ। ਕਈ ਘਰਾਂ ਦੀਆਂ ਕੰਧਾਂ ਡਿੱਗਣ, ਦਰੱਖਤ ਪੁੱਟੇ ਜਾਣ, ਬਿਜਲੀ ਦੇ ਖੰਭੇ ਡਿੱਗਣ ਕਾਰਨ ਵੱਡੀ ਗਿਣਤੀ ਲੋਕਾਂ ਦੇ ਮੌਤ ਦੇ ਮੂੰਹ ਵਿਚ ਜਾਣ ਅਤੇ ਜ਼ਖ਼ਮੀ ਹੋਣ ਦੀਆਂ ਖ਼ਬਰਾਂ ਹਨ। ਬਿਹਾਰ ‘ਚ ਸਭ ਤੋਂ ਵੱਧ 19, ਯੂਪੀ ‘ਚ 15, ਝਾਰਖੰਡ ‘ਚ 13 ਅਤੇ ਛੱਤੀਸਗੜ੍ਹ ਵਿਚ 2 ਜਾਨਾਂ ਜਾਂਦੀਆਂ ਰਹੀਆਂ। ਬਿਹਾਰ ਤੋਂ ਸਰਕਾਰੀ ਸੂਤਰਾਂ ਅਨੁਸਾਰ ਭਾਰੀ ਤੂਫ਼ਾਨ ਨੇ ਬਿਹਾਰ ਦੇ ਗਯਾ ਅਤੇ ਔਰੰਗਾਬਾਦ ਜ਼ਿਲ੍ਹਿਆਂ ਵਿਚ ਪੰਜ- ਪੰਜ ਜਾਨਾਂ ਲੈ ਲਈਆਂ ਜਦੋਂ ਕਿ ਮੁਨਗਰ, ਕਠਿਹਾਰ ਅਤੇ ਨਵਾਦਾ ਜ਼ਿਲ੍ਹਿਆਂ ਵਿਚ ਵੀ ਇਸ ਕੁਦਰਤੀ ਆਫ਼ਤ ਕਾਰਨ ਕਈ ਮੌਤਾਂ ਹੋਈਆਂ ਹਨ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਇਨ੍ਹਾਂ ਮੌਤਾਂ ‘ਤੇ ਗਹਿਰਾ ਦੁਖ ਪ੍ਰਗਟ ਕੀਤਾ ਹੈ ਤੇ ਪੀੜਤਾਂ ਨੂੰ ਛੇਤੀ ਤੋਂ ਛੇਤੀ ਮੁਆਵਜ਼ਾ ਦੇਣ ਦੇ ਹੁਕਮ ਜਾਰੀ ਕੀਤੇ ਹਨ।

ਉੱਧਰ, ਉੱਤਰ ਪ੍ਰਦੇਸ਼ ਵਿੱਚ ਤੂਫ਼ਾਨ ਅਤੇ ਬਿਜਲੀ ਡਿੱਗਣ ਕਾਰਨ 15 ਵਿਅਕਤੀਆਂ ਦੀ ਮੌਤ ਹੋ ਗਈ ਜਦੋਂ ਕਿ 10 ਹੋਰ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਸਰਕਾਰੀ ਸੂਤਰਾਂ ਨੇ ਦਿੱਤੀ। ਉੱਤਰ ਪ੍ਰਦੇਸ਼ ਦੇ ਰਾਹਤ ਕਮਿਸ਼ਨਰ ਸੰਜੇ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ 6 ਵਿਅਕਤੀਆਂ ਦੀ ਉਨਾਓ ਵਿਚ ਆਏ ਤੂਫ਼ਾਨ ਅਤੇ ਅਸਮਾਨੀ ਬਿਜਲੀ ਡਿੱਗਣ ਕਾਰਨ ਮੌਤ ਹੋ ਗਈ ਜਦੋਂ ਕਿ ਰਾਏਬਰੇਲੀ ਵਿਚ ਇਸ ਕੁਦਰਤੀ ਆਫ਼ਤ ਕਾਰਨ ਤਿੰਨ, ਪੀਲੀਭੀਤ, ਕਾਨਪੁਰ ਅਤੇ ਗੌਂਡਾ ਜ਼ਿਲ੍ਹਿਆਂ ਵਿੱਚ ਦੋ ਦੋ ਵਿਅਕਤੀਆਂ ਦੀ ਮੌਤ ਹੋਈ ਹੈ। ਜ਼ਖ਼ਮੀਆਂ ਵਿਚ ਚਾਰ ਜਣੇ ਉਨਾਓ ਅਤੇ ਤਿੰਨ-ਤਿੰਨ ਕਨੌਜ ਅਤੇ ਰਾਏਬਰੇਲੀ ਨਾਲ ਸਬੰਧਤ ਹਨ। ਉਨ੍ਹਾਂ



ਦੱਸਿਆ ਕਿ ਇਸ ਦੌਰਾਨ ਰਾਏਬਰੇਲੀ ਅਤੇ ਉਨਾਓ ਜ਼ਿਲ੍ਹਿਆਂ ਵਿੱਚ ਮਾਲੀ ਨੁਕਸਾਨ ਵੀ ਹੋਇਆ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਦੇ ਆਦੇਸ਼ ਦੇ ਦਿੱਤੇ ਗਏ ਹਨ ਅਤੇ 24 ਘੰਟਿਆਂ ਵਿੱਚ ਪੀੜਤਾਂ ਤਕ ਸਹਾਇਤਾ ਪਹੁੰਚਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਜਾਣਕਾਰੀ ਪ੍ਰਿੰਸੀਪਲ ਸਕੱਤਰ ਅਸ਼ਵਨੀ ਅਵਸਥੀ ਨੇ ਦਿੱਤੀ।

ਉਨਾਓ ਜ਼ਿਲ੍ਹੇ ਦੇ ਡੀਐਮ ਰਵੀ ਕੁਮਾਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਦੋ ਮੌਤਾਂ ਬਿਜਲੀ ਡਿੱਗਣ ਕਾਰਨ ਹੋਈਆਂ ਹਨ ਜਦੋਂ ਕਿ ਬਾਕੀ ਮਕਾਨ ਡਿੱਗਣ, ਦਰੱਖਤ ਪੁੱਟੇ ਜਾਣ ਅਤੇ ਬਿਜਲੀ ਦੇ ਖੰਭੇ ਡਿੱਗਣ ਕਾਰਨ ਹੋਏ ਹਾਦਸਿਆਂ ਵਿੱਚ ਹੋਈਆਂ ਹਨ। ਹਰਦੋਈ-ਉਨਾਓ ਸੜਕ ‘ਤੇ ਦਰੱਖਤ ਡਿੱਗਣ ਕਾਰਨ ਆਵਾਜਾਈ ਵਿੱਚ ਵਿਘਨ ਪਿਆ ਹੈ। ਮੌਸਮ ਵਿਭਾਗ ਦੇ ਸੂਤਰਾਂ ਅਨੁਸਾਰ ਅਗਲੇ ਦੋ ਦਿਨਾਂ ਵਿੱਚ ਵੱਖ ਵੱਖ ਥਾਵਾਂ ‘ਤੇ ਬਾਰਸ਼ ਅਤੇ ਤੂਫਾਨ ਦੀ ਸੰਭਾਵਨਾ ਹੈ।

**ਬਾਕੀ ਸਫ਼ਾ 30 ’ਤੇ**

## ਜੂਨ ’84 ਦੇ ਘੱਲੂਘਾਰੇ ਦੀ ਯਾਦ ’ਚ ਸੈਨ ਫਰਾਂਸਿਸਕੋ ਵਿਚਲੇ ਭਾਰਤੀ ਦੂਤਾਵਾਸ ਅੱਗੇ ਮੁਜ਼ਾਹਰਾ 5 ਜੂਨ ਨੂੰ

**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ :** ਸਮੂਹ ਗੁਰਦੁਆਰਾ ਸਾਹਿਬਾਨ, ਪੰਥਕ ਧਿਰਾਂ ਅਤੇ ਸਿੱਖ ਜਥੇਬੰਦੀਆਂ ਵਲੋਂ ਜੂਨ '84 ਦੇ ਘੱਲੂਘਾਰੇ ਦੀ ਯਾਦ ’ਚ ਸੈਨ ਫਰਾਂਸਿਸਕੋ ਵਿਚਲੇ ਭਾਰਤੀ ਦੂਤਾਵਾਸ ਅੱਗੇ ਰੋਸ ਮੁਜ਼ਾਹਰਾ 5 ਜੂਨ ਮੰਲਗਵਾਰ ਨੂੰ ਕੀਤਾ ਜਾ ਰਿਹਾ ਹੈ।

ਵਰਨਣਯੋਗ ਹੈ ਕਿ ਜੂਨ 1984 ਦੇ ਘੱਲੂਘਾਰੇ ਲਈ ਭਾਰਤ ਦੀ ਕਾਂਗਰਸ ਸਰਕਾਰ, ਬੀਜੇਪੀ, ਆਰ ਐਸ ਐਸ, ਕੌਮਨਿਸਟ ਤੇ ਅਕਾਲੀ ਲੀਡਰਸ਼ਿਪ ਜ਼ਿਮੇਵਾਰ ਹਨ, ਜਿਨਾਂ ਕਰਕੇ ਸਿੱਖ ਕੌਮ ਦਾ ਨਸਲਘਾਤ ਹੋਇਆ ਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਭਾਰਤੀ ਫੌਜ ਨੇ ਟੈਂਕਾਂ ਤੋਪਾਂ ਨਾਲ ਤਬਾਹ ਕੀਤਾ। ਜੂਨ ਮਹੀਨੇ ਦਾ ਪਹਿਲਾ ਹਫਤਾ ਹਾਲੇ ਕੱਲ੍ਹ ਵਾਂਗ ਯਾਦ ਹੈ ਤੇ ਜਿਸਦੇ ਜ਼ਖਮ



ਲਗਾਤਾਰ ਰਿਸ ਰਹੇ ਹਨ। ਇਹ ਇਕ ਅਜਿਹਾ ਸਿੱਖ ਖ਼ੂਨੀ ਕਾਂਡ ਹੈ ਜੋ ਭੁਲਾਇਆ ਨਹੀਂ ਜਾ ਸਕਦਾ। ਅੰਮ੍ਰਿਤਸਰ ਵਿਚਲੀ ਇਹ ਜੰਗ ਸਿੱਖ ਰੂਹ ਵਿਚ ਅਜਿਹੇ ਨਿਸ਼ਾਨ ਛੱਡ ਗਈ ਹੈ ਜੋ ਸਦੀਆਂ ਤੱਕ ਨਹੀਂ ਮਿਟਣਗੇ। ਇਸ ਘੱਲੂਘਾਰੇ ਲਈ ਭਾਰਤ ਸਰਕਾਰ ਦੇ ਸੈਨ ਫਰਾਂਸਿਸਕੋ ਵਿਚਲੇ ਪ੍ਰਤੀਨਿਧਾਂ ਨੂੰ ਇਹ ਵੰਗਾਰ ਦੇਣੀ ਜ਼ਰੂਰੀ ਹੈ ਕਿ ਸਿੱਖ ਕੌਮ ਤੁਹਾਡੇ ਜ਼ੁਲਮਾਂ ਨੂੰ ਕਦੇ ਨਹੀਂ ਭੁਲੇਗੀ ਤੇ ਨਿਆਂ ਪੂਰਬਕ ਲੋਕਤੰਤਰੀ ਢੰਗਾਂ ਨਾਲ ਅਮਨਮਈ ਰਹਿੰਦਿਆਂ ਹੋਇਆਂ ਤੁਹਾਡੇ ਜ਼ੁਲਮਾਂ ਨੂੰ ਸੰਸਾਰ ਭਰ ਵਿਚ ਲਗਾਤਾਰ ਨੰਗਿਆਂ ਕਰਦੀ ਰਹੇਗੀ। ਰੋਸ ਮੁਜ਼ਾਹਰੇ ਸਬੰਧੀ ਤਾਲਮੇਲ ਕਮੇਟੀ ਵਲੋਂ ਸਮੂੰਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਤੇ ਸੰਗਤਾਂ ਨੂੰ ਬੇਨਤੀ ਹੈ ਕਿ ਮੰਗਲਵਾਰ, 5 ਜੂਨ ਨੂੰ ਦੁਪਹਿਰ 12:00 ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਸੈਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਦੇ ਸਾਹਮਣੇ ਹੋ ਰਹੇ ਇਸ ਮੁਜ਼ਾਹਰੇ ਵਿਚ ਵਧ ਚੜ੍ਹ ਕੇ ਪਹੁੰਚਿਆ ਜਾਵੇ। ਚਾਹ ਪਾਣੀ ਤੇ ਲੰਗਰਾਂ ਦੀ ਸੇਵਾ ਗੁਰਦੁਆਰਾ ਸਾਹਿਬ ਫਰੀਮਾਂਟ ਵੱਲੋਂ ਹੋਵੇਗੀ।

## ਕੁੜੀਆਂ ਨਾਲ ਛੇੜਛਾੜ ਦੇ ਦੋਸ਼ ਚ 7 ਪੰਜਾਬੀ ਮੁੰਡੇ ਗ੍ਰਿਫਤਾਰ

**ਸੈਕਰਾਮੈਂਟੋ/ਬਿਊਰੋ ਨਿਊਜ਼ :**

ਰੋਜ਼ਵਿਲੇ ਪੁਲਿਸ ਨੇ ਸੱਤ ਭਾਰਤੀ ਮੁੰਡਿਆਂ ਨੂੰ ਕੁੜੀਆਂ ਨਾਲ ਜਿਸਮਾਨੀ ਛੇੜਛਾੜ ਦੇ ਦੋਸ਼ ਤਹਿਤ ਗ੍ਰਿਫਤਾਰ ਕੀਤਾ ਹੈ। ਇਹ ਘਟਨਾ ਰੋਜ਼ਵਿਲੇ ਦੇ ਗੋਲਫਲੈਂਡ ਸਨਸਪਲੇਸ਼ ਵਾਟਰ ਪਾਰਕ ਦੀ ਹੈ। ਪੁਲਿਸ ਦੁਆਰਾ ਫੜੇ ਗਏ ਮੁੰਡਿਆਂ ਦੀ ਉਮਰ 14 ਸਾਲ ਤੋਂ ਘੱਟ ਹੈ। ਉਨ੍ਹਾਂ ਸਾਰਿਆਂ ਨੂੰ ਅਪਰਾਧ ਕਰਨ ਦੀ ਸਾਜ਼ਿਸ਼ ਰਚਣ, ਉਕਸਾਊ ਕਾਰਵਾਈਆਂ ਕਰਨ ਦੇ ਸ਼ੱਕ ਤੇ ਪਲੇਸਰ ਕਾਉਂਟੀ ਜੇਲ੍ਹ ਵਿਚ ਬੰਦ ਕੀਤਾ ਗਿਆ ਹੈ।.

ਪੁਲਿਸ ਦਾ ਮੰਨਣਾ ਹੈ ਕਿ ਇਹ ਸਾਰੇ ਇਕ-ਦੂਜੇ ਨੂੰ ਜਾਣਦੇ ਹਨ ਅਤੇ ਇਨ੍ਹਾਂ ਨੇ ਕਈ ਕੁੜੀਆਂ ਨੂੰ ਗਲਤ ਤਰੀਕੇ ਨਾਲ ਛੂਹਣ ਦਾ ਅਪਰਾਧ ਆਪਸ ਵਿਚ ਮਿਲ ਕੇ ਕੀਤਾ ਹੈ। ਫੜੇ ਗਏ ਮੁੰਡਿਆਂ ਵਿਚ ਗੁਰਸ਼ਰਨਪਾਲ ਬੰਗਾ (34 ਸਾਲ), ਮਨਪ੍ਰੀਤ ਢਿੱਲੋਂ (26 ਸਾਲ), ਲਖਵੀਰ ਗਿੱਲ (30 ਸਾਲ), ਬਲਜਿੰਦਰ ਖਹਿਰਾ (38 ਸਾਲ), ਬਲਵਿੰਦਰ ਮਾਲੀ (32 ਸਾਲ), ਧਰਮਪਾਲ ਸਿੰਘ (21 ਸਾਲ) ਅਤੇ ਹਰਪ੍ਰੀਤ ਤਲਵਾਰ (18 ਸਾਲ) ਦੇ ਨਾਮ ਸ਼ਾਮਲ ਹਨ। ਮਿਲੀ ਜਾਣਕਾਰੀ ਮੁਤਾਬਕ ਪਹਿਲਾਂ ਕੁਝ ਕੁੜੀਆਂ ਨੇ ਵਾਟਰ ਪਾਰਕ ਦੇ ਸੁਰੱਖਿਆ ਗਾਰਡਾਂ ਨੂੰ

**ਬਾਕੀ ਸਫ਼ਾ 30 ’ਤੇ**

## ‘ਸਿੰਘ ਬਣਿਆ ਫਿਰ ਕਿੰਗ’

### *ਪੁਲੀਸ ਅ਼ਫਸਰ ‘ਗਗਨਦੀਪ ਸਿੰਘ’ ਨੇ ਸਰਦਾਰੀ ਦੀ ਲਾਜ ਰੱਖੀ*

**ਨੈਨੀਤਾਲ/ਬਿਊਰੋ ਨਿਊਜ਼ :**

ਅੱਜਕਲ੍ਹ ਭਾਰਤੀ ਮੀਡੀਆ ’ਤੇ ਸਿੱਖ ਪੁਲੀਸ ਅਫ਼ਸਰ ਗਗਨਦੀਪ ਸਿੰਘ ਸਬ ਇੰਸਪੈਕਟਰ ਉਤਰਾਖੰਡ ਪੁਲਿਸ ਵਿੱਚ ਛਾਇਆ ਹੋਇਆ ਹੈ। ਸ਼ੋਸ਼ਲ ਮੀਡੀਆ ਵਿਚ ਉਹ ਲੋਕ ਮਨ ਦਾ ਨਾਇਕ ਬਣ ਚੁੱਕਾ ਹੈ। ਹਰ ਕੋਈ ਉਸ ਦੀ ਪ੍ਰਸ਼ੰਸ਼ਾ ਕਰ ਰਿਹਾ ਹੈ।

ਇੱਕ ਮੁਸਲਮਾਨ ਮੁੰਡੇ ਨੂੰ ਭੀੜ ਤੋਂ ਬਚਾਉਂਦੇ ਹੋਏ ਉਸ ਦੀ ਤਸਵੀਰ ਇੱਕ ਤੂਫ਼ਾਨ ਵਾਂਗ ਸਾਹਮਣੇ ਆਈ ਜੋ ਭਗਵੀਂ ਹਿੰਸਕ ਭੀੜ ਦਾ ਮੁਕਾਬਲਾ ਕਰਦੇ ਮੁਸਲਮਾਨ ਨੂੰ ਬਚਾ ਕੇ ਲੈ ਗਈ। ਨੈਨੀਤਾਲ ਜ਼ਿਲ੍ਹੇ ਦੇ ਰਾਮਨਗਰ ਵਿੱਚ ਜਿਮ ਕਾਰਬੇਟ ਨੈਸ਼ਨਲ ਪਾਰਕ ਨੇੜੇ ਇੱਕ ਮੰਦਰ ਹੈ। ਜਿਸ ਕੋਲ ਇੱਕ ਨਦੀ ਹੈ। ਇਸ ਦੇ ਕੰਢੇ ’ਤੇ ਅਕਸਰ ਪ੍ਰੇਮੀ ਜੋੜੇ ਬੈਠਦੇ ਹਨ। ਮੁਸਲਮ ਮੁੰਡਾ ਆਪਣੀ ਹਿੰਦੂ ਦੋਸਤ ਲੜਕੀ ਨਾਲ ਬੈਠਾ ਸੀ ਕਿ ‘ਲਵ ਜਿਹਾਦ’ ਦਾ ਨਾਅਰਾ ਦੇਣ ਵਾਲੇ ਭਗਵੇਂਵਾਦੀ ਉੱਥੇ ਪਹੁੰਚ ਗਏ। ਉਹ ਉਸ ਦਾ ਕਤਲ ਹੀ ਕਰ ਦਿੰਦੇ ਪਰ ਗਗਨਦੀਪ ਆਪਣੇ ਦੋਸਤਾਂ ਨਾਲ ਸਮੇਂ ਸਿਰ ਪਹੁੰਚ ਗਏ। ਧੌਂਸ, ਗਾਲ੍ਹਾਂ, ਮੁੱਕੇ ਅਤੇ ਧਮਕੀਆਂ ਆਪਣੀ ਪਿੱਠ ’ਤੇ ਸਹਿ ਲਈਆਂ ਤੇ ਮੁੰਡੇ ਨੂੰ ਆਪਣੀ ਛਾਤੀ ਨਾਲ ਚਿਪਕਾ ਲਿਆ।



ਗਗਨਦੀਪ ਦਾ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੈ। ਗਗਨਦੀਪ ਘਟਨਾ ਵਾਲੀ ਥਾਂ ਨੇੜੇ ਹੀ ਡਿਊਟੀ ’ਤੇ ਤੈਨਾਤ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣਾ ਫਰਜ਼ ਅਦਾ ਕਰ ਰਹੇ ਸਨ। ਉਨ੍ਹਾਂ ਦਾ ਪਹਿਲਾ ਮਕਸਦ ਸੀ ਮੁੰਡੇ ਨੂੰ ਭੀੜ ਤੋਂ ਬਚਾਉਣਾ ਅਤੇ ਉਨ੍ਹਾਂ ਨੇ ਉਹੀ ਕੀਤਾ।

ਉਹ ਮੁੰਡਾ ਖੁਸ਼ਨਸੀਬ ਹੈ ਕਿ ਉਸ ਨੂੰ ਗਗਨਦੀਪ ਸਿੰਘ ਮਿਲ ਗਿਆ। ਨਹੀਂ ਤਾਂ ਉਸ ਦੀ ਕੀ ਹਾਲਤ ਹੁੰਦੀ ਸੋਚ ਕੇ ਦਿਲ ਡਰ ਜਾਂਦਾ ਹੈ ਅਤੇ ਰੂਹ ਕੰਬ ਜਾਂਦੀ ਹੈ।

**ਬਾਕੀ ਸਫ਼ਾ 30 ’ਤੇ**

## ਭਾਰਤੀ ਮੀਡੀਆ ਪੈਸੇ ਦੇ ਲਈ ਭਗਵੇਂ ਤੰਤਰ ਕੋਲ ਵਿਕਣ ਲਈ ਤਿਆਰ !

### *ਕੱਟੜਵਾਦੀ ਭਗਵੀਂ ਸੋਚ ਦਾ ਪ੍ਰਚਾਰ ਕਰਨਗੀਆਂ ਮੀਡੀਆ ਸੰਸਥਾਵਾਂ*

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਕੋਬਰਾ ਪੋਸਟ ਨੇ ਭਾਰਤ ਦੇ ਮੀਡੀਆ ਜਗਤ ਦਾ ਪਰਦਾਫਾਸ਼ ਕਰ ਦਿੱਤਾ ਹੈ ਕਿ ਉਹ ਹਿੰਦੂ ਰਾਸ਼ਟਰਵਾਦ ਦਾ ਪਿਛਲੱਗ ਬਣ ਗਿਆ ਹੈ। ਯਾਦ ਰਹੇ 26 ਮਾਰਚ ਨੂੰ ਜਾਰੀ ਹੋਈ ਕੋਬਰਾ ਪੋਸਟ ਦੇ ਇਸ ਖੁਲਾਸੇ ਜਿਸ ਨੂੰ ਅਪਰੇਸ਼ਨ 136 ਦਾ ਨਾਮ ਦਿੱਤਾ ਗਿਆ ਹੈ, ਦੀ ਪਹਿਲੀ ਕਿਸ਼ਤ ਵਿਚ ਦੇਸ਼ ਦੀਆਂ ਕਈ ਮਹੱਤਵਪੂਰਨ ਮੀਡੀਆ ਸੰਸਥਾਵਾਂ




ਸੱਤਾਧਾਰੀ ਦਲ ਦੇ ਪੱਖ ਵਿਚ ਚੋਣਾਵੀਂ ਹਵਾ ਤਿਆਰ ਕਰਨ ਦੇ ਲਈ ਰਾਜ਼ੀ ਹੁੰਦੇ ਨਜ਼ਰ ਆਏ ਹਨ। ਇਨ੍ਹਾਂ ਵਿਚ ਇੰਡੀਆ ਟੀਵੀ, ਦੈਨਿਕ ਜਾਗਰਣ, ਸਬ ਟੀਵੀ ਨੈਟਵਰਕ (ਸ਼੍ਰੀ ਅਧਿਕਾਰੀ ਬ੍ਰਦਰਜ਼ ਟੈਲੀਵਿਜ਼ਨ ਨੈਟਵਰਕ), ਜੀ ਸਿਨ ਜੀ ਐਂਡ ਡੀਐਨਏ ਹਿੰਦੀ ਖਬਰ, 9 ਐਕਸ ਟਸ਼ਨ, ਸਮਾਚਾਰ ਪਲੱਸ, ਐਚ ਐਨ ਐਨ

**ਬਾਕੀ ਸਫ਼ਾ 30 ’ਤੇ**


ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949

JASPREET SINGH
Attorney-At-law
Loan Modification
Bankruptcy, Immigration,
Political Asylum, Deportation Defense,
Citizenship, L-I, H-I, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

FLEET ONE OVER THE ROAD
FACTORING PROGRAM TO MEET YOUR NEEDS
WITH RATES STARTING AS LOW AS 1%
- A program custom-built to match your fleet's needs – backed by a FDIC-Insured financial partner in WEX Bank.
- Free same day funding
- Free collection management services
- Real-time credit check service
95% Advance in 24 Hours For Trucking Companies
Call for a Quote
(855)641-6955

kw ELK GROVE
KELLERWILLIAMS. REALTY
Santokh Singh Mann
Realtor ®
ਘਰ, ਬਿਜਨਸ ਅਤੇ ਪ੍ਰਾਪਰਟੀ ਲੈਣ ਲਈ ਸੰਪਰਕ ਕਰੋ
C: (916) 769-1893
O: (916) 405-5700
E: Smann@kw.com
W: Smann.kw.com
LIC#02025586
Each Office Independently Owned and Operated

TRANS-ALLIANCE TOGETHER WE SAVE
SAVE UPTO 24¢ PER GALLON ON DIESEL
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Loves


ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black
Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
PLAYSTATION Network
XBOX
FANDANGONOW

## ਸਾਨਫਰਾਂਸਿਸਕੋ ਵਿਚ ਮਹਾਨ ਨਗਰ ਕੀਰਤਨ 10 ਜੂਨ ਨੂੰ

**ਸਾਨਫਰਾਂਸਿਸਕੋ/ਬਿਊਰੋ ਨਿਊਜ਼ :** ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵੱਲੋਂ ਪਾਏ ਪੂਰਨਿਆਂ ਉਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਦੀ ਯਾਦ ਵਿਚ 10 ਜੂਨ ਨੂੰ ਸਾਨਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਕਰਵਾਇਆ ਜਾਵੇਗਾ। ਵਰਨਣਯੋਗ ਹੈ ਕਿ ਆਜ਼ਾਦੀ ਮਾਰਚ ਅਤੇ ਖੁਦਮੁਖ਼ਤਿਆਰੀ ਰੈਲੀ ਦੇ ਰੂਪ 'ਚ ਕੀਤੇ ਜਾਣ ਵਾਲੇ ਇਸ ਨਗਰ ਕੀਰਤਨ ਸਿੱਖ ਅਤੇ ਭਰਾਤਰੀ ਜਥੇਬੰਦੀਆਂ ਦੇ ਬੁਲਾਰੇ ਉਚੇਚਾ ਪਹੁੰਚ ਕੇ ਘੱਟ ਗਿਣਤੀਆਂ ਅਤੇ ਹੋਰਨਾਂ ਕੌਮਾਂ ਦੇ ਹੱਕਾਂ ਦੀ ਰਾਖੀ ਅਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਦੇ ਹਨ। ਇਸ ਸਮਾਗਮ ਦੀਆਂ ਕਰਤਾ ਧਰਤਾ ਸਮੂਹ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਅਤੇ ਕੈਲੀਫੋਰਨੀਆ ਦੀਆਂ ਪੰਥਕ ਜਥੇਬੰਦੀਆਂ ਨੇ ਸਮੂਹ ਸਿੱਖ ਸੰਗਤਾਂ ਨੂੰ ਲਗਰ ਕੀਰਤਨ ਵਿਚ ਹੁੰਮ-ਹੁੰਮਾ ਕੇ ਪਹੁੰਚਣ ਦਾ ਨਿੱਘਾ ਸੱਦਾ ਦਿਤਾ ਗਿਆ ਹੈ।

## ਲਾਸ ਏਂਜਲਸ ਵਿਖੇ 3 ਜੂਨ ਨੂੰ ਮਨਾਈ ਜਾਵੇਗੀ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 68ਵੀਂ ਬਰਸੀ

**ਲਾਸ ਏਂਜਲਸ/ਬਿਊਰੋ ਨਿਊਜ਼ :**
ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 68ਵੀਂ ਬਰਸੀ ਲਾਸ ਏਂਜਲਸ ਦੇ ਹਾਲੀਵੁੱਡ ਸਿੱਖ ਗੁਰਦੁਆਰਾ ਵਿਖੇ 3 ਜੂਨ ਨੂੰ ਬਹੁਤ ਹੀ ਧੂਮ-ਧਾਮ ਨਾਲ ਮਨਾਈ ਜਾਵੇਗੀ। ਇਸ ਬਾਰੇ ਜਾਣਕਾਰੀ ਦਿੰਦਿਆਂ ਸੇਵਾਦਾਰ ਸ. ਸੰਤੋਖ ਸਿੰਘ ਅਤੇ ਹਰਭਜਨ ਸਿੰਘ ਨੇ ਦੱਸਿਆ ਕਿ ਇਕ ਜੂਨ ਨੂੰ ਸ੍ਰੀ ਆਖੰਡਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ ਤਿੰਨ ਜੂਨ ਨੂੰ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ।



ਤਿੰਨੇ ਦਿਨ ਗੁਰੂ ਕਾ ਅਤੁੱਟ ਲੰਗਰ ਵਰਤੇਗਾ। ਕੀਰਤਨ ਦਰਬਾਰ ਵਿਚ ਸੰਗਤਾ ਦੇ ਸਨਮੁਖ ਹੋਣ ਵਾਲੇ ਜਥਿਆਂ ਵਿਚ ਭਾਈ ਭੁਪਿੰਦਰ ਸਿੰਘ ਰੰਗੀਲਾ ਚੰਡੀਗੜ੍ਹ, ਭਾਈ ਰਵਿੰਦਰ ਸਿੰਘ ਰਸੀਆ, ਹਜ਼ੂਰੀ ਰਾਗੀ ਭਾਈ ਮਨਜੀਤ ਸਿੰਘ ਅਤੇ ਭਾਈ ਅਜੀਤ ਸਿੰਘ ਪ੍ਰਮੁਖ ਤੌਰ 'ਤੇ ਸ਼ਾਮਲ ਹਨ।
ਸੇਵਾਦਾਰਾਂ ਵੱਲੋਂ ਸਾਰੀਆਂ ਸਿੱਖ ਸੰਗਤਾਂ ਨੂੰ ਇਸ ਮਹਾਨ ਸਮਾਗਮ ਵਿਚ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਉਣ ਦੀ ਅਪੀਲ ਕੀਤੀ ਗਈ ਹੈ।

## ਪਿਸ਼ਾਵਰ ਦੇ ਉਘੇ ਸਿੱਖ ਆਗੂ ਚਰਨਜੀਤ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ

**ਪਿਸ਼ਾਵਰ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਨਾਮੀ ਸਿੱਖ ਆਗੂ ਤੇ ਇਨਸਾਨੀ ਹੱਕਾਂ ਦੇ ਕਾਰਕੁਨ ਚਰਨਜੀਤ ਸਿੰਘ ਦਾ ਇਥੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ 52



ਸਾਲਾਂ ਦੇ ਚਰਨਜੀਤ ਸਿੰਘ ਨੂੰ ਪਿਸ਼ਾਵਰ ਦੇ ਬਾਹਰਵਾਰ ਸਕੀਮ ਚੌਕ ਇਲਾਕੇ ਵਿੱਚ ਸਥਿਤ ਉਨ੍ਹਾਂ ਦੀ ਦੁਕਾਨ ਵਿੱਚ ਗੋਲੀਆਂ ਮਾਰੀਆਂ ਗਈਆਂ। ਰੋਜ਼ਨਾਮਾ 'ਐਕਸਪ੍ਰੈਸ ਟ੍ਰਿਬਿਊਨ' ਨੇ ਪਿਸ਼ਾਵਰ ਦੇ ਐਸਪੀ ਸਦਰ ਸ਼ੌਕਤ ਖ਼ਾਨ ਦੇ ਹਵਾਲੇ ਨਾਲ ਕਿਹਾ, "ਇਕ ਹਮਲਾਵਰ ਚਰਨਜੀਤ ਸਿੰਘ ਨੂੰ ਉਸ ਦੀ ਦੁਕਾਨ ਵਿੱਚ ਗੋਲੀਆਂ ਮਾਰੀਆਂ ਤੇ ਫ਼ਰਾਰ ਹੋ ਗਿਆ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।" ਅਖ਼ਬਾਰ ਮੁਤਾਬਕ ਇਹ ਸਾਫ਼ ਨਹੀਂ ਹੋ ਸਕਿਆ ਕਿ ਇਹ ਹਮਲਾ ਅਚਾਨਕ ਕੀਤਾ ਗਿਆ ਜਾਂ ਗਿਣੀ-ਮਿਥੀ ਸਾਜ਼ਿਸ਼ ਦਾ ਸਿੱਟਾ ਸੀ। ਗ਼ੌਰਤਲਬ ਹੈ ਕਿ ਚਰਨਜੀਤ ਸਿੰਘ ਦਹਾਕਿਆਂ ਤੋਂ ਸੂਬਾ ਖ਼ੈਬਰ-ਪਖ਼ਤੂਨਖ਼ਵਾ (ਪੁਰਾਣਾ ਨਾਂ 'ਉਤਰ-ਪੱਛਮੀ ਸਰਹੱਦੀ ਸੂਬਾ') ਦੀ ਰਾਜਧਾਨੀ ਪਿਸ਼ਾਵਰ ਵਿੱਚ ਰਹਿ ਰਿਹਾ ਸੀ।

# ਬਾਦਲ ਸਰਕਾਰ ਨੇ ਜਾਂਦੇ-ਜਾਂਦੇ ਵਿਵਾਦਤ ਪੁਲੀਸ ਕਰਮਚਾਰੀ ਪਿੰਕੀ 'ਕੈਟ' ਨੂੰ ਦਿੱਤੀ ਵੱਡੀ ਰਾਹਤ

### *ਪਿੰਕੀ ਨੂੰ ਅਕਾਲੀਆਂ ਤੇ ਕਾਂਗਰਸੀਆਂ ਦਾ ਇਕੋ ਜਿਹਾ ਮਿਲਿਆ 'ਆਸ਼ੀਰਵਾਦ'*

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਪੁਲੀਸ ਦਾ ਵਿਵਾਦਤ 'ਇੰਸਪੈਕਟਰ' ਗੁਰਮੀਤ ਸਿੰਘ ਉਰਫ਼ ਪਿੰਕੀ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਸਰਕਾਰ ਦਾ ਅਸ਼ੀਰਵਾਦ ਹਾਸਲ ਕਰਕੇ ਵੱਡੀ ਰਾਹਤ ਹਾਸਲ ਕਰਨ ਵਿੱਚ ਕਾਮਯਾਬ ਹੋ ਗਿਆ ਹੈ। ਡੀਜੀਪੀ ਵੱਲੋਂ ਕੀਤੇ ਤਾਜ਼ਾ ਹੁਕਮਾਂ ਮੁਤਾਬਕ ਇਸ ਵਿਵਾਦਤ ਇੰਸਪੈਕਟਰ ਦੀ ਬਰਖ਼ਾਸਤਗੀ ਨੂੰ ਪਹਿਲਾਂ ਜਬਰੀ ਸੇਵਾ ਮੁਕਤੀ ਅਤੇ ਹੁਣ ਸਧਾਰਨ ਸੇਵਾ ਮੁਕਤੀ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਦੋਵਾਂ ਸਰਕਾਰਾਂ ਦੀ ਇਸ ਮਿਹਰਬਾਨੀ ਨਾਲ ਪਿੰਕੀ ਨੂੰ ਹੁਣ ਪੈਨਸ਼ਨ ਅਤੇ ਸੇਵਾ ਮੁਕਤੀ ਦੇ ਹੋਰ ਲਾਭ ਦਿੱਤੇ ਜਾ ਸਕਦੇ ਹਨ।

ਪੰਜਾਬ ਪੁਲੀਸ ਵੱਲੋਂ ਜਾਰੀ ਤਾਜ਼ਾ ਹੁਕਮਾਂ ਵਿੱਚ ਪਿੰਕੀ ਵੱਲੋਂ ਅਤਿਵਾਦ ਦੇ ਸਮੇਂ ਦੌਰਾਨ ਨਿਭਾਈਆਂ ਗਈਆਂ 'ਚੰਗੀਆਂ' ਸੇਵਾਵਾਂ ਦੇ ਮੱਦੇਨਜ਼ਰ ਅਪੀਲ ਮੰਨਦਿਆਂ ਰਾਹਤ ਦੇਣ ਦਾ ਦਾਅਵਾ ਕੀਤਾ ਗਿਆ ਹੈ। ਇਸ ਰਾਹਤ ਦਾ ਅਹਿਮ ਪਹਿਲੂ ਇਹ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਨਤੀਜਾ ਆਉਣ ਤੋਂ ਇੱਕ ਦਿਨ ਪਹਿਲਾਂ 9 ਮਾਰਚ, 2017 ਨੂੰ ਗੁਰਮੀਤ ਪਿੰਕੀ ਦੀ ਬਰਖ਼ਾਸਤਗੀ ਨੂੰ ਜਬਰੀ ਸੇਵਾ ਮੁਕਤੀ ਵਿੱਚ ਤਬਦੀਲ ਕੀਤਾ ਗਿਆ। 10 ਮਾਰਚ 2017 ਨੂੰ ਆਏ ਨਤੀਜਿਆਂ ਮਗਰੋਂ ਸੂਬੇ 'ਚ ਸੱਤਾ ਤਬਦੀਲੀ ਹੋ ਗਈ ਸੀ। ਇਸ ਤਰ੍ਹਾਂ ਨਾਲ ਬਾਦਲ ਸਰਕਾਰ ਨੇ ਆਪਣੇ ਅੰਤਲੇ ਦਿਨਾਂ ਦੌਰਾਨ ਇਸ ਵਿਵਾਦਤ ਪੁਲੀਸ ਕਰਮਚਾਰੀ ਨੂੰ ਵੱਡੀ ਰਾਹਤ ਦਿੱਤੀ। ਹੁਣ



ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਲੰਘੀ 16 ਮਈ ਨੂੰ ਨਵੇਂ ਹੁਕਮ ਜਾਰੀ ਕਰਦਿਆਂ ਪਿੰਕੀ ਨੂੰ ਸੇਵਾ ਮੁਕਤੀ ਤੇ ਪੈਨਸ਼ਨ ਦੇ ਲਾਭ ਲੈਣ ਦੇ ਯੋਗ ਬਣਾ ਦਿੱਤਾ ਹੈ।

ਪੰਜਾਬ ਪੁਲੀਸ ਵੱਲੋਂ ਜਾਰੀ ਤਿੰਨ ਪੰਨਿਆ ਦੇ ਹੁਕਮ ਵਿੱਚ ਪਹਿਲੇ ਹੀ ਸਫ਼ੇ 'ਤੇ ਜ਼ਿਕਰ ਕੀਤਾ ਗਿਆ ਹੈ ਕਿ ਗੁਰਮੀਤ ਸਿੰਘ ਪਿੰਕੀ ਹੈੱਡ ਕਾਂਸਟੇਬਲ ਨੰਬਰ 500/ਖੰਨਾ ਨੂੰ ਯਮੁਨਾਨਗਰ ਦੇ ਸੈਸ਼ਨ ਜੱਜ ਵੱਲੋਂ ਉਮਰ ਕੈਦ ਦੀ ਸਜ਼ਾ ਅਤੇ ਇੱਕ ਲੱਖ ਰੁਪਏ ਜੁਰਮਾਨਾ ਕੀਤਾ ਗਿਆ ਸੀ। ਇਨ੍ਹਾਂ ਅਦਾਲਤੀ ਹੁਕਮਾਂ ਦੇ ਮੱਦੇਨਜ਼ਰ ਰਾਜ ਸਰਕਾਰ ਨੇ 17 ਨਵੰਬਰ 2006 ਨੂੰ ਪਿੰਕੀ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਸੀ। ਹੁਕਮਾਂ 'ਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ ਲੁਧਿਆਣਾ ਰੇਂਜ ਦੇ ਡੀਆਈਜੀ ਨੇ 15 ਮਈ 2015 ਨੂੰ ਕੀਤੇ ਹੁਕਮਾਂ ਰਾਹੀਂ ਬਰਖ਼ਾਸਤਗੀ ਦੇ ਸਮੇਂ ਭਾਵ 17 ਨਵੰਬਰ 2006 ਤੋਂ ਬਾਅਦ ਦੇ ਸਮੇਂ ਨੂੰ ਡਿਊਟੀ ਨਾ ਦੇਣ ਦਾ ਸਮਾਂ ਮੰਨਦਿਆਂ ਨੌਕਰੀ 'ਤੇ ਬਹਾਲ ਕਰ ਦਿੱਤਾ ਸੀ। ਇਨ੍ਹਾਂ ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਪਿੰਕੀ ਨੂੰ ਗੈਰ ਡਿਊਟੀ ਸਮੇਂ ਦਾ ਕੋਈ ਵਿੱਤੀ ਲਾਭ ਨਹੀਂ ਮਿਲੇਗਾ। ਬਹਾਲੀ ਦੇ ਇਨ੍ਹਾਂ ਹੁਕਮਾਂ ਨੂੰ ਲੈ ਕੇ ਪਏ ਰੌਲੇ ਰੱਪੇ ਮਗਰੋਂ ਆਈਜੀ ਜ਼ੋਨਲ ਜਲੰਧਰ ਨੇ ਮਾਮਲੇ ਦੀ ਸਮੀਖਿਆ ਕੀਤੀ ਅਤੇ 20 ਮਈ 2017 ਨੂੰ ਹੀ ਆਈਜੀ ਨੇ ਡੀਆਈਜੀ ਵੱਲੋਂ ਕੀਤੇ ਹੁਕਮਾਂ ਨੂੰ ਰੱਦ ਕਰਦਿਆਂ ਪਿੰਕੀ ਨੂੰ ਮੁੜ ਬਰਖ਼ਾਸਤ ਕਰ ਦਿੱਤਾ। ਮਗਰੋਂ 9 ਮਾਰਚ 2017 ਨੂੰ ਕੀਤੇ ਹੁਕਮਾਂ ਮੁਤਾਬਕ ਪਿੰਕੀ

ਬਾਕੀ ਸਫ਼ਾ 32 'ਤੇ




ੴ ਸਤਿਗੁਰ ਪ੍ਰਸਾਦਿ।

ਜਨਮ ਮਰਨ ਦੁਹੂ ਮਹਿ ਨਾਹੀ ਜਨ ਪਰਉਪਕਾਰੀ ਆਏ ।।
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ।।

# ਹਾਲੀਵੁੱਡ ਸਿੱਖ ਗੁਰਦੁਆਰਾ, ਲਾਸ ਏਂਜਲਸ

**1966 N Vermont Ave. Los Angles CA-90027 Phone 323-665-7707**

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 68 ਵੀਂ ਬਰਸੀ



**ਸੰਤ ਪ੍ਰੇਮ ਸਿੰਘ ਸੇਵਾ ਸੋਸਾਇਟੀ ਅਤੇ ਹਾਲੀਵੁੱਡ ਸਿੱਖ ਗੁਰਦੁਆਰਾ ਸਾਹਿਬ ਦੀ ਸਾਰੀ ਕਮੇਟੀ ਦੇ ਸਹਿਯੋਗ ਨਾਲ**

**ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 68 ਵੀਂ ਬਰਸੀ**

**ਐਤਵਾਰ, ਜੂਨ 03, 2018**

**ਨੂੰ ਮਨਾਈ ਜਾ ਰਹੀ ਹੈ**

ਆਪ ਸਾਰੀਆਂ ਸੰਗਤਾਂ ਨੂੰ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜੀ ਦੀ ਬਰਸੀ ਉਤੇ ਹੁੰਮ ਹੁਮਾ ਕੇ ਪੁੱਜੋ ਅਤੇ ਜੀਵਨ ਸਫ਼ਲ ਕਰੋ ਜੀ।

ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਸਿੱਖ ਪੰਥ ਵਿੱਚ ਇਕ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਅੱਜ ਸਾਰਾ ਪੰਜਾਬ ਉਹਨਾਂ ਦੀ ਬਖ਼ਸ਼ਿਸ਼ ਸਦਕਾ ਹੀ ਸਾਰੇ ਸੰਸਾਰ ਵਿਚ ਉਜਵਲ ਇਤਿਹਾਸ ਸਿਰਜ ਰਿਹਾ ਹੈ।

### ਉਚੇਚੇ ਤੌਰ 'ਤੇ ਪਹੁੰਚ ਰਹੇ ਕੀਰਤਨੀ ਜਥੇ

ਭਾਈ ਭੁਪਿੰਦਰ ਸਿੰਘ ਰੰਗੀਲਾ, ਚੰਡੀਗੜ੍ਹ ਵਾਲੇ ਅਤੇ ਜਥਾ
ਭਾਈ ਰਵਿੰਦਰ ਸਿੰਘ ਰਸੀਆ ਅਤੇ ਜਥਾ
ਹਜ਼ੂਰੀ ਰਾਗੀ ਜਥਾ ਭਾਈ ਮਨਜੀਤ ਸਿੰਘ
ਭਾਈ ਅਜੀਤ ਸਿੰਘ ਅਤੇ ਜਥੇ ਤੋਂ ਇਲਾਵਾ
ਹੋਰ ਵੀ ਮਹਾਨ ਕੀਰਤਨੀ ਜਥੇ ਪਹੁੰਚ ਰਹੇ ਹਨ।

### ਪ੍ਰੋਗਰਾਮ ਦਾ ਵੇਰਵਾ :

**ਸ਼ੁੱਕਰਵਾਰ ਜੂਨ 01, 2018**
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ 09:30 ਵਜੇ ਸਵੇਰੇ

**ਐਤਵਾਰ ਜੂਨ 03, 2018**
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10:00 ਵਜੇ ਸਵੇਰੇ
ਉਪਰੰਤ ਆਸਾ ਦੀ ਵਾਰ ਜੀ ਦੇ ਕੀਰਤਨ ਅਤੇ ਕੀਰਤਨ ਦਰਬਾਰ ਸਜਾਏ ਜਾਣਗੇ।
ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਹੋਰ ਜਾਣਕਾਰੀ ਲਈ ਹੇਠ ਲਿਖੇ ਸੇਵਾਦਾਰਾਂ ਨਾਲ ਸੰਪਰਕ ਕਰੋ

ਗੁਰਦੁਆਰਾ ਸਾਹਿਬ ਫ਼ੋਨ ਨੰਬਰ : 323-665-7707, ਸ. ਸੰਤੋਖ ਸਿੰਘ 310-569-9506, ਸ. ਹਰਭਜਨ ਸਿੰਘ 818-486-6579

### ਸੇਵਾਦਾਰ ਸੰਤ ਬਾਬਾ ਪ੍ਰੇਮ ਸਿੰਘ ਸੇਵਾ ਸੁਸਾਇਟੀ

ਪਾਲ ਸਿੰਘ ਲੁਬਾਣਾ ਬ੍ਰਦਰ, ਸੁਰਜੀਤ ਸਿੰਘ ਬਾਵਾ ਅਤੇ ਬ੍ਰਦਰ, ਸਤਪਾਲ ਗੋਤਰਾ ਅਤੇ ਬ੍ਰਦਰ ਜਗਦੀਪ ਸਿੰਘ, ਸੰਤ ਸਿੰਘ ਅਤੇ ਬ੍ਰਦਰ, ਬਲੀ ਗੋਤਰਾ, ਗੁਰਬਚਨ ਸਿੰਘ ਮੁਲਤਾਨੀ, ਬਲਦੇਵ ਸਿੰਘ ਮੁਲਤਾਨੀ, ਨਿਰੰਜਨ ਸਿੰਘ, ਨਿਰਮਲ ਸਿੰਘ, ਫੌਜੀ ਕੁਲਵਿੰਦਰ ਸਿੰਘ ਮੁਲਤਾਨੀ, ਜਸਵਿੰਦਰ ਸਿੰਘ ਮੁਲਤਾਨੀ ਬ੍ਰਦਰ, ਜੋਗਿੰਦਰ ਸਿੰਘ, ਗੁਰਮੁਖ ਸਿੰਘ, ਸੁੱਚਾ ਸਿੰਘ, ਮਸਤਾਨ ਸਿੰਘ, ਤਜਿੰਦਰ ਸਿੰਘ ਖਲੀਲ ਐਂਡ ਬ੍ਰਦਰ, ਨਿਧਾਨ ਸਿੰਘ, ਅਮਰਦੀਪ ਸਿੰਘ ਜੌਨੀ, ਜੋਗਿੰਦਰ ਸਿੰਘ ਬਿੱਲਾ, ਅਜਮੇਰ ਸਿੰਘ, ਲਖਵੀਰ ਸਿੰਘ ਬ੍ਰਦਰ, ਜਗਜੀਤ ਸਿੰਘ ਗੋਤਰਾ, ਜਸਵਿੰਦਰ ਸਿੰਘ ਘੋਤੜਾ,ਬਲਕਾਰ ਸਿੰਘ, ਚਰਨਜੀਤ ਸਿੰਘ ਮੁਲਤਾਨੀ, ਪਰਮਜੀਤ ਸਿੰਘ ਮੁਲਤਾਨੀ ਬ੍ਰਦਰ, ਨਿਰਮਲ ਸਿੰਘ ਪਰਿਵਾਰ, ਰਨਜੀਤ ਸਿੰਘ ਬ੍ਰਦਰ, ਸੁਰਿੰਦਰ ਸਿੰਘ, ਪ੍ਰਕਾਸ਼ ਸਿੰਘ, ਮੇਹਰ ਸਿੰਘ, ਸੇਠੀ, ਅਮਰੀਕ ਸਿੰਘ, ਸੁਰਿੰਦਰ ਕੌਰ, ਜਸਵਿੰਦਰ ਸਿੰਘ, ਰੁਪਿੰਦਰ ਸਿੰਘ, ਅਮਰੀਕ ਸਿੰਘ ਰਸੀਆ, ਬਲਜਿੰਦਰ ਸਿੰਘ ਮੁਲਤਾਨੀ, ਮਨਜੀਤ ਸਿੰਘ ਖਲੀਲ, ਸੁਖਦੇਵ ਸਿੰਘ ਮੁਲਤਾਨੀ, ਗੁਰਮੀਤ ਸਿੰਘ ਮੁਲਤਾਨੀ, ਹਰਭਜਨ ਸਿੰਘ ਮੁਲਤਾਨੀ, ਰਵੀ ਸੇਠੀ, ਕਰਪਾਲ ਸਿੰਘ, ਜੰਗਸ਼ੇਰ ਸਿੰਘ, ਕਮਲਜੀਤ ਸਿੰਘ, ਸਤਨਾਮ ਸਿੰਘ, ਜਗਜੀਤ ਸਿੰਘ, ਮਨਜੀਤ ਸਿੰਘ ਬ੍ਰਦਰ, ਗੁਰਦੇਵ ਸਿੰਘ ਅਤੇ ਜਸਵਿੰਦਰ ਸਿੰਘ ਬਿੱਲਾ।

**Hollywood Sikh Temple, 1966 N, Vermont Ave, Los Angeles, CA 90027 (323-665-7707)**
www.hollywoodsikhtemple.com • Follow us on : Facebook

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਕੇਂਦਰੀ ਕਮੇਟੀ ਦਾ ਗਠਨ ਕਰਦਿਆਂ ਸੀਨੀਅਰ ਆਗੂਆਂ ਨੂੰ ਵੱਖ ਵੱਖ ਅਹੁਦਿਆਂ ਦੀ ਸੇਵਾ ਸੌਂਪੀ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਨੇ ਪਿਛਲੇ ਦਿਨੀਂ ਨਿਊਜਰਸੀ ਵਿੱਚ ਇਕ ਮੀਟਿੰਗ ਕਰਕੇ ਪਾਰਟੀ ਨੂੰਅਮਰੀਕਾ ਵਿੱਚ ਹੋਰ ਪ੍ਰਫੁੱਲਤ ਕਰਨ ਦੇ ਮਕਸਦ ਨੂੰ ਲੈ ਕੇ ਵਿਚਾਰਾਂ ਕੀਤੀਆਂ ਗਈਆਂ। ਜਿੱਥੇ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਵਿੱਚ ਹੋਰ ਯੂਨਿਟਾਂ ਖੋਲਣ ਤੇ ਚਰਚਾ ਕੀਤੀ ਗਈ ਉਥੇ ਹੀ ਪਾਰਟੀ ਦੀ ਕੇਂਦਰੀ ਕਮੇਟੀ (ਅਮਰੀਕਾ) ਬਨਾਉਣ ਦਾ ਐਲਾਨ ਕੀਤਾ ਗਿਆ। ਇਸ ਤੋਂ ਇਲਾਵਾ ਪਾਰਟੀ ਵਿੱਚ ਲੰਬੇ ਸਮੇਂ ਤੋਂ ਕੰਮ ਕਰਦੇ ਆ ਰਹੇ ਕੁਝ ਮੈਂਬਰਾਂ ਨੂੰ ਸੇਵਾਵਾਂ ਦਿੱਤੀਆਂ ਗਈਆਂ।ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿੱਚੋਂ ਪਹੁੰਚੇ ਪਾਰਟੀ ਮੈਂਬਰਾਂ ਨੇ ਜਿਥੇ ਅਮਰੀਕਾ ਦੀ ਸਮੁੱਚੀ ਸਿਨੀਅਰ ਲੀਡਰਸ਼ਿਪ ਵਿੱਚ ਆਪਣਾ ਭਰੋਸਾ ਪ੍ਰਗਟਾਇਆ ਉਥੇ ਹੀ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿੱਚ ਹਮੇਸ਼ਾਂ ਵਾਸਤੇ ਚਲਣ ਦਾ ਪ੍ਰਣ ਕੀਤਾ।

ਮੀਟਿੰਗ ਵਿੱਚ ਪਹੁੰਚੇ ਸਭ ਮੈਂਬਰਾਂ ਨੂੰ ਪਾਰਟੀ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਅਤੇ ਪਾਰਟੀ ਦੇ ਕਨਵੀਨਰ ਸ੍ਰ ਬੂਟਾ ਸਿੰਘ ਖੜੌਂਦ ਤੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ ਨੇ ਜੀ ਆਇਆਂ ਕਿਹਾ ਤੇ ਜਿਹੜੇ ਮੈਂਬਰਾਂ ਨੂੰ ਸੇਵਾਵਾਂ ਦਿਤੀਆਂ ਗਈਆਂ ਤੇ ਕੇਂਦਰੀ ਕਮੇਟੀ ਦੇ ਮੈਂਬਰ ਬਣਾਇਆ ਗਿਆ ਉਨਾਂ ਨਾਵਾਂ ਦਾ ਐਲਾਨ ਕੀਤਾ ਗਿਆ। ਜਿਨ੍ਹਾਂ ਮੈਂਬਰਾਂ ਨੂੰ ਸੇਵਾਵਾਂ ਦਿਤੀਆਂ ਗਈਆਂ ਉਨਾਂ ਵਿੱਚ ਸ੍ਰ.ਰੁਪਿੰਦਰ ਸਿੰਘ ਬਾਠ ਉਹਾਇਓ (ਸਕੱਤਰ ਜਨਰਲ), ਮੱਖਣ ਸਿੰਘ ਕਲੇਰ ਸ਼ਿਕਾਗੋ (ਜਨਰਲ ਸਕੱਤਰ), ਦਵਿੰਦਰ ਸਿੰਘ ਦਿਓ ਵਰਜੀਨੀਆ (ਜਨਰਲ ਸਕੱਤਰ), ਪਵਨ ਸਿੰਘ ਖਾਲਸਾ ਵਰਜੀਨੀਆ (ਮੀਤ ਪ੍ਰਧਾਨ), ਅਮਰਜੀਤ ਸਿੰਘ ਨਿਊਯਾਰਕ (ਮੀਤ ਪ੍ਰਧਾਨ), ਇੰਦਰਪਾਲ ਸਿੰਘ ਸਿਆਟਲ (ਮੀਤ ਪ੍ਰਧਾਨ), ਰਵਿੰਦਰ ਸਿੰਘ ਰਿੰਪੀ ਕੈਲੇਫੋਰਨੀਆ (ਮੀਤ ਪ੍ਰਧਾਨ), ਸਰਬਜੀਤ ਸਿੰਘ ਨਿਊਯਾਰਕ (ਮੀਡੀਆ ਐਡਵਾਈਜਰ ਤੇ ਚੀਫ ਸਪੋਕਸਮੈਨ) ਅਤੇ ਰਣਜੀਤ ਸਿੰਘ ਧਾਲੀਵਾਲ ਨਿਊਜਰਸੀ (ਕੈਸ਼ੀਅਰ) ਸ਼ਾਮਲ ਹਨ। ਅਮਰੀਕਾ ਯੂਨਿਟ ਦੀ ਐਲਾਨੀ ਗਈ ਕੇਂਦਰੀ ਕਮੇਟੀ ਵਿੱਚ ਬੂਟਾ ਸਿੰਘ ਖੜੌਂਦ (ਨਿਊਜਰਸੀ), ਸੁਰਜੀਤ ਸਿੰਘ ਕੁਲਾਰ (ਨਿਊਯਾਰਕ), ਜੀਤ ਸਿੰਘ ਆਲੋਅਰਖ(ਟੈਕਸਸ), ਰੁਪਿੰਦਰ ਸਿੰਘ ਬਾਠ( ਉਹਾਇਓ), ਮੱਖਣ ਸਿੰਘ ਕਲੇਰ (ਸ਼ਿਕਾਗੋ), ਦਵਿੰਦਰ ਸਿੰਘ ਦਿਓ (ਵਰਜੀਨੀਆ),ਪਵਨ ਸਿੰਘ ਖਾਲਸਾ (ਵਰਜੀਨੀਆ), ਅਮਰਜੀਤ ਸਿੰਘ (ਨਿਊਯਾਰਕ), ਇੰਦਰਪਾਲ ਸਿੰਘ (ਸਿਆਟਲ), ਰਵਿੰਦਰ ਸਿੰਘ ਰਿੰਪੀ (ਕੈਲੇਫੋਰਨੀਆ), ਸਰਬਜੀਤ ਸਿੰਘ (ਨਿਊਯਾਰਕ), ਰਣਜੀਤ ਸਿੰਘ ਧਾਲੀਵਾਲ (ਨਿਊਜਰਸੀ), ਸੁਰਿੰਦਰ ਸਿੰਘ (ਇੰਡੀਆਨਾ), ਸੁਖਵਿੰਦਰ ਸਿੰਘ ਗਿੱਲ (ਸ਼ਿਕਾਗੋ), ਦਲਬੀਰ ਸਿੰਘ ਚੀਮਾ (ਸ਼ਿਕਾਗੋ),ਬਾਬਾ ਅਮਰਜੀਤ ਸਿੰਘ (ਨਿਊਯਾਰਕ), ਸੁਰਿੰਦਰ ਸਿੰਘ (ਨਿਊਯਾਰਕ), ਲਖਵਿੰਦਰ ਸਿੰਘ (ਮਿਸ਼ੀਗਨ), ਰਮਿੰਦਰਜੀਤ ਸਿੰਘ ਮਿੰਟੂ (ਕੈਲੇਫੋਰਨੀਆ), ਇੰਦਰਜੀਤ ਸਿੰਘ (ਨਿਊਜਰਸੀ) ਅਤੇ ਦੀਪਇੰਦਰ ਸਿੰਘ ਮਾਨ (ਓਰੇਗਨ) ਨੂੰ ਲਿਆ ਗਿਆ।ਪਾਰਟੀ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਨੇ ਨਿਊਯਾਰਕ ਦੀ ਸਿੱਖ ਪਰੇਡ ਵਿੱਚ ਪਹੁੰਚਣ ਅਤੇ ਮੀਟਿੰਗ ਵਿਚ ਹਿੱਸਾ ਲੈਣ ਤੇ ਸਭ ਦਾ ਧੰਨਵਾਦ ਕੀਤਾ. ਵਿਸ਼ੇਸ਼ ਤੌਰ ਸਿੱਖ ਪਰੇਡ ਵਿੱਚ ਸ਼ਾਮਿਲ ਹੋਣ ਲਈ ਸ਼ਿਕਾਗੋ ਯੂਨਿਟ ਦੇ ਪ੍ਰਧਾਨ ਲੱਖਵੀਰ ਸਿੰਘ ਕੰਗ , ਕੈਲੇਫੋਰਨੀਆ ਯੂਨਿਟ ਦੇ ਪ੍ਰਧਾਨ ਤਰਸੇਮ ਸਿੰਘ ਟਲੈਰੀ, ਵਰਜੀਨੀਆ ਯੂਨਿਟ ਦੇ ਪ੍ਰਧਾਨ ਰੇਸ਼ਮ ਸਿੰਘ, ਨਿਊਜਰਸੀ ਯੂਨਿਟ ਦੇ ਪ੍ਰਧਾਨ ਜੋਗਾ ਸਿੰਘ ਪਹੁੰਚੇ। ਵੱਖ ਵੱਖ ਸਟੇਟਾਂ ਦੀਆਂ ਯੂਨਿਟਾਂ ਦੇ ਹੋਰ ਮੈਂਬਰਾਂ ਨੇ ਵੀ ਹਿੱਸਾ ਵੀ ਲਿਆ। ਇਸਤੋਂ ਇਲਾਵਾ ਮਨਦੀਪ ਸਿੰਘ ਯੂਥ ਪ੍ਰਧਾਨ ਅਮਰੀਕਾ, ਬਲਜੀਤ ਸਿੰਘ ਯੂਥ ਪ੍ਰਧਾਨ ਨਿਊਯਾਰਕ, ਕਰਨ ਸਿੰਘ ਨਿਊਯਾਰਕ, ਅਵਤਾਰ ਸਿੰਘ ਨਿਊਜਰਸੀ, ਦਲਬੀਰ ਸਿੰਘ ਚੀਮਾ ਸ਼ਿਕਾਗੋ, ਸੁਲੱਖਣ ਸਿੰਘ ਕੈਲੇਫੋਰਨੀਆਂ, ਗੁਰਜੀਤ ਸਿੰਘ ਝਾਮਪੁਰ ਕੈਲੇਫੋਰਨੀਆ, ਹਰਦੀਪ ਸਿੰਘ ਕੈਲੇਫੋਰਨੀਆ ਤੇ ਹੋਰ ਬਹੁਤ ਸਾਰੇ ਮੈਂਬਰਾਂ ਨੇ ਸ਼ੁਮੂਲੀਅਤ ਕੀਤੀ।



## ਆਡਾਨੀ ਦੇ ਹਸਪਤਾਲ ’ਚ 111 ਨਵਜੰਮੇ ਬੱਚਿਆਂ ਦੀ ਮੌਤ ਬਾਰੇ ਜਾਂਚ ਦਾ ਹੁਕਮ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਗੁਜਰਾਤ ਸਰਕਾਰ ਨੇ ਆਡਾਨੀ ਐਜੂਕੇਸ਼ਨ ਐਂਡ ਰਿਸਰਚ ਫਾਊਂਡੇਸ਼ਨ ਵੱਲੋਂ ਚਲਾਏ ਜਾ ਰਹੇ ਜੀ ਕੇ ਜਨਰਲ ਹਸਪਤਾਲ ਵਿੱਚ ਪਿਛਲੇ 5 ਮਹੀਨਿਆਂ ਅੰਦਰ 111 ਨਵਜੰਮੇ ਬੱਚਿਆਂ ਦੀ ਮੌਤ ਬਾਰੇ ਜਾਂਚ ਦਾ ਹੁਕਮ ਦਿੱਤਾ ਹੈ। ਹਸਪਤਾਲ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਕ 20 ਮਈ ਤਕ 2018 ਤੋਂ ਪਹਿਲਾਂ 5 ਮਹੀਨਿਆਂ ਵਿੱਚ 111 ਨਵਜੰਮੇ ਬੱਚਿਆਂ ਦੀ ਮੌਤ ਹੋਈ। ਅੰਕੜੇ ਗਿਣਾਉਂਦਿਆਂ ਹੋਇਆਂ ਹਸਪਤਾਲ ਦੇ ਪ੍ਰਸ਼ਾਸਨ ਨੇ ਇਨ੍ਹਾਂ ਬੱਚਿਆਂ ਦੀ ਮੌਤ ਦਾ ਕਾਰਨ ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਾਉਣ ‘ਚ ਹੋਈ ਦੇਰੀ ਤੇ ਕੁਪੋਸ਼ਣ ਦੱਸਿਆ ਹੈ। ਗੁਜਰਾਤ ਸਰਕਾਰ ਨੇ ਇਸ ਮਾਮਲੇ ਵਿਚ ਜਾਂਚ ਦਾ ਆਦੇਸ਼ ਦਿੰਦਿਆਂ ਮਾਹਿਰਾਂ ਦੀ ਇੱਕ ਟੀਮ ਗਠਿਤ ਕੀਤੀ ਹੈ। ਇਸ ਟੀਮ ਵੱਲੋਂ ਰਿਪੋਰਟ ਜਮ੍ਹਾ ਕਰਾਉਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਹਸਪਤਾਲ ਦੇ ਸੁਪਰਡੈਂਟ ਨੇ ਕਿਹਾ ਕਿ ਪਹਿਲੀ ਜਨਵਰੀ ਤੋਂ 20 ਮਈ ਤਕ 777 ਬੱਚਿਆਂ ਦਾ ਜਨਮ ਹੋਇਆ ਜਿਨ੍ਹਾਂ ਵਿੱਚੋਂ 111 ਦੀ ਮੌਤ ਹੋ ਗਈ। ਇਸ ਤੋਂ ਪਤਾ ਲੱਗਦਾ ਹੈ ਕਿ ਬੱਚਿਆਂ ਦੀ ਮੌਤ ਦਰ 14 ਫ਼ੀਸਦੀ ਹੈ।

## ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਤੀਜੇ ਘੱਲੂਘਾਰੇ ਦੀ ਯਾਦ ’ਚ ਸ਼ਹੀਦੀ ਸਮਾਗਮ 4 ਜੂਨ ਤੋਂ 10 ਜੂਨ ਤੱਕ

### *ਸ਼ਿਕਾਗੋ ’ਚ ਭਾਰਤੀ ਅੰਬੈਸੀ ਅਗੇ ਰੋਸ ਮੁਜ਼ਾਹਰਾ 8 ਜੂਨ ਸ਼ੁਕਰਵਾਰ ਨੂੰ*

**ਸ਼ਿਕਾਗੋ/ਮੱਖਣ ਸਿੰਘ ਕਲੇਰ:**

ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿੱਖੇ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਤੀਜੇ ਘੱਲੂਘਾਰੇ ਦੀ ਯਾਦ ਵਿੱਚ ਅਤੇ 1984 ਦੇ ਸੰਘਰਸ਼ ਵਿੱਚ ਸ਼ਹੀਦ ਹੋਏ ਸਮੂਹ ਸ਼ਹੀਦਾਂ ਦੀ ਯਾਦ ਵਿੱਚ 4 ਜੂਨ ਸੋਮਵਾਰ ਤੋਂ ਲੈ ਕੇ 10 ਜੂਨ ਐਤਵਾਰ ਤਕ ਸਮਾਗਮ ਕਰਵਾਏ ਜਾ ਰਹੇ ਹਨ ।ਜਿਸ ਵਿੱਚ ਵਿਸ਼ੇਸ਼ ਤੌਰਤੇ ਭਾਈ ਦਲਜੀਤ ਸਿੰਘ ਮਾਛੀਵਾੜੇ ਵਾਲਿਆਂ ਦਾ ਢਾਡੀ ਜਥਾ ਪਹੁੰਚ ਰਿਹਾ ਹੈ। 8 ਜੂਨ ਸ਼ੁਕਰਵਾਰ ਨੂੰ ਸਮੁੱਚੇ ਸ਼ਹੀਦਾਂ ਦੀ ਸਾਦ ਵਿੱਚ ਸ਼੍ਰੀ ਆਖੰਡਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਤੇ ਜਿੰਨਾਂ ਦੇ ਭੋਗ 10 ਜੂਨ ਐਤਵਾਰ ਸਵੇਰੇ ਪਾਏ ਜਾਣਗੇ ।ਇਸ ਤੋਂ ਇਲਾਵਾ 8 ਜੂਨ ਸ਼ੁਕਰਵਾਰ ਨੂੰ ਭਾਰਤ ਦੀ ਅੰਬੈਸੀ ਅਗੇ ਸ਼ਿਕਾਗੋ ਵਿਖੇ ਬਾਅਦ ਦੁਪਹਿਰ 2:00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 4:00 ਵਜੇ ਤੱਕ ਰੋਸ ਮੁਜਾਹਰਾ ਕੀਤਾ ਜਾਵੇਗਾ। ਗੁਰਦੁਆਰਾ ਸਾਹਿਬ ਤੋਂ ਦੁਪਹਿਰ 12:00 ਵਜੇ ਬੱਸ ਚਲੇਗੀ।

ਪ੍ਰਬੰਧਕ ਕਮੇਟੀ ਵਲੋਂ ਸ਼ਿਕਾਗੋ, ਇੰਡਿਆਨਾ, ਮਿਲਵਾਕੀ ਤੇ ਮਿਸ਼ੀਗਨ ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਰੋਸਮੁਜਾਹਰੇ ਵਿੱਚ ਪਹੁੰਚ ਕੇ ਆਪਣਾ ਰੋਸ ਪ੍ਰਗਟਾਓ ਤੇ ਆਪਣੇ ਹੱਕਾਂ ਲਈ ਇੱਕਜੁਟ ਹੋ ਕੇ ਅਵਾਜ ਬੁਲੰਦ ਕਰੋ।

ਸ਼ਹੀਦਾਂ ਦੀ ਯਾਦ ਵਿੱਚ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਵਿਸ਼ੇਸ਼ ਤੌਰ ਤੇ ਲਾਈ ਜਾਵੇਗੀ। 11 ਜੂਨ ਸੋਮਵਾਰ ਤੋਂ ਲੈ ਕੇ 1 ਜੁਲਾਈ ਐਤਵਾਰ ਤਕ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਾਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਜੀ ਆਪਣੇ ਜਥੇ ਸਮੇਤ ਕੀਰਤਨ ਦੇ ਰੂਪ ਵਿੱਚ ਸੰਗਤਾਂ ਨੂੰ ਗੁਰਬਾਣੀ ਸਰਵਣ ਕਰਵਾਉਣਗੇ। ਪ੍ਰਬੰਧਕਾਂ ਵਲੋਂ ਸੰਗਤਾਂ ਨੂੰ ਬੇਨਤੀ ਹੈ ਕੇ ਹਰ ਰੋਜ ਸ਼ਾਮਾਂ ਦੇ ਦੀਵਾਨਾਂ ਵਿੱਚ ਪਹੁੰਚ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।


Global Solution for Transportation

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)


Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address:
4646 Qantas Ln, Ste B14
Stockton CA 95206


Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com

When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

*ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਮੀਟਿੰਗ*

# ਬਹੁ-ਭਾਸ਼ੀ ਪਰਵਾਸੀ ਲੇਖਕਾਂ ਲਈ ਸਾਂਝਾ ਸਾਹਿਤਕ ਮੰਚ ਉਸਾਰਨ ਬਾਰੇ ਵਿਚਾਰਾਂ



**ਸਟਾਕਟਨ/ਬਿਊਰੋ ਨਿਊਜ਼:** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੇ ਐਤਵਾਰ ਪੈਟਰਸਨ ਵਿਖੇ ਇਕ ਸਾਹਿਤਕ ਬੈਠਕ ਕੀਤੀ। ਸਭਾ ਦੀ ਪ੍ਰਧਾਨਗੀ ਹਰਜਿੰਦਰ ਪੰਧੇਰ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਦੀ ਸ਼ੁਰੂਆਤ ਗੁਰਦਿਆਲ ਸਿੰਘ ਸੰਘਾ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਹੋਈ। ਸਭਾ ਵਲੋਂ ਉਲੀਕੇ ਪ੍ਰੋਗਰਾਮ ਅਨੁਸਾਰ ਬਹੁ-ਭਾਸ਼ੀ ( ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ ਤੇ ਹੋਰ) ਪਰਵਾਸੀ ਸਾਹਿਤਕਾਰਾਂ ਲਈ ਇੱਕ ਸਾਂਝਾ ਮੰਚ ਉਸਾਰਨ ਅਤੇ ਇਸ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਹਿੱਤ ਇਸ ਦੀਆਂ ਸੀਮਾਵਾਂ, ਸੰਭਾਵਨਾਵਾਂ ਅਤੇ ਹੋਰ ਮਹੱਤਵਪੂਰਨ ਪਹਿਲੂਆਂ ਬਾਰੇ ਸ਼ਾਮਲ ਮੈਂਬਰਾਂ ਵਲੋਂ ਦਲੀਲ ਭਰਪੂਰ ਵਿਚਾਰ ਪੇਸ਼ ਕਰਦਿਆਂ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਅੰਤ ਤੇ ਲਏ ਗਏ ਫੈਸਲੇ ਅਨੁਸਾਰ ਬਹੁ-ਭਾਸ਼ੀ ਪਰਵਾਸੀ ਲੇਖਕਾਂ ਦੀਆਂ ਵੱਖ ਵੱਖ ਸੰਸਥਾਵਾਂ ਦੇ ਪ੍ਰਤੀਨਿਧੀਆਂ, ਸਾਹਿਤ ਪ੍ਰੇਮੀਆਂ ਅਤੇ ਵਿਦਵਾਨ ਸੱਜਣਾਂ ਨਾਲ ਸੰਪਰਕ ਕਰਨ ਲਈ ਦੋ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿਚ ਹਰਜਿੰਦਰ ਪੰਧੇਰ ਅਤੇ ਤਾਰਾ ਸਿੰਘ ਸਾਗਰ ਨੂੰ ਸ਼ਾਮਲ ਕੀਤਾ ਗਿਆ।

ਦੂਸਰੇ ਭਾਗ ਦੌਰਾਨ ਸਭ ਤੋਂ ਪਹਿਲਾਂ ਸੁਰਿੰਦਰ ਸੋਹਲ ਦਾ ਲਿਖਿਆ ਰੀਵਿਊ ਲੇਖ: "ਪ੍ਰੋ. ਹਰਭਜਨ ਸਿੰਘ ਦਾ ਕਹਾਣੀ-ਸੰਗ੍ਰਹਿ: 'ਰੂਹ 'ਤੇ ਉਕਰੇ ਚਿੱਤਰ' ਪੜ੍ਹਦਿਆਂ" ਮਨਦੀਪ ਗੋਰਾ ਨੇ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹ ਕੇ ਸੁਣਾਇਆ।

ਰਵਨੀਤ ਹਠੂਰ ਨੇ ਔਰਤ ਦੇ ਸਨਮਾਨ ਲਈ ਰੂੜੀਵਾਦੀ ਸਾਮੰਤੀ ਸੰਸਕਾਰਾਂ ਤੋਂ ਮੁਕੰਮਲ ਆਜ਼ਾਦੀ ਦੀ ਜ਼ਰੂਰਤ ਬਾਰੇ ਆਪਣਾ ਖ਼ੂਬਸੂਰਤ ਲੇਖ ਪੜ੍ਹ ਕੇ ਸੁਣਾਇਆ। ਗੁਰਪ੍ਰੀਤ ਕੌਰ ਨੇ ਔਰਤ ਪ੍ਰਤੀ ਚਲੇ ਆ ਰਹੇ ਪਿੱਤਰ-ਪੁਰਖੀ ਵਿਤਕਰੇ ਦੀਆਂ ਮਿਸਾਲਾਂ ਦਿੰਦਿਆਂ, ਲੜਕੀ ਦੀ ਪੈਦਾਇਸ਼ ਵੇਲੇ ਹੁੰਦੀ ਪਰੰਪਰਾਗਤ ਬੇਕਦਰੀ ਅਤੇ ਲੜਕੀ ਨੂੰ ਜੰਮਣ ਹੀ ਨਾ ਦੇਣ ਦੇ ਅਮਾਨਵੀ ਪ੍ਰਚਲਨ ਦੀ ਨਿਖੇਧੀ ਕੀਤੀ। ਫਿਰ ਹਰਜੀਤ ਹਠੂਰ, ਪ੍ਰੋ. ਹਰਭਜਨ ਸਿੰਘ, ਮਨਦੀਪ ਗੋਰਾ, ਤਾਰਾ ਸਾਗਰ ਨੇ ਆਪਣੀਆਂ ਨਵ-ਰਚਿਤ ਕਾਵਿ ਰਚਨਾਵਾਂ ਸੁਣਾਈਆਂ। ਪ੍ਰਿੰਸੀਪਲ ਹਰਨੇਕ ਸਿੰਘ ਅਤੇ ਹਰਜੀਤ ਹਠੂਰ ਨੇ ਦੋ-ਦੋ ਮਿੰਨੀ ਕਹਾਣੀਆਂ ਪੇਸ਼ ਕੀਤੀਆਂ, ਜਿਨ੍ਹਾਂ ਨੂੰ ਸਰੋਤਿਆਂ ਨੇ ਭਰਪੂਰ ਦਾਦ ਦਿੱਤੀ।

ਅੰਤ ਵਿਚ ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਹਰਮੁਹਿੰਦਰ ਚਹਿਲ ਵੱਲੋਂ ਸੰਪਾਦਨਾ ਆਧੀਨ ਅਮਰੀਕੀ ਪੰਜਾਬੀ ਕਹਾਣੀ ਸੰਗ੍ਰਹਿ ਲਈ, ਜਿਨ੍ਹਾਂ ਕਹਾਣੀਕਾਰਾਂ ਨੇ ਰਚਨਾਵਾਂ ਨਹੀਂ ਭੇਜੀਆਂ, ਉਨ੍ਹਾਂ ਨੂੰ ਸੰਪਾਦਕੀ ਬੋਰਡ ਵੱਲੋਂ ਜਿੰਨੀ ਛੇਤੀ ਸੰਭਵ ਹੋਵੇ ਆਪਣੀਆਂ ਅਣ-ਪ੍ਰਕਾਸ਼ਿਤ ਕਹਾਣੀਆਂ ਭੇਜਣ ਦੀ ਅਪੀਲ ਕੀਤੀ ਗਈ। ਸਰੋਤਿਆਂ 'ਚ ਰਾਜ ਕੁਮਾਰੀ, ਸਾਦਿਕਾ ਅਤੇ ਡਾ. ਸਤਵਿੰਦਰ ਸਿੰਘ ਹਾਜ਼ਰ ਸਨ।

# ਇੰਡੋ ਅਮੈਰਿਕਨ ਕਲੱਬ ਸੈਕਰਾਮੈਂਟੋ ਵੱਲੋਂ ਪ੍ਰੋ. ਚੰਦੂਮਾਜਰਾ ਦਾ ਭਰਵਾਂ ਸਵਾਗਤ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਇੰਡੋ ਅਮੈਰਿਕਨ ਕਲੱਬ ਸੈਕਰਾਮੈਂਟੋ ਵਲੋਂ ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੀ ਇਥੇ ਆਮਦ 'ਤੇ ਇਕ ਸਵਾਗਤੀ ਸਮਾਗਮ ਉੱਘੇ ਅਕਾਲੀ ਆਗੂ ਹਰਬੰਸ ਸਿੰਘ ਪੰਮਾ ਦੀ ਪ੍ਰਧਾਨਗੀ ਹੇਠ ਵਲੇਮਿੰਗੋ ਬੈਂਕੁਇਟ ਹਾਲ ਸੈਕਰਾਮੈਂਟੋ ਵਿਖੇ ਕਰਵਾਇਆ ਗਿਆ। ਇਸ ਮੌਕੇ ਕਲੱਬ ਦੇ ਅਹੁਦੇਦਾਰਾਂ ਵਲੋਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਇੱਕੀਵੀਂ ਸਦੀ ਦੇ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਵੱਡੇ ਭਰਾ ਭਾਈ ਸਾਹਿਬ ਕੈਪਟਨ ਹਰਚਰਨ ਸਿੰਘ ਰੋਡੇ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿਚ ਪਹੁੰਚੇ। ਉਹਨਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਸਿੱਖਾਂ ਦੀ ਇਕੋ ਇਕ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੀ ਹੈ ਅਤੇ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ। ਸਾਨੂੰ ਇਨ੍ਹਾਂ ਦੀ ਰਹਿਨੁਮਾਈ ਹੇਠ ਡਟ ਕੇ ਸਹਿਯੋਗ ਦੇਣਾ ਚਾਹੀਦਾ ਹੈ।

ਇਸ ਸਮਾਗਮ ਵਿਚ ਨਰਿੰਦਰਪਾਲ ਸਿੰਘ ਹੁੰਦਲ ਪ੍ਰਧਾਨ ਇੰਡੋ ਅਮੈਰਿਕਨ ਕਲੱਬ ਸੈਕਰਾਮੈਂਟੋ, ਵਿਨੈ ਵੋਹਰਾ, ਨਿਕਸਨ ਔਜਲਾ, ਕੁਲਦੀਪ ਸਿੰਘ ਜੋਧਾਂਵਾਲਾ, ਪ੍ਰੋ. ਮੁਖਤਾਰ ਸਿੰਘ ਗਿੱਲ, ਲਖਵਿੰਦਰ ਸਿੰਘ ਲੱਖੀ, ਦਲਜੀਤ ਸਿੰਘ ਸੰਧੂ, ਸੁਖਵਿੰਦਰ ਸਿੰਘ ਸੰਘੇੜਾ, ਸੋਨੂੰ ਹੁੰਦਲ, ਰੌਣਕ ਸਿੰਘ ਲਾਸ ਏਂਜਲਸ, ਦਲਜੀਤ ਸਿੰਘ ਢੰਡਾ, ਜਗਜੀਤ ਸਿੰਘ ਰੰਧਾਵਾ, ਸ਼ ਤੁੰਗ, ਜਰਨੈਲ ਸਿੰਘ ਰੱਕੜ, ਕਰਨੈਲ ਸਿੰਘ ਰੱਕੜ, ਜਰਨੈਲ ਸਿੰਘ ਰੰਧਾਵਾ, ਅਜੀਤ ਸਿੰਘ ਸਾਬਕਾ ਸਰਪੰਚ ਸਿੰਬਲ ਮਜਾਰਾ, ਜਰਨੈਲ ਸਿੰਘ ਸਾਬਕਾ ਸਰਪੰਚ ਦੌਲਤਪੁਰ, ਸੁਰਜੀਤ ਸਿੰਘ ਸਾਬਕਾ ਸਰਪੰਚ ਦਿਆਲਾਂ, ਬਲਵੰਤ ਸਿੰਘ ਬਾਂਕਾ, ਗੁਰਬਿੰਦਰ ਸਿੰਘ ਤੂਰ, ਗੁਰਦੀਪ ਸਿੰਘ ਸਬਾਜਪੁਰ, ਕਮਲ ਬੰਗਾ, ਰੂਬੀ ਬੈਂਸ, ਕਰਨੈਲ ਸਿੰਘ ਸੈਣੀ, ਪ੍ਰਿਤਪਾਲ ਸਿੰਘ ਝਾਵਰ, ਜਨਕ ਰਾਜ ਸਿਧਰਾ, ਸੁਰਿੰਦਰ ਸਿੰਘ ਬਿੰਦਰਾ ਪ੍ਰਧਾਨ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਕੈਨੀ ਵਿਰਕ, ਰਿਕ ਵਿਰਕ, ਗੁਰਚਰਨ ਸਿੰਘ ਬਸਰਾ, ਗੁਰਚਰਨ ਸਿੰਘ ਖਹਿਰਾ, ਪਰਮਜੀਤ ਸਿੰਘ ਖਹਿਰਾ, ਹਰਜੀਤ ਸਿੰਘ ਸਵੈਚ, ਗੁਰਦੁਆਰਾ ਸੱਚਖੰਡ ਦਰਬਾਰ ਵਲੋਂ ਸ. ਬਰਾੜ, ਕਸ਼ਮੀਰ ਸਿੰਘ ਮੋਰਾਂਵਾਲੀ, ਸੁਖਦੇਵ ਸਿੰਘ ਗਿੱਲ ਗੋਬਿੰਦਪੁਰ, ਮਾਸਟਰ ਪ੍ਰੇਮ ਦਾਸ ਕਲੇਰ ਗੋਬਿੰਦਪੁਰ, ਲਖਤਾਰ ਸਿੰਘ ਪੱਡਾ, ਸੁਖਦੇਵ ਸਿੰਘ ਸੇਖੋਂ, ਜੋਗਿੰਦਰ ਸਿੰਘ ਨਾਹਲ ਅਕਾਲੀ ਆਗੂ ਅਤੇ ਮੋਹਤਬਰ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਬੋਲਦਿਆਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਉਹਨਾਂ ਨੂੰ ਬੜੀ ਖ਼ੁਸ਼ੀ ਹੈ ਕਿ ਸੈਕਰਾਮੈਂਟੋ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਰਕਰ ਅਤੇ ਅਹੁਦੇਦਾਰ ਚੜ੍ਹਦੀਕਲਾ ਵਿਚ ਹਨ ਅਤੇ ਹਰ ਸਿਆਸੀ ਜੰਗ ਲਈ ਤਿਆਰ ਬਰ ਤਿਆਰ ਹਨ। ਉਹਨਾਂ ਕਿਹਾ ਕਿ ਮੈਂ ਵਰਕਰਾਂ ਨੂੰ ਇਹ ਯਕੀਨ ਦੁਆਉਂਦਾ ਹਾਂ ਕਿ ਜੇਕਰ ਤੁਹਾਡਾ ਹੌਂਸਲਾ ਇਸੇ ਤਰ੍ਹਾਂ ਬੁਲੰਦ ਰਿਹਾ ਤਾਂ ਅਕਾਲੀ ਦਲ ਬਾਦਲ ਨੂੰ ਫਿਰ ਦੁਬਾਰਾ ਸੱਤਾ ਵਿਚ ਆਉਣ ਤੋਂ ਕੋਈ ਨਹੀਂ ਰੋਕ ਸਕੇਗਾ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਾਰੀ ਲੀਡਰਸ਼ਿਪ ਪਰਵਾਸੀ ਵਰਕਰਾਂ ਅਤੇ ਆਗੂਆਂ ਦੇ ਸੰਪਰਕ ਵਿਚ ਹੈ ਅਤੇ ਹਰ ਤਰ੍ਹਾਂ ਦੇ ਸੁਝਾਵਾਂ ਦਾ ਸਵਾਗਤ ਕਰਦੀ ਹੈ।

## ਅਕਾਲੀ ਦਲ ਹਰਿਆਣਾ 'ਚ ਚੋਣਾਂ ਲੜੇਗਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਹਰਿਆਣਾ ਦੇ ਸਿੱਖਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੰਦਿਆਂ ਐਲਾਨ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਵਿੱਖ ਵਿੱਚ ਹਰਿਆਣਾ ਵਿੱਚ ਆਜ਼ਾਦ ਤੌਰ 'ਤੇ ਚੋਣਾਂ ਲੜੀਆਂ ਜਾਣਗੀਆਂ। ਉਹ ਇੱਥੇ ਹਰਿਆਣਾ ਦੇ ਯਮੁਨਾਨਗਰ ਵਿੱਚ ਕਿਲ੍ਹਾ ਲੋਹਗੜ੍ਹ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੁੱਜੇ ਸਨ। ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਥਾਪਿਤ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਕਿਲ੍ਹਾ ਲੋਹਗੜ੍ਹ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਸਮਾਗਮ ਕਰਾਇਆ ਗਿਆ ਸੀ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205



ਆਸਟਰੇਲੀਆ ਦੇ ਸਾਬਕਾ ਕ੍ਰਿਕੇਟਰ ਬ੍ਰੈੱਟ ਲੀ ਦੇ ਦਸਤਾਰ ਸਜਾ ਰਿਹਾ ਇਕ ਨੌਜਵਾਨ। ਬ੍ਰੈੱਟ ਲੀ ਨੇ ਅੰਮ੍ਰਿਤਸਰ 'ਚ ਬੀਤੇ ਦਿਨੀਂ ਗੁਰੂ ਰਾਮਦਾਸ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਵਿਚ ਸੁਣਨ ਸ਼ਕਤੀ ਤੋਂ ਵਾਂਝੇ ਬੱਚਿਆਂ ਦੇ ਇਲਾਜ ਲਈ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ। ਸਾਬਕਾ ਕ੍ਰਿਕਟਰ ਨੂੰ ਕਾਕਲੀਅਰ ਪ੍ਰਣਾਲੀ ਵਾਸਤੇ ਆਲਮੀ ਅੰਬੈਸਡਰ ਬਣਾਇਆ ਗਿਆ ਹੈ।

# ਅਮਰੀਕਾ ਦੌਰੇ 'ਤੇ ਆਏ ਪਟਿਆਲਾ ਦੇ ਮੇਅਰ ਸੰਜੀਵ ਸ਼ਰਮਾ ਦਾ ਸ਼ਾਨਦਾਰ ਸਵਾਗਤ

## *ਅਮਰੀਕੀ ਪ੍ਰਬੰਧ ਦੀਆਂ ਚੰਗੀਆਂ ਗੱਲਾਂ ਪੰਜਾਬ 'ਚ ਲਾਗੂ ਕਰਨ ਦਾ ਯਤਨ ਕਰਾਂਗੇ : ਸੰਜੀਵ ਸ਼ਰਮਾ*

**ਸੈਕਰਾਮੈਂਟੋ/ਬਿਊਰੋ ਨਿਊਜ਼ :** ਅਮਰੀਕਾ ਦੇ ਦੌਰੇ 'ਤੇ ਆਏ ਪਟਿਆਲਾ ਨਗਰ ਨਿਗਮ ਦੇ ਮੇਅਰ ਸੰਜੀਵ ਸ਼ਰਮਾ (ਬਿੱਟੂ) ਦਾ ਇਥੇ ਪੁੱਜਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਉਹ ਸੈਕਰਾਮੈਂਟੋ ਸਥਿਤ ਅਸੰਬਲੀ ਵਿਚ ਵੀ ਗਏ ਜਿਥੇ ਉਨ੍ਹਾਂ ਦਾ ਵਿਧਾਇਕ ਐਡਮ ਗਰੇਅ ਦੇ ਦਫ਼ਤਰ ਵਿਚ ਸਨਮਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਮੈਂ ਨਿੱਜੀ ਦੌਰੇ 'ਤੇ ਇਥੇ ਆਇਆ ਹਾਂ। ਮੈਂ ਚਹੁੰਦਾ ਹਾਂ ਕਿ ਅਮਰੀਕਾ ਦੇ ਸ਼ਹਿਰਾਂ ਵਿਚ ਚਲ ਰਹੇ ਪ੍ਰਬੰਧ ਨੂੰ ਵੇਖਾਂ। ਇਸ ਵਿਚਲੀਆਂ ਚੰਗੀਆਂ ਗੱਲਾਂ ਬਾਰੇ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਨੂੰ ਪਟਿਆਲਾ ਨਗਰ ਨਿਗਮ ਵਿਚ ਵੀ ਲਾਗੂ ਕਰਾਂ। ਮੈਂ ਇਸ ਸਬੰਧੀ ਪੰਜਾਬ ਦੇ ਹੋਰ ਸ਼ਹਿਰਾਂ ਦੇ ਮੇਅਰਾਂ ਨਾਲ ਵੀ ਵਿਚਾਰ ਵਟਾਂਦਰਾ ਕਰਾਂਗਾ।

ਉਨ੍ਹਾਂ ਨੇ ਪ੍ਰਵਾਸੀ ਪੰਜਾਬੀਆਂ ਵੱਲੋਂ ਕੀਤੀ ਤਰੱਕੀ ਉਪਰ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਅਮਰੀਕਾ ਵਿਚ ਆ ਕੇ ਸਾਡੇ ਵੀਰਾਂ ਨੇ ਸਫ਼ਲਤਾ ਦੇ ਝੰਡੇ ਗੱਡੇ ਹਨ। ਉਨ੍ਹਾਂ ਨੇ ਪ੍ਰਵਾਸੀਆਂ ਨੂੰ ਕਿਹਾ ਕਿ ਉਹ ਪੰਜਾਬ ਦੇ ਵਿਕਾਸ ਵਿਚ ਯੋਗਦਾਨ ਪਾਉਣ ਲਈ ਵੀ ਅੱਗੇ ਆਉਣ। ਇਸ ਮੌਕੇ ਉਨ੍ਹਾਂ ਨਾਲ ਗੁਰਵੰਤ ਸਿੰਘ ਪੰਨੂ ਪ੍ਰਧਾਨ ਓਵਰਸੀਜ਼ ਕਾਂਗਰਸ (ਆਈ) ਕੈਲੀਫੋਰਨੀਆ ਤੇ ਬੂਟਾ ਸਿੰਘ ਬਾਸੀ ਮੁੱਖ ਸੰਪਾਦਕ ਸਾਂਝੀ ਸੋਚ ਵੀ ਸਨ।




ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



CIS
CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES



Rosy (Kanwal) Kaur
Immigration Consultant / LDA

CALL FOR FREE INITIAL CONSULTATION !

Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com

# ਭਾਰਤ 'ਚ ਭਗਵੀਂਆਂ ਭੀੜਾਂ ਦੀ ਦਹਿਸ਼ਤ

**-ਬਲਵਿੰਦਰਪਾਲ ਸਿੰਘ**

ਭਾਰਤ ਵਿਚ ਭਗਵੀਂਆਂ ਭੀੜਾਂ ਦੀ ਦਹਿਸ਼ਤ ਹੈ। ਲੋਕ ਮਨੁੱਖਤਾ ਨੂੰ ਭੁੱਲ ਕੇ ਦਰਿੰਦੇ ਬਣ ਚੁੱਕੇ ਹਨ, ਜੋ ਦਰਿੰਦੇ ਬਣ ਚੁੱਕੇ ਹਨ, ਅੱਜਕੱਲ੍ਹ ਉਨ੍ਹਾਂ ਨੂੰ ਭਗਵੇਂ ਅੱਤਵਾਦੀ ਕਿਹਾ ਜਾ ਰਿਹਾ ਹੈ। ਇਹ ਲੋਕ ਮਨੋਰੋਗੀ ਹਨ, ਜੋ ਲੋਕਾਂ ਨੂੰ ਧਮਕਾਉਣ ਦੀ ਤਾਕਤ ਦੇ ਅਹਿਸਾਸ ਦਾ ਅਨੰਦ ਲੈਂਦੇ ਹਨ। ਜਦ ਕਿਸੇ ਇਨਸਾਨ ਦੀ ਜ਼ਿੰਦਗੀ ਤੇ ਸੰਕਟ ਆਇਆ ਹੋਵੇ ਤੇ ਉਹ ਪੱਥਰ ਦੀ ਮੂਰਤ ਵਾਂਗ ਚੁੱਪ ਹੋ ਜਾਵੇ ਤਾਂ ਸਮਝੋ ਕਿ ਤੁਸੀਂ ਜ਼ਿਆਦਾ ਸੰਕਟ ਵਿਚ ਹੋ। ਇਹ ਕਿੰਝ ਸੰਭਵ ਹੈ ਕਿ ਟੀਵੀ ਦੇ ਇਕ ਐਂਕਰ ਨੂੰ ਭਾਰਤ ਦੇ ਸਭ ਤੋਂ ਸੰਗਠਿਤ ਅਪਰਾਧਿਕ ਗਿਰੋਹ ਦੇ ਮੈਂਬਰਾਂ ਦੁਆਰਾ ਖੁੱਲ੍ਹੇਆਮ ਜਾਨ ਤੋਂ ਮਾਰ ਦੇਣ ਦੀ ਧਮਕੀ ਦਿੱਤੀ ਜਾ ਰਹੀ ਹੈ। ਦੂਸਰੇ ਪਾਸੇ ਇਕ ਪੱਤਰਕਾਰ ਬੀਬੀ ਰਾਣਾ ਅਯੂਬ ਨੂੰ ਸਮੂਹਿਕ ਬਲਾਤਕਾਰ ਅਤੇ ਘਸੀਟ ਕੇ ਜਾਨ ਤੋਂ ਮਾਰ ਦੇਣ ਦੀ ਗੱਲਾਂ ਕੀਤੀਆਂ ਜਾ ਰਹੀਆਂ ਹਨ। ਜੇਕਰ ਅਜਿਹਾ ਹੈ ਤਾਂ ਤੁਸੀਂ ਕਿਸ ਸਮਾਜ ਵਿਚ ਰਹਿ ਰਹੇ ਹੋ ? ਕੀ ਤੁਸੀਂ ਆਜ਼ਾਦ ਹੋ ? ਜੇ ਅਜ਼ਾਦ ਹੋ ਤਾਂ ਮੌਨ ਕਿਉਂ ਹੋ ? ਮੋਦੀ ਤੇ ਸ਼ਾਹ ਨੂੰ ਇਹ ਸਮੱਸਿਆ ਦਿਖਾਈ ਨਹੀਂ ਦਿੰਦੀ, ਇਸ ਲਈ ਉਹ ਇਸ ਬਾਰੇ ਚੁੱਪ ਹਨ। ਉਨ੍ਹਾਂ ਦਾ ਇਹ ਮੌਨ ਇਸ ਹਿੰਸਕ ਭੀੜ ਦੀ ਸਹਿਮਤੀ ਦਰਸਾਉਂਦਾ । ਇਹ ਕਿੰਝ ਸੰਭਵ ਹੈ ਕਿ ਦੇਸ ਦਾ ਪ੍ਰਧਾਨ ਮੰਤਰੀ ਅਪਰਾਧੀਆਂ ਨਾਲ ਖੜਾ ਦਿਖਾਈ ਦੇਵੇ ? ਅੱਜ ਸੀਨੀਅਰ ਪੱਤਰਕਾਰ ਰਵੀਸ਼ ਜਾਂ ਜਾਂਬਾਜ਼ ਪੱਤਰਕਾਰ ਰਾਣਾ ਅਯੂਬ ਦੇ ਨਾਲ




ਜੋ ਹੋ ਰਿਹਾ ਹੈ, ਉਹ ਤੁਹਾਡੇ ਨਾਲ ਨਹੀਂ ਹੋਇਆ। ਕਾਰਨ ਇਹ ਹੋ ਸਕਦਾ ਹੈ ਕਿ ਤੁਸੀਂ ਜਾ ਤਾਂ ਜ਼ੁਲਮ ਦੇ ਖਿਲਾਫ਼ ਦ੍ਰਿੜ੍ਹਤਾ ਨਾਲ ਅਵਾਜ਼ ਨਹੀਂ ਉਠਾ ਰਹੇ ਤੇ ਮਨੁੱਖੀ ਅਧਿਕਾਰਾਂ ਲਈ ਸੋਚਣਾ ਬੰਦ ਕਰ ਦਿੱਤਾ ਤੇ ਤੁਹਾਡੇ ਸਾਰੀ ਜ਼ਿੰਦਗੀ ਨਿੱਜੀ ਹਿੱਤਾਂ ਨੂੰ ਸਮਰਪਿਤ ਹੈ ਜਾਂ ਫਿਰ ਅਪਰਾਧੀਆਂ ਦੀ ਨਜ਼ਰ ਤੁਹਾਡੇ 'ਤੇ ਨਹੀਂ ਗਈ। ਕੀ ਤੁਸੀਂ ਕਦੇ ਇਹ ਸੁਣਿਆ ਹੈ ਕਿ ਅਰੁਣਵ ਗੋਸਵਾਮੀ, ਸੁਧੀਰ ਚੌਧਰੀ, ਨਵਿਕਾ ਕੁਮਾਰ, ਰਜਤ ਸ਼ਰਮਾ, ਦੀਪਕ ਚੌਰਸੀਆ ਨੂੰ ਕਿਸੇ ਸੱਤਾਧਾਰੀ ਪਾਰਟੀ ਦੇ ਨੇਤਾ ਜਾਂ ਉਸ ਦੇ ਸਹਿਯੋਗ ਨਾਲ ਪਲਣ ਵਾਲੇ ਕਿਸੇ ਅਪਰਾਧੀਆਂ ਨੇ ਦੇਖ ਲੈਣ ਜਾਂ ਮਾਰ ਦੇਣ ਦੀ ਧਮਕੀ ਦਿੱਤੀ ਹੋਵੇ। ਇਸ ਦਾ ਕਾਰਨ ਸਿਰਫ਼ ਇਕ ਹੈ ਕਿ ਇਹ ਜੋ ਪੱਤਰਕਾਰ ਹਨ, ਉਹ ਸੱਤਾ ਅਤੇ ਸੱਤਾਧਾਰੀਆਂ ਦੀ ਹਰ ਗੱਲ ਨਾਲ ਸਹਿਮਤ ਹਨ ਤੇ ਰਾਸ਼ਟਰਵਾਦ ਉਸ ਪ੍ਰਸੰਗ ਵਿਚ ਪਰੋਸਦੇ ਹਨ, ਜਿਸ ਨਾਲ ਹਿੰਸਕ ਭੀੜਾਂ ਸਹਿਮਤ ਹੁੰਦੀਆਂ ਹਨ। ਜਦ ਕਿ ਰਵੀਸ਼ ਕੁਮਾਰ, ਰਾਣਾ ਅਯੂਬ ਤੇ ਉਨ੍ਹਾਂ ਵਰਗੇ ਪੱਤਰਕਾਰ ਸ਼ਕਤੀਸ਼ਾਲੀ ਸਿਆਸਤਦਾਨਾਂ ਦੀਆਂ ਮਨੁੱਖਤਾ ਤੇ ਸਮਾਜ ਵਿਰੋਧੀ ਕਾਰਗੁਜ਼ਾਰੀਆਂ ਨੂੰ ਜਨਤਾ ਨਾਲ ਰੂ-ਬ-ਰੂ ਕਰਾਉਂਦੇ ਹਿੰਦੇ ਹਨ। ਰਵੀਸ਼ ਤੇ ਰਾਣਾ ਨੂੰ ਮਾਰਨ ਦੀ ਧਮਕੀ ਸਿਰਫ਼ ਰਵੀਸ਼ ਨੂੰ ਨਹੀਂ ਦਿੱਤੀ ਗਈ, ਬਲਕਿ ਇਹ ਧਮਕੀ ਪੱਤਰਕਾਰੀ ਦੀ ਅਜ਼ਾਦੀ ਨੂੰ ਦਿੱਤੀ ਗਈ ਹੈ। ਅਪਰਾਧੀਆਂ ਦਾ ਇਹ ਸੰਦੇਸ਼ ਵੀ ਸਾਫ਼ ਹੈ ਕਿ ਜੇਕਰ ਰਵੀਸ਼ ਕੁਮਾਰ ਤੇ ਰਾਣਾ ਅਯੂਬ ਨੂੰ ਅਸੀਂ ਸ਼ਾਂਤ ਕਰ ਸਕਦੇ ਹਾਂ ਤੇ ਤੁਹਾਡੀ ਕੀ ਔਕਾਤ ਹੈ ? ਰਵੀਸ਼ ਜਿਸ ਪੱਧਰ ਦੀ ਅਜ਼ਾਦਾਨਾ ਢੰਗ ਨਾਲ, ਦ੍ਰਿੜ੍ਹਤਾ ਨਾਲ ਸੱਚ ਦੀ ਪੱਤਰਕਾਰੀ ਕਰ ਰਿਹਾ ਹੈ ਉਸ ਤੋਂ ਭਗਵੇਂਵਾਦੀਆਂ ਤੇ ਭ੍ਰਿਸ਼ਟ ਤਾਕਤਾਂ ਨੂੰ ਡਰ ਆਉਂਦਾ । ਇਸੇ ਡਰ ਵਿਚੋਂ ਉਨ੍ਹਾਂ ਦੀ ਇਹ ਹਿੰਸਾ ਤੇ ਹਿੰਸਕ ਸ਼ਬਦ ਬਾਹਰ ਆਉਂਦੇ ਨ। ਜਿਨ੍ਹਾਂ ਕੋਲ ਵਿਚਾਰ ਹੁੰਦੇ ਹਨ, ਉਹ ਹਿੰਸਾ ਵਲ ਨਹੀਂ ਤੁਰਦੇ, ਪਰ ਜੋ ਵਿਚਾਰਾਂ ਤੋਂ ਡਰਦੇ ਹਨ, ਉਹ ਹਿੰਸਕ ਹੁੰਦੇ ਹਨ ਤੇ ਆਪਣੀ ਨ਼ਫਰਤ ਨਾਲ ਸਮਾਜ ਨੂੰ ਬਰਬਾਦ ਕਰਦੇ ਹਨ। ਅਸਲ ਵਿਚ ਇਹ ਲੋਕ ਮਾਨਸਿਕ ਤੌਰ 'ਤੇ ਪਾਗਲ ਹੁੰਦੇ ਹਨ। ਇਹੋ ਜਿਹੇ ਲੋਕ ਤੁਸੀਂ ਹਰੇਕ ਸਮਾਜ, ਸੱਤਾਧਾਰੀ ਲੋਕਾਂ ਤੇ ਹਰੇਕ ਧਰਮ ਵਿਚ ਦੇਖ ਸਕਦੇ ਹੋ। ਇਹ ਧਮਕੀਆਂ ਮਨੁੱਖੀ ਅਜ਼ਾਦੀ ਨੂੰ ਦਬਾਉਣ ਦੀ ਸਾਜ਼ਿਸ਼ ਹਨ। ਕੀ ਇਨ੍ਹਾਂ ਧਮਕੀਆਂ ਬਾਰੇ ਸਾਨੂੰ ਨੋਟਿਸ ਨਹੀਂ ਲੈਣਾ ਚਾਹੀਦਾ ? ਕੀ ਸਾਨੂੰ ਚੁੱਪ ਰਹਿਣਾ ਚਾਹੀਦਾ ਹੈ ? ਜਿਹੋ ਜਿਹਾ ਮਾਹੌਲ ਭਗਵੇਂਵਾਦੀਆਂ ਵਲੋਂ ਦੇਸ਼ ਤੇ ਸਮਾਜ ਦਾ ਬਣਾਇਆ ਗਿਆ ਹੈ ਤਾਂ ਕੱਲ੍ਹ ਨੂੰ ਇਸੇ ਮਾਹੌਲ ਦਾ ਸ਼ਿਕਾਰ ਤੁਸੀਂ ਵੀ ਹੋ ਸਕਦੇ ਹੋ। ਤੁਹਾਡੀ ਇਹ ਚੁੱਪ ਤੁਹਾਨੂੰ ਕੁਝ ਦੇਰ ਦੇ ਲਈ ਰਾਹਤ ਤੇ ਦੇ ਸਕਦੀ ਹੈ, ਪਰ ਤੁਹਾਡੀ ਇਹ ਚੁੱਪ ਤੁਹਾਡੀ ਮਨੁੱਖੀ ਅਜ਼ਾਦੀ ਨੂੰ ਖਤਮ ਕਰਕੇ ਰੱਖ ਦੇਵੇਗੀ। ਇਹ ਕਹਾਵਤ ਪੁਰਾਣੀ ਹੋ ਗਈ ਹੈ ਕਿ 'ਡਾਇਨ ਇਕ ਘਰ ਛੱਡ ਦੇਵੇਗੀ'। ਇਹ ਹਿੰਸਕ ਡਾਇਨ ਬਹੁਤ ਖਤਰਨਾਕ ਹੈ। ਇਹ ਤੁਹਾਨੂੰ ਸਭ ਨੂੰ ਖਤਮ ਕਰ ਦੇਵੇਗੀ। ਬਸ ਵਾਹਿਗੁਰੂ ਦਾ ਸ਼ੁਕਰ ਕਰੋ, ਇਸ ਦੀ ਨਜ਼ਰ ਤੁਹਾਡੇ 'ਤੇ ਨਹੀਂ ਪਈ।

# ਸਾਧ ਸ਼੍ਰੀ ਸ਼੍ਰੀ ਰਵੀਸ਼ੰਕਰ ਭਗਵੇਂ ਰਾਸ਼ਟਰਵਾਦੀਆਂ ਦੀ ਬਣਿਆ ਕੱਠਪੁਤਲੀ

- **ਰਾਮ ਮੰਦਿਰ ਦੇ ਫਾਰਮੂਲੇ ਪਿੱਛੇ ਆਰ ਐਸ ਐਸ ਦੀ ਨੀਤੀ ਸਰਗਰਮ**
- **ਬਹੁਗਿਣਤੀ ਮੁਸਲਮਾਨ ਭਾਈਚਾਰੇ ਨੇ ਸਾਧ ਨੂੰ ਟਿੱਚ ਜਾਣਿਆ**

**ਲਖਨਊ/ਬਿਊਰੋ ਨਿਊਜ਼:** ਆਰਟ ਆਫ ਲਿਵਿੰਗ ਫਾਊਂਡੇਸ਼ਨ ਦੇ ਸੰਸਥਾਪਕ ਸ਼੍ਰੀ ਸ਼੍ਰੀ ਰਵੀ ਸ਼ੰਕਰ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਬਾਬਰੀ ਮਸਜਿਦ/ਰਾਮ ਜਨਮ ਭੂਮੀ ਦੇ ਵਿਵਾਦ ਦਾ ਹੱਲ ਅਦਾਲਤ ਦੀ ਬਜਾਏ ਇਸ ਤੋਂ ਬਾਹਰ ਕੱਢਿਆ ਜਾਣਾ ਚਾਹੀਦਾ ਹੈ। 62 ਸਾਲਾਂ ਦੇ ਯੋਗ ਗੁਰੂ ਅਦਾਲਤ ਦੇ ਬਾਹਰ ਪੱਖਾਂ ਦੇ ਵਿਚਾਲੇ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਦੇ ਸਿਲਸਿਲੇ ਵਿੱਚ ਹਿੰਦੂ ਤੇ ਮੁਸਲਮਾਨ ਆਗੂਆਂ ਨਾਲ ਮਿਲਦੇ ਰਹੇ ਹਨ। ਉਹ ਭਗਵੇਂ ਰਾਸ਼ਟਰਵਾਦੀਆਂ ਦੀ ਕੱਠਪੁਤਲੀ ਬਣ ਕੇ ਆਪਣੀ ਭੂਮਿਕਾ ਨਿਭਾ ਰਹੇ ਹਨ। ਬੰਗਲੁਰੂ ਦੇ ਨੇੜੇ ਆਪਣੇ ਆਸ਼ਰਮ ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਕਿ ਮੁਸਲਿਮ ਭਾਈਚਾਰੇ ਦੇ 500 ਮਜ਼ਬੀ ਆਗੂਆਂ ਤੇ ਬੁੱਧੀਜੀਵੀਆਂ ਨਾਲ ਮੁਲਾਕਾਤ ਕੀਤੀ ਹੈ, ਜੋ ਉਨ੍ਹਾਂ ਦੇ ਸੁਝਾਅ ਨਾਲ ਸਹਿਮਤ ਹਨ ਪਰ ਮੁਕੱਦਮੇ ਦੇ ਇੱਕ ਖ਼ਾਸ ਪੱਖ ਸੁੰਨੀ ਵਕਫ਼ ਬੋਰਡ ਦਾ ਹਮੇਸ਼ਾ ਤੋਂ ਤਰਕ ਰਿਹਾ ਹੈ ਕਿ ਉਹ ਕੇਵਲ ਅਦਾਲਤ ਦੇ ਫ਼ੈਸਲੇ ਨੂੰ ਹੀ ਸਵੀਕਾਰ ਕਰੇਗਾ। ਅਯੁੱਧਿਆ ਵਿੱਚ ਬਾਬਰੀ ਮਸਜਿਦ 6 ਦਸੰਬਰ 1992 ਨੂੰ ਢਾਹੀ ਗਈ ਸੀ। ਹਿੰਦੂ ਭਾਈਚਾਰੇ ਅਨੁਸਾਰ ਜਿੱਥੇ ਬਾਬਰੀ ਮਸਜਿਦ ਖੜ੍ਹੀ ਸੀ, ਉੱਥੇ ਭਗਵਾਨ ਰਾਮ ਦਾ ਜਨਮ ਸਥਾਨ ਹੈ।

ਇਹ ਵਿਵਾਦ 1949 ਤੋਂ ਚੱਲਿਆ ਆ ਰਿਹਾ ਹੈ। ਹੁਣ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਇੰਤਜ਼ਾਰ ਹੈ। ਇਸ ਮੁੱਦੇ 'ਤੇ ਫਿਲਹਾਲ ਸੁਪਰੀਮ ਕੋਰਟ ਵਿੱਚ ਇਲਾਹਾਬਾਦ ਹਾਈ ਕੋਰਟ ਦੇ 2010 ਦੇ ਫ਼ੈਸਲੇ ਖ਼ਿਲਾਫ਼ ਚਾਰ ਸਿਵਿਲ ਸੂਟ ਵਿੱਚ ਦਾਇਰ 13 ਅਪੀਲਾਂ ਦੀ ਸੁਣਵਾਈ ਚੱਲ ਰਹੀ ਹੈ।

ਇਸ ਮਾਮਲੇ ਨੂੰਦੀ ਤਿੰਨ ਜੱਜਾਂ ਦੀ ਬੈਂਚ ਸੁਣਵਾਈ ਕਰ ਰਹੀ ਹੈ ਜਿਸ ਵਿੱਚ ਚੀਫ ਜਸਟਿਸ ਦੀਪਕ ਮਿਸ਼ਰਾ ਅਤੇ ਜੱਜ ਅਸ਼ੋਕ ਭੂਸ਼ਣ ਅਤੇ ਅਬਦੁੱਲ ਨਾਜ਼ਿਰ ਸ਼ਾਮਲ ਹਨ। ਸਮਝਿਆ ਜਾਂਦਾ ਹੈ ਕਿ ਅਕਤੂਬਰ ਵਿੱਚ ਆਪਣੀ ਰਿਟਾਇਰਮੈਂਟ ਤੋਂ ਪਹਿਲਾਂ ਚੀਫ ਜਸਟਿਸ ਦੀਪਕ ਮਿਸ਼ਰਾ ਇਹ ਫ਼ੈਸਲਾ ਸੁਣਾ ਸਕਦੇ ਹਨ। ਪਰ ਸ਼੍ਰੀ ਸ਼੍ਰੀ ਰਵੀ ਸ਼ੰਕਰ ਅਨੁਸਾਰ ਅਦਾਲਤ ਦਾ ਫੈਸਲਾ ਦਿਲਾਂ ਨੂੰ ਨਹੀਂ ਜੋੜ ਸਕਦਾ। ਸ਼੍ਰੀ ਸ਼੍ਰੀ ਰਵੀ ਸ਼ੰਕਰ ਦਾ ਸੁਝਾਅ ਇਹ ਹੈ ਕਿ ਮੁਸਲਮਾਨ ਭਾਈਚਾਰਾ ਰਾਮ ਮੰਦਿਰ 'ਤੇ ਆਪਣਾ ਦਾਅਵਾ ਤਿਆਗ ਦੇਵੇ ਅਤੇ ਇਸਦੇ ਬਦਲੇ ਉਨ੍ਹਾਂ ਨੂੰ ਅਯੁੱਧਿਆ ਵਿੱਚ ਮਸਜਿਦ ਬਣਾਉਣ ਦੇ ਲਈ ਪੰਜ ਏਕੜ ਜ਼ਮੀਨ ਦਿੱਤੀ ਜਾਵੇ। ਮੁਸਲਮਾਨਾਂ ਦਾ ਸ਼ੀਆ ਵਕਫ਼ ਬੋਰਡ ਇਸ ਸੁਝਾਅ ਦੇ ਪੱਖ ਵਿੱਚ ਹੈ। ਸੁਪਰੀਮ ਕੋਰਟ



ਦੇ ਅਨੁਸਾਰ ਬਾਬਰੀ ਮਸਜਿਦ-ਰਾਮ ਜਨਮ ਭੂਮੀ ਵਿਵਾਦ ਦੇ ਮੁਕੱਦਮੇ ਦੀ ਸੁਣਵਾਈ ਭੂਮੀ ਵਿਵਾਦ ਵਾਂਗ ਹੀ ਕੀਤੀ ਜਾ ਰਹੀ ਹੈ।

ਪਿਛਲੇ ਸਾਲ ਉਹ ਅਯੁੱਧਿਆ ਮਾਮਲੇ ਵਿੱਚ ਸੁਲਹ-ਸਫਾਈ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਉਹ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਉਹ ਵਿਚੋਲੇ ਦੀ ਭੂਮਿਕਾ ਨਿਭਾ ਰਹੇ ਹਨ ਪਰ ਉਨ੍ਹਾਂ ਦੇ ਅਨੁਸਾਰ ਇਸ ਕੰਮ ਵਿੱਚ ਉਨ੍ਹਾਂ ਦਾ ਸਰਕਾਰ ਨਾਲ ਕੋਈ ਸੰਬੰਧ ਨਹੀਂ ਹੈ। ਮੁਸਲਿਮ ਭਾਈਚਾਰੇ ਵਿੱਚ ਇਹ ਧਾਰਨਾ ਵੀ ਹੈ ਕਿ ਸ਼੍ਰੀ ਸ਼੍ਰੀ ਰਵੀ ਸ਼ੰਕਰ ਮੁਕੱਦਮੇ ਨਾਲ ਜੁੜੇ ਹਿੰਦੂ ਪੱਖ ਦੇ ਨਾਲ ਹਨ ਤੇ ਰਵੀ ਸ਼ੰਕਰ ਇਸ ਗੱਲ ਨੂੰ ਨਕਾਰਦੇ ਹਨ। ਉਹ ਕਹਿੰਦੇ ਹਨ, "ਇਹ ਉਨ੍ਹਾਂ ਦੀ ਗਲਤਫਹਿਮੀ ਹੈ। ਅਸੀਂ ਤਾਂ ਦੇਸ ਦੀ ਸ਼ਾਂਤੀ ਦੇ ਪੱਖ ਵਿੱਚ ਹਾਂ। ਨਿਰਪੱਖ ਹਾਂ।"

ਮੁਸਲਿਮ ਭਾਈਚਾਰੇ ਵਿੱਚ ਕਈ ਲੋਕ ਉਨ੍ਹਾਂ ਨੂੰ ਭਾਜਪਾ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਕਰੀਬੀ ਹੋਣ ਦਾ ਦਾਅਵਾ ਕਰਦੇ ਹਨ ਅਤੇ ਇਸ ਲਈ ਉਹ ਉਨ੍ਹਾਂ ਨੂੰ ਨਿਰਪੱਖ ਨਹੀਂ ਮੰਨਦੇ ਹਨ। ਭਾਜਪਾ ਦੇ ਹਰ ਚੋਣ ਮਨੋਰਥ ਪੱਤਰ ਵਿੱਚ ਰਾਮ ਮੰਦਿਰ ਦਾ ਨਿਰਮਾਣ ਦਾ ਵਾਅਦਾ ਕੀਤਾ ਜਾਂਦਾ ਹੈ। ਦੂਜੇ ਪਾਸੇ ਸ਼੍ਰੀ ਸ਼੍ਰੀ ਰਵੀਸ਼ੰਕਰ ਦੀਆਂ ਕੋਸ਼ਿਸ਼ਾਂ ਤੋਂ ਇਲਾਵਾ ਮਸਜਿਦ-ਮੰਦਿਰ ਵਿਵਾਦ ਨੂੰ ਸੁਲਝਾਉਣ ਦੇ ਲਈ ਕਈ ਸੁਝਾਅ ਸਾਹਮਣੇ ਆਉਂਦੇ ਰਹੇ ਹਨ। ਇੱਕ ਸੁਝਾਅ ਇਹ ਵੀ ਹੈ ਕਿ ਵਿਵਾਦਿਤ ਢਾਂਚੇ ਨੂੰ ਮਿਊਜ਼ੀਅਮ ਵਿੱਚ ਬਦਲਿਆ ਜਾਵੇ ਤਾਂ ਕੀ ਯੋਗ ਗੁਰੂ ਕਿਸੇ ਅਜਿਹੇ ਸੁਝਾਅ ਦੀ ਹਮਾਇਤ ਕਰਨਗੇ ਜਿਸ ਵਿੱਚ ਨਾ ਮੰਦਰ ਹੋਵੇ ਅਤੇ ਨਾ ਮਸਜਿਦ ਦੀ ਨਿਰਮਾਣ ਦੀ ਗੱਲ ? ਉਹ ਕਹਿੰਦੇ ਹਨ, "ਵੇਖੋ ਸਾਨੂੰ ਪ੍ਰੈਕਟੀਕਲ ਸੋਚਣਾ ਹੋਵੇਗਾ। ਉੱਥੇ ਅਜੇ ਮੰਦਰ ਹੈ। ਮਸਜਿਦ ਕਿੱਥੇ ਹੈ ? ਉੱਥੇ ਅਜੇ ਰਾਮ ਲੱਲਾ ਜੀ ਬੈਠੇ ਹਨ। ਕਰੋੜਾਂ ਲੋਕਾਂ ਦੀ ਆਸਥਾ ਇਸ ਨਾਲ ਜੁੜੀ ਹੋਈ ਹੈ, ਕੀ ਇਸਦਾ ਸਨਮਾਨ ਨਹੀਂ ਕਰਨਾ ਚਾਹੀਦਾ ?"

ਮੁਸਲਿਮ ਭਾਈਚਾਰੇ ਵਿੱਚ ਕਈ ਲੋਕ ਉਨ੍ਹਾਂ ਦੇ ਸੁਝਾਅ ਨੂੰ ਮੰਨਣ ਦੇ ਲਈ ਸ਼ਾਇਦ ਤਿਆਰ ਹੋਣ ਪਰ ਉਨ੍ਹਾਂ ਨੂੰ ਡਰ ਇਸ ਗੱਲ ਦਾ ਲੱਗਦਾ ਹੈ ਕਿ ਬਾਬਰੀ ਮਸਜਿਦ ਦੇ ਦਿੱਤੀ ਤਾਂ ਉਨ੍ਹਾਂ ਤੋਂ ਕਾਸ਼ੀ ਵਿਸ਼ਵਨਾਥ ਅਤੇ ਮਥੁਰਾ ਵਿੱਚ ਵਿਵਾਦਿਤ ਧਾਰਮਿਕ ਸਥਾਨਾਂ ਨੂੰ ਦੇਣ ਦੀ ਮੰਗ ਵੀ ਕੀਤੀ ਜਾ ਸਕਦੀ ਹੈ।

ਉਸ ਬਾਰੇ ਸ਼੍ਰੀ ਸ਼੍ਰੀ ਕਹਿੰਦੇ ਹਨ, "ਇਹ ਅਸੀਂ ਵੀ ਸੁਣਿਆ ਹੈ। ਇੱਕ ਮਾਮਲਾ ਤਾਂ ਤੁਸੀਂ ਠੀਕ ਕਰੋ ਇਸ ਨਾਲ ਤੁਸੀਂ ਗੁਡਵਿੱਲ ਹਾਸਿਲ ਕਰੋਗੇ।" ਉਹ ਕਹਿੰਦੇ ਹਨ ਇਸ ਨੂੰ ਕਰਨ ਨਾਲ ਜੋ ਫਾਇਦਾ ਹੈ ਅਤੇ ਨਾ ਕਰਨ ਨਾਲ ਜੋ ਨੁਕਸਾਨ ਹੈ ਉਸ ਦਾ ਅੰਦਾਜ਼ਾ ਲਾ ਕੇ ਸਾਨੂੰ ਫੈਸਲਾ ਕਰਨਾ ਪਵੇਗਾ।

ਪਰ ਕੀ ਅਧਿਆਤਮਕ ਗੁਰੂ ਇਸ ਗੱਲ ਦੀ ਗਾਰੰਟੀ ਦੇਣ ਨੂੰ ਤਿਆਰ ਹਨ ਕਿ ਮੁਸਲਿਮ ਭਾਈਚਾਰੇ ਤੋਂ ਬਾਬਰੀ ਮਸਜਿਦ ਤੋਂ ਬਾਅਦ ਮਥੁਰਾ ਅਤੇ ਕਾਸ਼ੀ ਦੀਆਂ ਦੋ ਮਸਜਿਦਾਂ ਤੋਂ ਦਾਅਵਾ ਛੱਡਣ ਲਈ ਨਹੀਂ ਕਿਹਾ ਜਾਵੇਗਾ ਜਿਸ ਦਾ ਉਨ੍ਹਾਂ ਨੂੰ ਡਰ ਹੈ। ਉਨ੍ਹਾਂ ਅਨੁਸਾਰ ਉਨ੍ਹਾਂ ਤੋਂ ਗਾਰੰਟੀ ਮੰਗਣਾ ਵੀ ਸਹੀ ਨਹੀਂ ਹੋਵੇਗਾ। ਹਾਂ ਉਹ ਇਹ ਸਵੀਕਾਰ ਕਰਦੇ ਹਨ ਕਿ ਉਹ ਮੰਗ ਦੇ ਖਿਲਾਫ ਹੋਣਗੇ। "ਮੈਂ ਉਨ੍ਹਾਂ ਦੇ ਸਮਰਥਨ ਵਿੱਚ ਨਹੀਂ ਹਾਂ।"

# ਸੰਘ ਦੇ ਚਹੇਤੇ ਫੌਜੀ ਮੇਜਰ ਗੋਗੋਈ ਦੇ ਕੋਰਟ ਆਫ਼ ਇਨਕੁਆਰੀ ਦੇ ਹੁਕਮ

**ਸ੍ਰੀਨਗਰ/ਬਿਊਰੋ ਨਿਊਜ਼ :** ਫ਼ੌਜ ਨੇ ਮੇਜਰ ਨਿਤਿਨ ਲੀਤੁਲ ਗੋਗੋਈ ਖ਼ਿਲਾਫ਼ ਕੋਰਟ ਆਫ਼ ਇਨਕੁਆਰੀ ਦੇ ਹੁਕਮ ਦਿੱਤੇ ਹਨ, ਜਿਨ੍ਹਾਂ ਨੂੰ ਪਿਛਲੇ ਦਿਨੀਂ ਪੁਲੀਸ ਨੇ ਇਕ ਹੋਟਲ ਵਿੱਚ ਝਗੜਾ ਕਰਨ ਦੇ ਦੋਸ਼ ਹੇਠ ਹਿਰਾਸਤ ਵਿੱਚ ਲਿਆ ਸੀ। ਇਹ ਵਿਵਾਦ ਉਦੋਂ ਪੈਦਾ ਹੋਇਆ ਜਦੋਂ ਮੇਜਰ ਗੋਗੋਈ ਇਕ 18 ਸਾਲਾ ਮੁਟਿਆਰ ਨੂੰ ਹੋਟਲ ਵਿੱਚ ਲਿਜਾਣ ਦੀ ਕੋਸ਼ਿਸ਼ ਕਰ ਰਹੇ ਸਨ।

ਇਸ ਤੋਂ ਪਹਿਲਾਂ ਪਹਿਲਗਾਮ ਵਿੱਚ ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨੇ ਕਿਹਾ ਕਿ ਜੇ ਮੇਜਰ ਗੋਗੋਈ 'ਕਿਸੇ ਜੁਰਮ ਵਿੱਚ' ਦੋਸ਼ੀ ਪਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ। ਇਸ ਤੋਂ ਫ਼ੌਰੀ ਬਾਅਦ ਉਨ੍ਹਾਂ ਖ਼ਿਲਾਫ਼ ਕੋਰਟ ਆਫ਼ ਇਨਕੁਆਰੀ ਦੇ ਹੁਕਮ ਜਾਰੀ ਕਰ ਦਿੱਤੇ ਗਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਫ਼ੌਜ ਦੇ ਇਕ ਅਧਿਕਾਰੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੀ ਕੋਈ ਵੀ ਕਾਰਵਾਈ ਜਾਂਚ ਰਿਪੋਰਟ ਦੇ ਆਧਾਰ ਉਤੇ ਕੀਤੀ ਜਾਵੇਗੀ।ਜੰਮੂ-ਕਸ਼ਮੀਰ ਪੁਲੀਸ ਵੱਲੋਂ ਵੀ 23 ਮਈ ਦੀ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ, ਜਦੋਂ ਮੇਜਰ ਗੋਗੋਈ ਤੇ ਉਨ੍ਹਾਂ ਦੇ ਡਰਾਈਵਰ ਨੂੰ ਬਡਗਾਮ ਦੀ ਇਕ ਮੁਟਿਆਰ ਸਣੇ ਪੁਲੀਸ ਹਵਾਲੇ ਕੀਤਾ ਗਿਆ ਸੀ। ਹੋਟਲ ਦੇ ਸਟਾਫ਼ ਨੇ ਮੇਜਰ ਗੋਗੋਈ ਨੂੰ ਮੁਟਿਆਰ ਸਣੇ ਹੋਟਲ ਦੇ ਇਕ ਕਮਰੇ ਵਿੱਚ ਦਾਖ਼ਲ ਹੋਣ ਤੋਂ ਰੋਕ ਦਿੱਤਾ ਸੀ।

ਗ਼ੌਰਤਲਬ ਹੈ ਕਿ ਮੇਜਰ ਗੋਗੋਈ ਬੀਤੇ ਸਾਲ ਉਦੋਂ ਚਰਚਾ ਵਿੱਚ ਆਏ ਸਨ, ਜਦੋਂ ਉਨ੍ਹਾਂ ਆਪਣੀ ਫ਼ੌਜੀ ਜੀਪ ਨੂੰ ਪੱਥਰਬਾਜ਼ੀ ਤੋਂ ਬਚਾਉਣ ਲਈ ਇਕ ਮੁਕਾਮੀ ਨੌਜਵਾਨ ਨੂੰ ਮਨੁੱਖੀ ਢਾਲ ਵਜੋਂ ਜੀਪ ਦੇ ਬੋਨਟ ਨਾਲ ਬੰਨ੍ਹ ਲਿਆ ਸੀ। ਉਨ੍ਹਾਂ ਦੀ ਇਸ ਕਾਰਵਾਈ ਦੀ ਦੇਸ਼-ਵਿਦੇਸ਼ ਵਿੱਚ ਭਾਰੀ ਆਲੋਚਨਾ ਹੋਈ ਸੀ। ਉਦੋਂ ਆਰਐਸਐਸ ਅਤੇ ਕੱਟੜਵਾਦੀ ਹਿੰਦੂ





ਜਥੇਬੰਦੀਆਂ ਨੇ ਮੇਜਰ ਦੀ ਕਾਰਵਾਈ ਦੀ ਜਮ ਕੇ ਸਰਾਹਨਾ ਕੀਤੀ ਸੀ।

ਜਨਰਲ ਰਾਵਤ ਨੇ ਪਹਿਲਗਾਮ ਵਿੱਚ ਆਰਮੀ ਗੁੱਡਵਿੱਲ ਸਕੂਲ ਦੇ ਦੌਰੇ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਜੇ ਭਾਰਤੀ ਫ਼ੌਜ ਦਾ ਕੋਈ ਵੀ ਅਫ਼ਸਰ ਕਿਸੇ ਜੁਰਮ ਵਿੱਚ ਦੋਸ਼ੀ ਪਾਇਆ ਜਾਂਦਾ ਹੈ, ਅਸੀਂ ਸਖ਼ਤ ਤੋਂ ਸਖ਼ਤ ਸੰਭਵ ਕਾਰਵਾਈ ਕਰਾਂਗੇ।" ਉਨ੍ਹਾਂ ਨਾਲ ਹੀ ਕਿਹਾ, "ਜੇ ਮੇਜਰ ਗੋਗੋਈ ਨੇ ਕੁਝ ਗ਼ਲਤ ਕੀਤਾ ਹੈ, ਮੈਂ ਤੁਹਾਨੂੰ ਭਰੋਸਾ ਦਿੰਦਾ ਹਾਂ ਕਿ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਸਜ਼ਾ ਦਿੱਤੀ ਜਾਵੇਗੀ ਇਹ ਸਜ਼ਾ ਇਕ ਮਿਸਾਲ ਕਾਇਮ ਕਰਨ ਵਾਲੀ ਹੋਵੇਗੀ।"

ਉਧਰ ਨੈਸ਼ਨਲ ਕਾਨਫਰੰਸ ਦੇ ਨੇਤਾ ਉਮਰ ਅਬਦੁੱਲ੍ਹਾ ਨੇ ਭਾਰਤੀ ਫ਼ੌਜ ਦੇ ਮੇਜਰ ਨਿਤਿਨ ਲੀਤੁਲ ਗੋਗੋਈ ਨਾਲ ਇਕ ਹੋਟਲ 'ਚੋਂ ਫੜੀ ਗਈ ਕਸ਼ਮੀਰੀ ਕੁੜੀ ਨੂੰ 1.30 ਲੱਖ ਰੁਪਏ ਦੀ ਸਹਾਇਤਾ ਮਨਜ਼ੂਰ ਕੀਤੀ ਹੈ। ਸ੍ਰੀ ਅਬਦੁੱਲ੍ਹਾ ਦੇ ਸਿਆਸੀ ਸਕੱਤਰ ਤਨਵੀਰ ਸਾਦਿਕ ਨੇ ਟਵਿਟਰ 'ਤੇ ਦੱਸਿਆ ਕਿ ਲੜਕੀ ਦਾ ਪਰਿਵਾਰ ਬੇਹੱਦ ਗਰੀਬ ਹੈ ਜਿਸ ਨੂੰ ਘਰ ਬਣਾਉਣ ਲਈ ਇਹ ਸਹਾਇਤਾ ਦਿੱਤੀ ਗਈ ਹੈ।

## ਸੌਦਾ ਸਾਧ 9 ਕਰੋੜ ਰੁਪਏ ਦਾ ਕਰਜ਼ਈ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਰਾਮ ਰਹੀਮ ਅਤੇ ਡੇਰਾ ਵਿਵਾਦ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਫੁਲ ਬੈਂਚ ਵੱਲੋਂ ਸੁਣਵਾਈ ਕੀਤੀ ਗਈ। ਹਰਿਆਣਾ ਸਰਕਾਰ ਵੱਲੋਂ 4 ਸਟੇਟਸ ਰਿਪੋਰਟ ਅਦਾਲਤ ਵਿੱਚ ਦਾਇਰ ਕੀਤੀਆਂ ਸਨ। ਇਹਨਾਂ ਰਿਪੋਰਟਾਂ ਵਿੱਚ ਸਰਕਾਰ ਨੇ ਕਿਹਾ ਸੀ ਕਿ ਡੇਰਾ ਸਿਰਸਾ ਵਿੱਚ ਚੱਲ ਰਹੇ ਹਸਪਤਾਲਾਂ 'ਤੇ ਸਰਕਾਰ ਨੂੰ ਕਬਜਾ ਦੇ ਦਿੱਤਾ ਜਾਵੇ। ਅਦਾਲਤ ਨੇ ਕਿਹਾ ਕਿ ਡੇਰੇ ਦੇ ਹਸਪਤਾਲਾਂ 'ਤੇ ਹੁਣ ਸਰਕਾਰੀ ਕਬਜਾ ਰਹੇਗਾ। ਇਸ ਦੌਰਾਨ ਅਦਾਲਤ ਵਿੱਚ ਇਹ ਵੀ ਅਪੀਲ ਕੀਤੀ ਗਈ ਸੀ ਕਿ ਡੇਰਾ ਦੇ ਅਧੀਨ ਆਉਂਦੇ ਹਸਪਤਾਲਾਂ ਨੂੰ ਕੰਟਰੋਲ ਕਰਨ ਲਈ ਪੀ.ਜੀ.ਆਈ. ਰੋਹਤਕ ਨੂੰ ਜਿੰਮੇਵਾਰੀ ਦਿੱਤੀ ਜਾਵੇ। ਇਸ 'ਤੇ ਬਹਿਸ ਵੀ ਹੋਈ ਤਾਂ ਡੇਰੇ ਵੱਲੋਂ ਇਹ



(ਬਾਕੀ ਸਫ਼ਾ 32 'ਤੇ)

# ਸ਼ਿਵ ਸੈਨਾ ਵਾਲਿਆਂ ਦੀ ਭਾਜਪਾ ਪ੍ਰਤੀ ਨ਼ਫਰਤ ਸਿਖ਼ਰਾਂ 'ਤੇ

### *ਉਧਵ ਠਾਕਰੇ ਕਹਿੰਦਾ , 'ਯੋਗੀ ਆਦਿਤਿਆਨਾਥ ਨੂੰ ਚੱਪਲਾਂ ਨਾਲ ਕੁੱਟਣਾ ਚਾਹੀਦਾ'*

**ਮੁੰਬਈ/ਬਿਊਰੋ ਨਿਊਜ਼ :** ਮਹਾਰਾਸ਼ਟਰ ਵਿੱਚ ਬੀਜੇਪੀ ਨਾਲ 'ਦੁਸ਼ਮਣੀ' ਦੇ ਵਿੱਚ ਸ਼ਿਵ ਸੇਨਾ ਪ੍ਰਮੁੱਖ ਉਧਵ ਠਾਕਰੇ ਭਾਸ਼ਾ ਦੀ ਮਰਿਆਦਾ ਵੀ ਭੁੱਲ ਚੁੱਕੇ ਹਨ। ਠਾਕਰੇ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਭੋਗੀ ਕਿਹਾ। ਠਾਕਰੇ ਇਸ ਉੱਤੇ ਹੀ ਨਹੀਂ ਰੁਕੇ। ਉਨ੍ਹਾਂ ਨੇ ਕਿਹਾ ਕਿ ਵਿਰਾਰ ਵਿੱਚ ਸ਼ਿਵਾਜੀ ਦੀ ਮੂਰਤੀ ਉੱਤੇ ਮਾਲਾ ਪਾਉਣ ਦੇ ਦੌਰਾਨ ਯੋਗੀ ਨੇ ਆਪਣੀਆਂ ਖੜਾਵਾਂ ਨਹੀਂ ਉਤਾਰੀਆਂ।




ਯੋਗੀ ਨੂੰ ਚੱਪਲਾਂ ਨਾਲ ਕੁੱਟਣਾ ਚਾਹੀਦਾ ਹੈ। ਠਾਕਰੇ ਨੇ ਕਿਹਾ ਕਿ ਰੱਬ ਦੇ ਪ੍ਰਤੀਰੂਪ ਸ਼ਿਵਾਜੀ ਮਹਾਰਾਜ ਦੀ ਮੂਰਤੀ ਦੇ ਸਾਹਮਣੇ ਜਾਣ ਤੋਂ ਪਹਿਲਾਂ ਖੜਾਵਾਂ ਉਤਾਰਨਾ ਉਨ੍ਹਾਂ ਦੇ ਪ੍ਰਤੀ ਸਨਮਾਨ ਜ਼ਾਹਿਰ ਕਰਨਾ ਹੈ ਅਤੇ ਇਹ ਸਨਮਾਨ ਪ੍ਰਕਿਰਿਆ ਹੈ, ਪਰ ਯੋਗੀ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਤੋਂ ਹੋਰ ਕੀ ਆਸ ਕੀਤੀ ਜਾ ਸਕਦੀ ਹੈ ? ਇਹ ਸ਼ਿਵਾਜੀ ਮਹਾਰਾਜ ਦੀ ਬੇਇੱਜ਼ਤੀ ਹੈ। ਇੱਕ ਇੰਟਰਵਿਊ ਵਿੱਚ ਉਧਵ ਠਾਕਰੇ ਨੇ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਜਵਾਨ ਪੀੜ੍ਹੀ ਵਿੱਚ ਹਿੰਦੂਤਵ ਦੇ ਆਦਰਸ਼ ਨਹੀਂ ਝਲਕਦੇ। ਸ਼ਿਵਸੇਨਾ ਪ੍ਰਮੁੱਖ ਤੋਂ ਇਹ ਪੁੱਛਿਆ ਗਿਆ ਸੀ ਕਿ ਕੀ ਉਨ੍ਹਾਂ ਨੂੰ ਇਸ ਗੱਲ ਦਾ ਅਫਸੋਸ ਹੈ ਕਿ ਪਿਛਲੇ 25 ਸਾਲ ਤੋਂ ਭਾਰਤੀ ਜਨਤਾ ਪਾਰਟੀ ਉਨ੍ਹਾਂ ਦੀ ਸਾਥੀ ਹੈ। ਇਸ ਸਵਾਲ ਦੇ ਜਵਾਬ ਵਿੱਚ ਉਧਵ ਨੇ ਕਿਹਾ ਕਿ ਇਹ ਮੇਰੀ ਮਾੜੀ ਕਿਸਮਤ ਹੈ। ਕੁੱਝ ਚੀਜ਼ਾਂ ਨੂੰ ਲੈ ਕੇ ਅਫਸੋਸ ਹੈ, ਕਿਉਂਕਿ ਭਾਜਪਾ ਦੀ ਨਵੀਂ ਪੀੜ੍ਹੀ ਵਿੱਚ ਹਿੰਦੂਤਵ ਦੇ ਆਦਰਸ਼ ਨਹੀਂ ਦਿਖਦੇ। ਉਨ੍ਹਾਂ ਨੇ ਕਿਹਾ ਕਿ ਸੱਤਾ ਵਿੱਚ ਆਉਣ ਦੇ ਬਾਅਦ ਭਾਜਪਾ ਵਿਚ ਹੰਕਾਰ ਆ ਗਿਆ ਹੈ।

# ਮੁਤਵਾਜ਼ੀ ਜਥੇਦਾਰਾਂ ਵੱਲੋਂ ਬਰਗਾੜੀ ਦੇ ਪੰਥਕ ਇੱਕਠ ਲਈ ਸਿੱਖ ਸੰਗਤ ਨੂੰ ਸ਼ਮੂਲੀਅਤ ਦਾ ਸੱਦਾ

**ਭਗਤਾ ਭਾਈ/ਬਿਊਰੋ ਨਿਊਜ਼ :**
ਅਕਾਲ ਤਖਤ ਦੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਸਬੰਧੀ ਇੱਕ ਜੂਨ ਨੂੰ ਬਰਗਾੜੀ ਵਿੱਚ ਹੋ ਰਹੇ ਪੰਥਕ ਇਕੱਠ ਵਿੱਚ ਸਮੁੱਚੀ ਸਿੱਖ ਕੌਮ ਨੂੰ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਹੈ।



ਪਿੰਡ ਕੋਠਾ ਗੁਰੂ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਦੀ ਇੱਕ ਮਹੀਨੇ ਦੇ ਅੰਦਰ-ਅੰਦਰ ਸ਼ਨਾਖ਼ਤ ਕਰਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਦੀ ਝੂਠੀ ਸਹੁੰ ਖਾਣ ਵਾਲੀ ਕਾਂਗਰਸ ਸਰਕਾਰ ਨੇ ਕਰੀਬ ਡੇਢ ਸਾਲ ਬੀਤ ਜਾਣ ਦੇ ਬਾਵਜੂਦ ਇਸ ਪਾਸੇ ਕੁਝ ਨਹੀਂ ਕੀਤਾ, ਜਿਸ ਕਾਰਨ ਹਾਲੇ ਤੱਕ ਬੇਅਦਬੀ ਦੀ ਘਟਨਾਵਾਂ ਵਾਪਰ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਪਹਿਲਾ ਅਕਾਲੀ-ਭਾਜਪਾ ਸਰਕਾਰ ਅਤੇ ਹੁਣ ਕਾਂਗਰਸ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਕੋਈ ਕਾਰਵਾਈ ਨਾ ਕਰਨ ਕਰਕੇ ਇਹ ਸਪੱਸ਼ਟ ਹੋ ਗਿਆ ਹੈ ਕਿ ਅਕਾਲੀ ਦਲ ਅਤੇ ਕਾਂਗਰਸ ਨੂੰ ਸਿੱਖ ਕੌਮ ਨਾਲ ਕੋਈ ਹਮਦਰਦੀ ਨਹੀਂ।

ਉਨ੍ਹਾਂ ਸਿੱਖ ਕੌਮ ਨੂੰ ਇੱਕ ਮੰਚ 'ਤੇ ਇਕੱਠੇ ਹੋਣ ਦਾ ਸੱਦਾ ਦਿੰਦਿਆਂ ਸਾਰੀਆਂ ਧਿਰਾਂ ਨੂੰ ਆਪਸੀ ਵਖਰੇਵਿਆਂ ਤੋਂ ਉੱਪਰ ਉੱਠ ਕੇ ਬਰਗਾੜੀ ਦਾ ਪੰਥਕ ਇਕੱਠ ਸਫਲ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ ਪਰਗਟ ਸਿੰਘ ਭੋਡੀਪੁਰਾ ਪ੍ਰਧਾਨ ਦਸਤਾਰ ਫੈਡਰੇਸ਼ਨ, ਬਲਵਿੰਦਰ ਸਿੰਘ ਭਗਤਾ, ਸੁਖਦੇਵ ਸਿੰਘ ਪੰਜਗਰਾਈ, ਰਣਜੀਤ ਸਿੰਘ ਮੰਨਣ, ਗੁਰਮੀਤ ਸਿੰਘ, ਇਕਬਾਲ ਸਿੰਘ ਗੁੰਮਟੀ, ਰਾਜਵਿੰਦਰ ਸਿੰਘ ਬਗਰਾੜੀ, ਬਲਜਿੰਦਰ ਸਿੰਘ ਆਦਿ ਹਾਜ਼ਰ ਸਨ।

ਉਧਰ ਤਖਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਪਿੰਡ ਭਲੂਰ ਦੇ ਗੁਰਦੁਆਰਾ ਸਰੋਵਰ ਸਾਹਿਬ ਵਿਖੇ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਅਤੇ ਸ਼ਹੀਦ ਹੋਏ ਸਿੰਘਾਂ ਦੇ ਕਾਤਲਾਂ ਨੂੰ ਫੜਨ ਤੋਂ ਮੁਨਕਰ ਹੋਈ ਪੰਜਾਬ ਸਰਕਾਰ ਨੂੰ ਜਗਾਉਣ ਵਾਸਤੇ 1 ਜੂਨ ਨੂੰ ਪਿੰਡ ਬਰਗਾੜੀ ਪਹੁੰਚਣ ਦੀ ਅਪੀਲ ਕੀਤੀ। ਪ੍ਰੋਗਰਾਮ ਦੀ ਸਮਾਪਤੀ ਮੌਕੇ ਗੁਰੂ ਘਰ ਦੇ ਗ੍ਰੰਥੀ ਬਾਜ਼ ਸਿੰਘ ਵੱਲੋਂ ਭਾਈ ਦਾਦੂਵਾਲ ਦਾ ਸਿਰੋਪਾ ਦੇ ਕੇ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਪਿੰਡ ਰੋਡੇ ਵਿੱਚ ਸ਼੍ਰੋਮਣੀ ਅਕਾਲੀ ਦਲ (1920) ਦੇ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ ਪਾਰਟੀ ਵਰਕਰਾਂ ਨੂੰ 1 ਜੂਨ 2018 ਨੂੰ ਪਿੰਡ ਬਰਗਾੜੀ ਵਿੱਚ ਰੋਸ ਦਿਵਸ ਮਨਾਉਣ ਲਈ ਪੁੱਜਣ ਦੀ ਅਪੀਲ ਕੀਤੀ।

## ਜੱਸੀ ਕਤਲ ਕਾਂਡ ਦੇ ਦੋਸ਼ੀਆਂ ਦੀ ਕੈਨੇਡਾ ਤੋਂ ਭਾਰਤ ਹਵਾਲਗੀ 'ਚ ਨਾਕਾਮੀ ਦੀ ਘੋਖ ਪੜਤਾਲ ਸ਼ੁਰੂ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਲਮੀ ਤੌਰ 'ਤੇ ਚਰਚਾ ਦਾ ਵਿਸ਼ਾ ਬਣੇ ਜੱਸੀ ਕਤਲ ਕਾਂਡ ਦੇ ਦੋ ਦੋਸ਼ੀਆਂ ਦੀ ਹਵਾਲਗੀ ਹਾਸਲ ਕਰਨ 'ਚ ਪੰਜਾਬ ਪੁਲੀਸ ਨਾਕਾਮ ਰਹੀ ਹੈ। ਇਸ ਤੋਂ ਕਰੀਬ ਮਹੀਨਿਆਂ ਬਾਅਦ ਹੁਣ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਨੇ ਇਸ ਨਾਕਾਮੀ ਦੇ ਕਾਰਨਾਂ ਦੀ ਘੋਖ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਨੇ ਖੁਲਾਸਾ ਕੀਤਾ ਕਿ ਮੰਤਰਾਲਾ ਇਹ ਜਾਣਨਾ ਚਾਹੁੰਦਾ ਹੈ ਕਿ ਕੀ ਹਵਾਲਗੀ ਦੀ ਕੋਸ਼ਿਸ਼ 'ਚ ਨਾਕਾਮੀ ਲਈ ਕੋਈ ਪੁਲੀਸ ਅਧਿਕਾਰੀ ਹੀ ਜ਼ਿੰਮੇਵਾਰ ਸੀ। ਕੈਨੇਡਾ ਤੋਂ ਮਿਲੀਆਂ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕੇਸ ਦੇ ਦੋਸ਼ੀਆਂ ਦੇ ਰਿਸ਼ਤੇਦਾਰਾਂ ਨੇ ਨਿਆਂ ਮੰਤਰਾਲੇ ਕੋਈ ਅਪੀਲ ਕੀਤੀ ਸੀ ਕਿ ਉਨ੍ਹਾਂ ਨੂੰ ਦੋਵੇਂ ਦੋਸ਼ੀਆਂ ਨੂੰ ਭਾਰਤ ਲਿਜਾਣ ਦੀ ਪੇਸ਼ਕਦਮੀ ਬਾਰੇ ਕੋਈ ਇਤਲਾਹ ਨਹੀਂ ਦਿੱਤੀ ਗਈ ਸੀ।

ਪਿਛਲੇ ਸਾਲ ਸਤੰਬਰ ਮਹੀਨੇ ਪੰਜਾਬ ਪੁਲੀਸ ਦੀ ਇਕ ਟੀਮ ਮਕਤੂਲ ਜੱਸੀ ਦੀ ਮਾਂ ਮਲਕੀਅਤ ਕੌਰ ਤੇ ਮਾਮੇ ਸੁਰਜੀਤ ਸਿੰਘ ਬਦੇਸ਼ਾ ਦੀ ਸਪੁਰਦਗੀ ਹਾਸਲ ਕਰਨ ਲਈ ਕੈਨੇਡਾ ਗਈ ਸੀ ਤਾਂ ਕਿ ਉਨ੍ਹਾਂ ਨੂੰ ਕਤਲ ਦੀ ਸਾਜਿਸ਼ ਦੇ ਦੋਸ਼ਾਂ ਦੇ ਮੁਕੱਦਮੇ ਦਾ ਸਾਹਮਣਾ ਕਰਨ ਲਈ ਭਾਰਤ ਲਿਆਂਦਾ ਜਾ ਸਕੇ। 20 ਸਤੰਬਰ ਨੂੰ ਇਸ ਟੀਮ ਨੇ ਦੋਵਾਂ ਦੋਸ਼ੀਆਂ ਨੂੰ ਆਪਣੀ ਹਿਰਾਸਤ ਵਿੱਚ ਲੈ ਲਿਆ ਸੀ ਤੇ ਟੀਮ ਜਹਾਜ਼ ਵਿੱਚ ਸਵਾਰ ਵੀ ਹੋ ਗਈ ਸੀ ਪਰ ਭਾਰਤ ਲਈ ਰਵਾਨਾ ਹੋਣ ਤੋਂ ਐਨ ਪਹਿਲਾਂ ਕੈਨੇਡੀਅਨ ਅਧਿਕਾਰੀਆਂ ਨੇ ਉਥੋਂ ਦੇ ਨਿਆਂ ਮੰਤਰਾਲੇ ਦੇ ਹੁਕਮਾਂ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਜਹਾਜ਼ 'ਚੋਂ ਉਤਾਰ ਲਿਆ ਸੀ। ਪੰਜਾਬ ਪੁਲੀਸ ਦੇ ਇਕ ਅਫ਼ਸਰ ਨੇ ਦੱਸਿਆ ਕਿ ਡਾਇਰੈਕਟੋਰੇਟ ਆਫ਼ ਇਨਵੈਸਟੀਗੇਸ਼ਨ ਜਿਸ ਨੇ ਟੀਮ ਭੇਜੀ ਸੀ, ਵੱਲੋਂ ਇਸ ਮੁੱਦੇ 'ਤੇ ਇਕ ਤਫ਼ਸੀਲੀ ਜਵਾਬ ਤਿਆਰ ਕੀਤਾ ਗਿਆ ਹੈ। ਅਫ਼ਸਰਾਂ ਦਾ ਕਹਿਣਾ ਹੈ ਕਿ ਟੀਮ ਨੇ ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨ ਅਤੇ ਉਥੋਂ ਦੀ ਪੁਲੀਸ ਨਾਲ ਮਿਲ ਕੇ ਲੋੜੀਂਦੇ ਸਾਰੇ ਕਾਗਜ਼ਾਤ ਤਿਆਰ ਕੀਤੇ ਸਨ। ਜੇ ਕੋਈ ਗਲਤੀ ਹੋਈ ਸੀ ਤਾਂ ਉਸ ਲਈ ਕੈਨੇਡੀਅਨ ਪੁਲੀਸ ਜ਼ਿੰਮੇਵਾਰ ਹੈ।

## ਦਲ ਖਾਲਸਾ ਵੱਲੋਂ 6 ਜੂਨ ਨੂੰ ਦਰਬਾਰ ਸਾਹਿਬ 'ਤੇ ਹਮਲੇ ਦੇ ਰੋਸ ਵਜੋਂ ਅੰਮ੍ਰਿਤਸਰ ਬੰਦ ਦਾ ਸੱਦਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫੌਜੀ ਹਮਲੇ ਸਾਕਾ ਨੀਲਾ ਤਾਰਾ ਦੀ 34ਵੀਂ ਬਰਸੀ ਮੌਕੇ ਦਲ ਖਾਲਸਾ ਵੱਲੋਂ 6 ਜੂਨ ਨੂੰ ਦਰਬਾਰ ਸਾਹਿਬ 'ਤੇ ਹਮਲੇ ਦੇ ਰੋਸ ਵਜੋਂ ਅੰਮ੍ਰਿਤਸਰ ਬੰਦ ਦਾ ਸੱਦਾ ਦਿੱਤਾ ਗਿਆ ਹੈ। ਦਲ ਖਾਲਸਾ ਨੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਲੁੱਟੇ ਵੱਡਮੁੱਲੇ ਖ਼ਜ਼ਾਨੇ ਵਿਰੁੱਧ ਅਤੇ ਫੌਜੀ ਹਮਲੇ ਦੌਰਾਨ ਮਾਰੇ ਗਏ ਨਿਰਦੋਸ਼ੇ ਲੋਕਾਂ ਦੇ ਕਤਲੇਆਮ ਦੀ ਅੰਤਰਰਾਸ਼ਟਰੀ ਸੰਸਥਾ ਵੱਲੋਂ ਜਾਂਚ ਦੀ ਮੰਗ ਸਬੰਧੀ 6 ਜੂਨ ਨੂੰ ਅੰਮ੍ਰਿਤਸਰ ਬੰਦ ਦਾ ਸੱਦਾ ਦਿੱਤਾ ਹੈ। ਇਸ ਸਬੰਧ ਵਿੱਚ 5 ਜੂਨ ਦੀ ਸ਼ਾਮ ਨੂੰ ਘੱਲੂਘਾਰਾ ਯਾਦਗਾਰੀ ਮਾਰਚ ਕੱਢਿਆ ਜਾਵੇਗਾ, ਜੋ ਗੁਰਦੁਆਰਾ ਪਾਤਸ਼ਾਹੀ ਛੇਵੀਂ ਰਣਜੀਤ ਐਵੇਨਿਊ ਤੋਂ ਸ਼ੁਰੂ ਹੋ ਕੇ ਪ੍ਰਮੁੱਖ ਬਜ਼ਾਰਾਂ ਵਿੱਚੋਂ ਦੀ ਲੰਘਦਾ ਹੋਇਆ ਦਰਬਾਰ ਸਾਹਿਬ ਪੁੱਜੇਗਾ।

ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਦੱਸਿਆ ਕਿ ਘੱਲੂਘਾਰੇ ਨਾਲ ਸਬੰਧਤ ਪ੍ਰੋਗਰਾਮ ਦਾ ਫੈਸਲਾ ਬੀਤੀ ਸ਼ਾਮ



ਪਾਰਟੀ ਦੀ ਮੀਟਿੰਗ ਵਿੱਚ ਕੀਤਾ ਗਿਆ ਹੈ, ਜਿਸ ਵਿੱਚ ਜਥੇਬੰਦੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਸਤਿਨਾਮ ਸਿੰਘ ਪਾਉਂਟਾ ਸਾਹਿਬ, ਬਲਦੇਵ ਸਿੰਘ ਸਿਰਸਾ, ਜਸਵੀਰ ਸਿੰਘ ਖੰਡੂਰ, ਅਮਰੀਕ ਸਿੰਘ ਈਸੜੂ, ਪਰਮਜੀਤ ਸਿੰਘ ਟਾਂਡਾ, ਰਣਬੀਰ ਸਿੰਘ ਅਤੇ ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਆਦਿ ਹਾਜ਼ਿਰ ਸਨ। ਉਨ੍ਹਾਂ ਕਿਹਾ ਕਿ 5 ਜੂਨ ਦੀ ਸ਼ਾਮ ਨੂੰ ਘੱਲੂਘਾਰਾ ਮਾਰਚ ਮੋਟਰਸਾਈਕਲਾਂ ਅਤੇ ਖੁੱਲ੍ਹੀਆਂ ਗੱਡੀਆਂ ਵਿੱਚ ਸਵਾਰ ਹੋ ਕੇ ਕੱਢਿਆ ਜਾਵੇਗਾ।

ਇਹ ਮਾਰਚ ਸ਼ਾਂਤਮਈ ਢੰਗ ਨਾਲ ਹੋਵੇਗਾ। ਉਨ੍ਹਾਂ ਨੇ ਸ਼ਹਿਰ ਦੇ ਸਮੂਹ ਭਾਈਚਾਰਿਆਂ ਤੋਂ ਬੰਦ ਲਈ ਸਹਿਯੋਗ ਦੀ ਮੰਗ ਕਰਦਿਆਂ ਸਪੱਸ਼ਟ ਕੀਤਾ ਕਿ ਉਸ ਦਿਨ ਕਾਰੋਬਾਰੀ ਅਦਾਰੇ, ਪੈਟਰੋਲ ਪੰਪ, ਵਿਦਿਅਕ ਅਦਾਰੇ, ਸਿਨੇਮਾ ਹਾਲ, ਬੈਂਕ ਆਦਿ ਬੰਦ ਰੱਖਣ ਦਾ ਸੱਦਾ ਦਿੱਤਾ ਗਿਆ ਹੈ। ਸੜਕੀ ਜਾਂ ਰੇਲ ਆਵਾਜਾਈ ਨਹੀਂ ਰੋਕੀ ਜਾਵੇਗੀ ਅਤੇ ਦਵਾਈਆਂ ਦੀਆਂ ਦੁਕਾਨਾਂ ਨੂੰ ਬੰਦ ਨਹੀਂ ਕਰਾਇਆ ਜਾਵੇਗਾ।



# 'ਸਰਬੱਤ ਖਾਲਸਾ 2015' ਸਮੇਂ ਦਰਜ ਦੇਸ਼-ਧ੍ਰੋਹ ਦੇ ਕੇਸ ਦੀ ਐਫਆਈਆਰ ਰੱਦ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਦੇਸ਼-ਧ੍ਰੋਹ ਦੇ ਕੇਸ ਦੀ ਵਿਰੋਧੀ ਰਾਜਨੀਤਕ ਵਿਚਾਰਾਂ ਨੂੰ ਦਬਾਉਣ ਲਈ ਕੀਤੀ ਜਾਂਦੀ ਗਲਤ ਵਰਤੋਂ ਨੂੰ ਅਸਿੱਧੇ ਢੰਗ ਨਾਲ ਪ੍ਰਵਾਨ ਕਰਦਿਆਂ ਪੰਜਾਬ ਸਰਕਾਰ ਅਤੇ ਅੰਮ੍ਰਿਤਸਰ ਪੁਲਿਸ ਨੇ ਚੱਬਾ ਪਿੰਡ ਵਿਖੇ 10 ਨਵੰਬਰ 2015 ਨੂੰ ਹੋਏ 'ਸਰਬੱਤ ਖਾਲਸਾ 2015' ਨਾਮੀਂ ਪੰਥਕ ਇਕੱਠ ਦੇ ਪ੍ਰਬੰਧਕਾਂ ਖਿਲਾਫ ਦਰਜ ਕੀਤੀ ਗਈ ਐਫਆਈਆਰ ਰੱਦ ਕਰ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਹ ਐਫਆਈਆਰ ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਬੀਤੀ ਸ਼੍ਰੋਮਣੀ ਅਕਾਲੀ ਦਲ (ਬਾਦਲ)-ਭਾਜਪਾ ਸਰਕਾਰ ਵਲੋਂ ਰਾਜਨੀਤਕ ਕਾਰਨਾਂ ਕਰਕੇ ਦਰਜ ਕੀਤੇ ਕੇਸਾਂ ਦੀ ਜਾਂਚ ਲਈ ਬਣਾਏ ਗਏ ਕਮਿਸ਼ਨ ਦੀਆਂ ਹਦਾਇਤਾਂ 'ਤੇ ਰੱਦ ਕੀਤੀ ਗਈ ਹੈ। ਇਸ ਗੱਲ ਦੀ ਪੁਸ਼ਟੀ ਕਰਦਿਆਂ ਐਸਐਸਪੀ ਪਰਮਪਾਲ ਸਿੰਘ ਨੇ ਕਿਹਾ ਕਿ ਮਹਿਤਾਬ ਸਿੰਘ ਗਿੱਲ ਕਮਿਸ਼ਨ ਦੀਆਂ ਸਿਫਾਰਿਸ਼ਾਂ ਦੇ ਅਧਾਰ 'ਤੇ ਇਹ ਐਫਆਈਆਰ ਰੱਦ ਕੀਤੀ ਗਈ ਹੈ। ਉਹਨਾਂ ਕਿਹਾ ਕਿ ਐਫਆਈਆਰ ਰੱਦ ਕਰਨ ਦੀ ਰਿਪੋਰਟ ਕਮਿਸ਼ਨ ਨੂੰ ਭੇਜ ਦਿੱਤੀ ਗਈ ਹੈ।

ਜਿਕਰਯੋਗ ਹੈ ਕਿ ਚਾਟੀਵਿੰਡ ਪੁਲਿਸ ਨੇ ਭਾਰਤੀ ਪੈਨਲ ਕੋਡ ਦੀ ਧਾਰਾ 124-ਏ (ਦੇਸ਼-ਧ੍ਰੋਹ), 153-ਏ, 153-ਬੀ, 115, 117, 120-ਬੀ ਅਤੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ 1967 ਦੀ ਧਾਰਾ 13 (1) ਅਤੇ ਇਨਫੋਰਮੇਸ਼ਨ ਟੈਕਨੋਲੋਜੀ ਕਾਨੂੰਨ ਦੀ ਧਾਰਾ 66-ਐਫ ਅਧੀਨ 20 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਸੀ। ਇਸ ਐਫਆਈਆਰ ਵਿਚ ਸਿਮਰਨਜੀਤ ਸਿੰਘ ਮਾਨ, ਧਿਆਨ ਸਿੰਘ ਮੰਡ, ਜਸਕਰਨ ਸਿੰਘ ਕਾਹਨਸਿੰਘਵਾਲਾ, ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ, ਸਤਨਾਮ ਸਿੰਘ ਮਨਾਵਾਂ, ਵੱਸਣ ਸਿੰਘ ਜ਼ਫਰਵਾਲ, ਗੁਰਜਿੰਦਰ ਸਿੰਘ, ਬਲਜੀਤ ਸਿੰਘ ਦਾਦੂਵਾਲ, ਅਮਰੀਕ ਸਿੰਘ ਅਜਨਾਲਾ, ਸੁਰਿੰਦਰ ਸਿੰਘ ਠੀਕਰੀਵਾਲ, ਜੋਗਾ ਸਿੰਘ ਮੋਹੱਲਕੇ, ਪਪਲਪ੍ਰੀਤ ਸਿੰਘ ਮਰਜ਼ੀ, ਰੇਸ਼ਮ ਸਿੰਘ (ਯੂ.ਐਸ.ਏ), ਸੁਰਜੀਤ ਸਿੰਘ (ਯੂਐਸਏ), ਪਰਮਜੀਤ ਸਿੰਘ (ਯੂਕੇ), ਗੁਰਭੇਜ ਸਿੰਘ (ਯੂਐਸਏ), ਹਰਿੰਦਰ ਸਿੰਘ (ਯੂਐਸਏ), ਬਲਜਿੰਦਰ ਸਿੰਘ (ਇਟਲੀ) ਅਤੇ ਵਧਾਵਾ ਸਿੰਘ ਬੱਬਰ ਦੇ ਨਾਮ ਸ਼ਾਮਿਲ ਸਨ।

# ਹਵਾਲਾਤੀ ਵੱਲੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ

## *ਜੇਲ੍ਹ ਅੰਦਰੋਂ ਫੇਸਬੁੱਕ 'ਤੇ ਲਾਈਵ ਹੋ ਕੇ ਪੁਲਿਸ-ਪ੍ਰਸ਼ਾਸਨ ਦੀ ਪੋਲ ਖੋਲ੍ਹੀ*

**ਫ਼ਰੀਦਕੋਟ/ਬਿਊਰੋ ਨਿਊਜ਼ :** ਇਥੋਂ ਦੀ ਕੇਂਦਰੀ ਮਾਡਰਨ ਜੇਲ੍ਹ ਵਿੱਚ ਬੰਦ ਇੱਕ ਹਵਾਲਾਤੀ ਨੇ ਮੋਬਾਈਲ ਫ਼ੋਨ 'ਤੇ ਫੇਸਬੁੱਕ ਲਾਈਵ ਚਲਾ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਤੇ ਕਾਫ਼ੀ ਬੁਰਾ-ਭਲਾ ਕਿਹਾ। ਉਸ ਨੇ ਜੇਲ੍ਹ ਵਿੱਚ ਨਸ਼ੇ ਦੀ ਭਰਮਾਰ ਹੋਣ ਦੇ ਦੋਸ਼ ਵੀ ਲਾਏ। ਸਿਟੀ ਪੁਲੀਸ ਨੇ ਦੋਵਾਂ ਹਵਾਲਾਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।ਇਨ੍ਹਾਂ ਵਿੱਚੋਂ ਇਕ ਹਵਾਲਾਤੀ ਖ਼ਿਲਾਫ਼ ਜੈਤੋਂ ਥਾਣੇ ਵਿੱਚ ਪਹਿਲਾਂ ਵੀ ਤਿੰਨ ਕੇਸ ਦਰਜ ਹਨ।



ਜਾਣਕਾਰੀ ਅਨੁਸਾਰ ਆਪਣੀ ਤਿੰਨ ਮਿੰਟ ਦੀ ਲਾਈਵ ਫੇਸਬੁੱਕ ਗੱਲਬਾਤ ਵਿੱਚ ਹਵਾਲਾਤੀ ਗੋਬਿੰਦ ਸਿੰਘ ਵਾਸੀ ਮਾੜੀ ਭੈਣ ਨੇ ਜੇਲ੍ਹ ਪ੍ਰਸ਼ਾਸਨ 'ਤੇ ਦੋਸ਼ ਲਾਇਆ ਕਿ ਜੇਲ੍ਹ ਵਿੱਚ ਨੌਜਵਾਨਾਂ ਨੂੰ ਸ਼ਰ੍ਹੇਆਮ ਨਸ਼ਾ ਵੰਡਿਆ ਜਾ ਰਿਹਾ ਹੈ ਤੇ ਜਾਣ-ਬੁੱਝ ਕੇ ਦੋਸ਼ੀਆਂ ਖਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ। ਉਸ ਨੇ ਦੋਸ਼ ਲਾਇਆ ਕਿ ਹਵਾਲਾਤੀਆਂ ਤੇ ਕੈਦੀਆਂ ਨੂੰ ਪੀਣ ਲਈ ਲੋੜੀਂਦਾ ਪਾਣੀ ਵੀ ਨਹੀਂ ਦਿੱਤਾ ਜਾਂਦਾ। ਉਧਰ, ਜੇਲ੍ਹ ਪ੍ਰਸ਼ਾਸਨ ਨੇ ਹਵਾਲਾਤੀ ਵੱਲੋਂ ਲਾਏ ਦੋਸ਼ਾਂ ਤੋਂ ਇਨਕਾਰ ਕੀਤਾ ਹੈ।ਕਰੀਬ ਤਿੰਨ ਮਿੰਟ ਦੀ ਗੱਲਬਾਤ ਦੌਰਾਨ ਉਸ ਨੇ ਜੇਲ੍ਹ ਅੰਦਰਲੇ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਲਈ ਪੂਰੇ ਪ੍ਰਬੰਧ ਨਾ ਹੋਣ ਦੀ ਗੱਲ ਵੀ ਕਹੀ। ਉਧਰ ਜ਼ਿਲ੍ਹਾ ਪੁਲੀਸ ਮੁਖੀ ਡਾ. ਨਾਨਕ ਸਿੰਘ ਨੇ ਕਿਹਾ ਕਿ ਜੇਲ੍ਹ ਵਿੱਚੋਂ ਫੇਸਬੁੱਕ 'ਤੇ ਲਾਈਵ ਹੋ ਕੇ ਮੁੱਖ ਮੰਤਰੀ ਖਿਲਾਫ਼ ਇਤਰਾਜ਼ ਯੋਗ ਸ਼ਬਦਾਵਲੀ ਵਰਤਣ ਵਾਲੇ ਗੋਬਿੰਦ ਸਿੰਘ ਅਤੇ ਉਸ ਦੇ ਸਾਥੀ ਕੁਲਦੀਪ ਸਿੰਘ ਖਿਲਾਫ਼ ਸਿਟੀ ਪੁਲੀਸ ਨੇ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਹਵਾਲਾਤੀਆਂ ਕੋਲ ਇੰਟਰਨੈੱਟ ਸਹੂਲਤ ਵਾਲਾ ਮੋਬਾਈਲ ਹੋਣ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ। ਉਂਜ ਹਵਾਲਾਤੀ ਦੀ ਇਸ ਨਵੀਂ ਵੀਡੀਓ ਨੇ ਜੇਲ ਪ੍ਰਸ਼ਾਸਨ ਦੀਆਂ ਸਮੱਸਿਆਵਾਂ ਵਧਾ ਦਿੱਤੀਆਂ ਹਨ। ਇਸ ਦੌਰਾਨ ਜੇਲ੍ਹ ਸੁਪਰਡੈਂਟ ਨੇ ਦਾਅਵਾ ਕੀਤਾ ਕਿ ਜੇਲ੍ਹ ਵਿੱਚ ਕਿਸੇ ਤਰ੍ਹਾਂ ਦਾ ਨਸ਼ਾ ਨਹੀਂ ਮਿਲਦਾ ਅਤੇ ਨਸ਼ੇ ਦੇ ਆਦੀ ਹਵਾਲਾਤੀ ਤੇ ਕੈਦੀਆਂ ਦਾ ਨਸ਼ਾ ਛੁਡਾਊ ਕੇਂਦਰਾਂ ਵਿੱਚੋਂ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ।

# ਪੰਜਾਬੀ ਗਾਇਕ ਨਵਜੋਤ ਵਿਰਕ ਦੀ ਗੋਲੀਆਂ ਮਾਰ ਕੇ ਹੱਤਿਆ

**ਡੇਰਾਬੱਸੀ/ਬਿਊਰੋ ਨਿਊਜ਼ :** ਪੰਜਾਬ ਦੇ ਉਭਰਦੇ ਗਾਇਕ ਨਵਜੋਤ ਸਿੰਘ ਵਿਰਕ (23) ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਉਸ ਦੀ ਲਾਸ਼ ਪੁਲੀਸ ਨੂੰ ਬਰਵਾਲਾ ਰੋਡ 'ਤੇ ਇਕ ਬੰਦ ਪਈ ਫੈਕਟਰੀ ਦੇ ਨਾਲ ਖਾਲੀ ਪਏ ਪਲਾਟ ਦੀਆਂ ਝਾੜੀਆਂ ਵਿੱਚ ਖ਼ੂਨ ਨਾਲ ਲਿੱਬੜੀ ਹੋਈ ਮਿਲੀ। ਉਸ ਦੀ ਕਾਰ ਨੇੜੇ ਹੀ ਸੜਕ 'ਤੇ ਖੜ੍ਹੀ ਸੀ। ਵਿਰਕ ਨੂੰ ਦੋ ਗੋਲੀਆਂ ਪਿੱਠ ਅਤੇ ਪੰਜ ਉਸ ਦੀ ਛਾਤੀ 'ਤੇ ਮਾਰੀਆਂ ਗਈਆਂ ਸਨ। ਮੌਕੇ ਤੋਂ ਦੋ ਕਾਰਤੂਸ ਅਤੇ ਤਿੰਨ ਚੱਲੀਆਂ ਹੋਈਆਂ ਗੋਲੀਆਂ ਦੇ ਖੋਲ ਮਿਲੇ ਹਨ। ਪੁਲੀਸ ਨੇ ਮ੍ਰਿਤਕ ਦੇ ਪਿਤਾ ਸੁਖਬੀਰ ਸਿੰਘ ਵਾਸੀ ਪਿੰਡ ਫ਼ਤਿਹਗੜ੍ਹ ਬੇਹੜਾ ਦੇ ਬਿਆਨ 'ਤੇ ਧਾਰਾ 302 ਤਹਿਤ ਕੇਸ ਦਰਜ ਕੀਤਾ ਹੈ। ਸਿਵਲ ਹਸਪਤਾਲ 'ਚ ਪੋਸਟਮਾਰਟਮ ਮਗਰੋਂ ਦੇਹ ਦਾ ਪਰਿਵਾਰ ਵੱਲੋਂ ਅੰਤਿਮ ਸੰਸਕਾਰ ਕਰ ਦਿੱਤਾ ਗਿਆ।



ਮਾਪਿਆਂ ਦਾ ਇਕਲੌਤਾ ਪੁੱਤਰ ਨਵਜੋਤ ਪਿਛਲੇ ਤਿੰਨ ਸਾਲਾ ਤੋਂ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਸਰਗਰਮ ਹੋਇਆ ਸੀ। ਲਵ

**ਬਾਕੀ ਸਫ਼ਾ 32 'ਤੇ**


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਮੈਂ ਭਾਰਤੀ ਨਹੀਂ ਪੰਜਾਬੀ ਹਾਂ : ਰਵੀ ਸਿੰਘ

## *ਖਾਲਸਾ ਏਡ ਦੇ ਸੰਚਾਲਕ ਦੀ 'ਇੰਡੀਅਨ ਆਫ ਦਾ ਯੀਅਰ' ਦੀ ਨਾਮਜਦਗੀ ਤੋਂ ਨਾਂਹ*

**ਲੰਡਨ/ਸਿੱਖ ਸਿਆਸਤ ਬਿਊਰੋ:** ਕੌਮਾਂਤਰੀ ਪ੍ਰਸਿੱਧੀ ਵਾਲੀ ਮਨੁੱਖੀ ਅਧਾਰ 'ਤੇ ਮਦਦ ਕਰਨ ਵਾਲੀ ਸਿੱਖ ਜਥੇਬੰਦੀ "ਖਾਲਸਾ ਏਡ" ਦੇ ਸੰਚਾਲਕ ਸ. ਰਵੀ ਸਿੰਘ ਨੇ ਇਕ ਭਾਰਤੀ ਪੁਰਸਕਾਰ ਦੀ ਨਾਮਜਦਗੀ ਤੋਂ ਨਾਂਹ ਕਰ ਦਿੱਤੀ ਹੈ।



ਆਪਣੇ ਫੇਸਬੁੱਕ ਸਫੇ 'ਤੇ 22 ਮਈ ਨੂੰ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਰਵੀ ਸਿੰਘ ਨੇ ਦੱਸਿਆ ਇੰਡੀਅਨ ਆਫ ਦਾ ਯੀਅਰ" ਲਈ ਨਾਮਜ਼ਦ ਹਸਤੀਆਂ ਵਿੱਚ ਉਨ੍ਹਾਂ ਦਾ ਨਾਂ ਸ਼ਾਮਲ ਕੀਤੇ ਜਾਣ ਬਾਰੇ ਉਨ੍ਹਾਂ ਨੂੰ ਹਾਲ ਵਿੱਚ ਹੀ ਜਾਣਕਾਰੀ ਮਿਲੀ ਸੀ ਪਰ ਉਨ੍ਹਾਂ ਨੇ ਇਸ ਤੋਂ ਸਤਿਕਾਰ ਸਹਿਤ ਮਨ੍ਹਾਂ ਕਰ ਦਿੱਤਾ ਹੈ।ਰਵੀ ਸਿੰਘ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਭਾਰਤੀ ਪਛਾਣ ਦਾ ਧਾਰਨੀ ਨਹੀਂ ਮੰਨਦੇ। ਉਨ੍ਹਾਂ ਕਿਹਾ ਕਿ ਉਹ ਆਪਣੀਆਂ ਪੰਜਾਬੀ ਜੜ੍ਹਾਂ ਨੂੰ ਕਿਸੇ ਪੁਰਸਕਾਰ ਬਦਲੇ ਨਹੀਂ ਵੇਚ ਸਕਦੇ।

# ਫਰਾਂਸ ਰਹਿਣ ਨਾਲੋਂ ਸਿੱਖੀ ਪਿਆਰੀ

## *ਸਿੱਖ ਬਜ਼ੁਰਗ ਨੇ ਦਸਤਾਰ ਉਤਾਰਨੋਂ ਕੀਤੀ ਨਾਂਹ*

**ਚੰਡੀਗੜ੍ਹ/ਬਿਊਰੋ ਨਿਊਜ਼ :**

ਅੰਬਾਲਾ ਦਾ ਇਕ ਸਿੱਖ ਬਜ਼ੁਰਗ ਰਣਜੀਤ ਸਿੰਘ 25 ਸਾਲ ਪਹਿਲਾਂ ਬਿਹਤਰ ਰੁਜ਼ਗਾਰ ਲਈ ਫਰਾਂਸ ਗਿਆ ਸੀ ਪ੍ਰੰਤੂ ਉਥੇ ਪੱਗ ਲਾਹੁਣ ਦੀ ਸ਼ਰਤ ਹੋਣ ਕਾਰਨ ਆਖਰਕਾਰ ਉਸ ਨੂੰ ਭਾਰਤ ਵਾਪਸ ਮੁੜਣਾ ਪਿਆ। ਫਰਾਂਸ ਵਿੱਚ ਉਸ ਨੂੰ ਸ਼ਨਾਖ਼ਤੀ ਕਾਰਡ ਨਵਿਆਉਣ ਲਈ ਫੋਟੋ ਖਿਚਵਾਉਣ ਵਾਸਤੇ ਪੱਗ ਉਤਾਰਨ ਲਈ ਕਿਹਾ ਗਿਆ ਸੀ। ਉਹ ਪੱਗ ਉਤਾਰਨ ਲਈ ਤਿਆਰ ਨਹੀਂ ਹੋਇਆ ਤੇ ਉਸ ਨੂੰ ਇਸ ਦਾ ਨੁਕਸਾਨ ਉਠਾਉਣਾ ਪਿਆ।



ਅਜਿਹਾ ਨਾ ਕਰਨ 'ਤੇ ਫਰਾਂਸ ਵਿੱਚਾਂ ਉਸ ਨੂੰ ਮਿਲਣ ਵਾਲੇ ਗੁਜ਼ਾਰਾ ਭੱਤੇ 'ਤੇ ਰੋਕ ਲੱਗ ਗਈ। ਉਸ ਨੇ ਸਿੱਖੀ ਦੀ ਸ਼ਾਨ ਪੱਗ ਦੇ ਸਤਿਕਾਰ ਲਈ ਕਰੀਬ ਦੋ ਦਹਾਕੇ ਫਰਾਂਸੀਸੀ ਅਧਿਕਾਰੀਆਂ ਨਾਲ ਲੜਾਈ ਲੜੀ ਪ੍ਰੰਤੂ ਕਾਮਯਾਬੀ ਨਹੀਂ ਮਿਲੀ ਜਿਸ ਕਰਕੇ ਉਹ ਬੀਤੇ ਸ਼ਨਿਚਰਵਾਰ ਆਪਣੇ ਪੁੱਤਰ ਨਾਲ ਭਾਰਤ ਪਰਤ ਆਇਆ ਤੇ ਹੁਣ ਪੱਕੇ ਤੌਰ ਉੱਤੇ ਪੁੱਤਰ ਸਮੇਤ ਪਠਾਨਕੋਟ ਵਿਚ ਰਹੇਗਾ।

# ਭੂਤਰੇ ਅਨਸਰਾਂ ਵਲੋਂ ਸਿੱਖ ਨੌਜਵਾਨ ਉੱਤੇ ਹਮਲਾ

## *ਸਿੱਖੀ ਦੀ ਸ਼ਾਨ ਤੇ ਪਛਾਣ ਸ੍ਰੀ ਸਾਹਿਬ ਦੀ ਬੇਅਦਬੀ*

**ਬੰਗਲੁਰੂ/ਬਿਊਰੋ ਨਿਊਜ਼**

ਵਿਦੇਸ਼ਾਂ ਦੇ ਨਾਲ-ਨਾਲ ਸਿੱਖਾਂ ਨੂੰ ਅਪਣੇ ਦੇਸ਼ ਭਾਰਤ ਵਿਚ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹਾ ਹੀ ਇਕ ਮਾਮਲਾ ਕਰਨਾਟਕ ਦੇ ਗੁਲਬਰਗ ਵਿਚ ਸਾਹਮਣੇ ਆਇਆ ਹੈ ਜਿਥੇ ਭੂਤਰੇ ਅਨਸਰਾਂ ਵਲੋਂ ਪੰਜਾਬ ਦੇ ਅਜਨਾਲਾ ਦੇ ਪਿੰਡ ਤੇੜਾ ਕਲਾਂ ਦੇ ਰਹਿਣ ਵਾਲੇ ਇਕ ਸਿੱਖ ਦੀ ਭੀੜ ਨੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਜਾਣਕਾਰੀ ਅਨੁਸਾਰ ਪੀੜਤ ਸਿੱਖ 25 ਸਾਲਾ ਅਵਤਾਰ ਸਿੰਘ ਤੋਂ ਸ੍ਰੀ ਸਾਹਿਬ ਖੋਹ ਕੇ ਉਸ ਦੀ ਬੇਅਦਬੀ ਕੀਤੀ ਗਈ।

ਬੁਰੀ ਤਰ੍ਹਾਂ ਜ਼ਖ਼ਮੀ ਹੋਏ ਅਵਤਾਰ ਸਿੰਘ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ। ਇਹ ਨੌਜਵਾਨ ਕਰਨਾਟਕ ਵਿਚ ਇਕ ਨਿਜੀ ਸੀਮੇਂਟ ਕੰਪਨੀ ਵਿਚ ਬਤੌਰ ਜੇਸੀਬੀ ਡਰਾਈਵਰ ਕੰਮ ਕਰਦਾ ਹੈ। ਇਹ ਘਟਨਾ 18 ਮਈ ਦੀ ਹੈ ਜਦ ਉਹ ਛੁੱਟੀ ਹੋਣ ਕਾਰਨ ਉਹ ਘਰ ਦਾ ਸਾਮਾਨ ਲੈਣ ਲਈ ਗੁਲਬਰਗ ਸ਼ਹਿਰ ਗਿਆ ਤਾਂ ਉਥੇ ਮੌਜੂਦ ਕੁੱਝ ਸ਼ਰਾਰਤੀ ਅਨਸਰਾਂ ਨੇ ਉਸ ਨੂੰ ਮਾੜੀ ਸ਼ਬਦਾਲੀ ਬੋਲਦਿਆਂ ਸ੍ਰੀ ਸਾਹਿਬ ਲਈ ਗ਼ਲਤ ਸ਼ਬਦਾਂ ਦੀ ਵਰਤੋਂ ਕੀਤੀ। ਉਨ੍ਹਾਂ ਇਹ ਬੋਲ ਕੇ ਵਿਵਾਦ ਸ਼ੁਰੂ ਕਰ ਦਿਤਾ ਕਿ ਤੂੰ ਅਪਣੇ ਨਾਲ



ਛੁਰਾ (ਸ੍ਰੀ ਸਾਹਿਬ) ਲੈ ਕੇ ਘੁੰਮ ਰਿਹਾ ਹੈ। ਵੇਖਦੇ ਹੀ ਵੇਖਦੇ ਲੋਕਾਂ ਦੀ ਭੀੜ ਨੇ ਉਸ ਨੂੰ ਇਕ ਕਮਰੇ ਵਿਚ ਬੰਦ ਕਰ ਕੇ ਉਸ ਨਾਲ ਬੁਰੀ ਤਰ੍ਹਾਂ ਕੁੱਟਮਾਰ ਸ਼ੁਰੂ ਕਰ ਦਿਤੀ ਅਤੇ ਉਸ ਦੇ ਕੇਸ ਪੁੱਟ ਦਿਤੇ, ਸ੍ਰੀ ਸਾਹਿਬ ਵੀ ਖੋਹ ਲਈ ਅਤੇ ਉਸ ਦੇ ਕਪੜੇ ਪਾੜ ਦਿਤੇ। ਹੁਣ ਪੀੜਤ ਅਵਤਾਰ ਸਿੰਘ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਕੋਲੋਂ ਇਨਸਾਫ਼ ਦੀ ਮੰਗ ਕੀਤੀ ਹੈ।

# ਕੈਨੇਡਾ : 'ਫੈਮਿਲੀ ਲਾਅ' ਵਿਚ ਬਦਲਾਅ ਲਈ ਸੰਸਦੀ ਪੇਸ਼ਕਦਮੀ

**ਟੋਰਾਂਟੋ/ਬਿਊਰੋ ਨਿਊਜ਼ :** ਕੈਨੇਡਾ ਸਰਕਾਰ ਨੇ ਹਾਲ ਹੀ ਵਿੱਚ 'ਫੈਮਿਲੀ ਲਾਅ' ਵਿੱਚ ਸੋਧ ਲਈ ਸੰਸਦ ਵਿੱਚ ਨਵਾਂ ਮਤਾ ਪੇਸ਼ ਕੀਤਾ ਹੈ। ਪਿਛਲੇ 20 ਸਾਲਾਂ ਦੌਰਾਨ ਪਹਿਲੀ ਵਾਰ ਅਜਿਹੀ ਤਬਦੀਲੀ 'ਤੇ ਵਿਚਾਰ ਹੋਇਆ ਹੈ, ਜਿਸ ਤਹਿਤ ਪਰਿਵਾਰਾਂ ਨੂੰ ਆਪਣੇ ਮਸਲੇ ਅਦਾਲਤ ਤੋਂ ਬਾਹਰ ਹੱਲ ਕਰਨ ਅਤੇ ਰਿਸ਼ਤਿਆਂ ਦੇ ਟੁੱਟਣ ਕਾਰਨ ਅੱਧ ਵਿਚਾਲੇ ਫਸੇ ਬੱਚਿਆਂ ਦੀ ਸਾਂਭ-ਸੰਭਾਲ ਲਈ ਸੁਖਾਲੇ ਰਾਹ ਲੱਭਣ ਦੇ ਪ੍ਰਸਤਾਵ ਰੱਖੇ ਗਏ ਹਨ। ਇਸ ਬਿੱਲ 'ਸੀ-78' ਬਾਰੇ ਖ਼ੁਲਾਸਾ ਬੀਤੇ ਦਿਨ ਮੁਲਕ ਦੀ ਨਿਆਂ ਮੰਤਰੀ ਜੌਡੀ ਵਿਲਸਨ ਨੇ ਕੀਤਾ। ਇਸ ਵਿੱਚ ਬੱਚਿਆਂ ਦੇ ਹਿੱਤਾਂ ਨੂੰ ਬਿਹਤਰ ਨਜ਼ਰੀਏ ਨਾਲ ਵੇਖਣ 'ਤੇ ਜ਼ੋਰ ਦਿੱਤਾ ਗਿਆ ਹੈ ਅਤੇ ਘਰੇਲੂ ਵਿਵਾਦ ਵਿੱਚ ਬੱਚਿਆਂ ਲਈ ਵਰਤੇ ਜਾਂਦੇ ਸ਼ਬਦ 'ਕਸਟਡੀ' ਜਾਂ ਐਕਸੈੱਸ' ਆਦਿ ਨੂੰ ਵੀ ਬਦਲਣ ਦਾ ਪ੍ਰਸਤਾਵ ਹੈ। ਮੰਤਰੀ ਨੇ ਆਖਿਆ ਕਿ ਸਰਕਾਰ 'ਸ਼ੇਅਰਡ ਕਸਟੱਡੀ' ਦੇ ਮਾਮਲਿਆਂ ਤੋਂ ਪਾਸੇ ਹੋ ਰਹੀ ਹੈ, ਕਿਉਂਕਿ ਇਹ ਕੁਝ ਕੇਸਾਂ ਵਿੱਚ ਬੱਚਿਆਂ ਦੇ ਹਿੱਤ ਵਿੱਚ ਨਹੀਂ ਹੈ।

ਉਨ੍ਹਾਂ ਕਿਹਾ ਕਿ ਅਦਾਲਤ ਨੂੰ ਬੱਚੇ ਦੀ ਸਰੀਰਕ, ਮਨੋਵਿਗਿਆਨਕ ਤੇ ਜਜ਼ਬਾਤੀ ਸੁਰੱਖਿਆ ਆਦਿ ਨੂੰ ਧਿਆਨ ਵਿੱਚ ਰੱਖਣਾ ਹੋਵੇਗਾ। ਵਿਰੋਧੀ ਪਾਰਟੀਆਂ ਨੇ ਵੀ ਇਸ ਮਤੇ ਦੀ ਪ੍ਰੋੜਤਾ ਕਰਦਿਆਂ ਹੋਰ ਮੁਲਾਂਕਣ ਕਰਨ ਦੀ ਗੱਲ ਆਖੀ ਹੈ। ਇਸ ਮਤੇ ਤਹਿਤ ਡਿਵੌਰਸ ਐਕਟ, ਪਰਿਵਾਰਕ ਸਮਝੌਤੇ, ਕੁਰਕੀ ਤੇ ਪੈਨਸ਼ਨ-ਵੰਡ ਦੇ ਐਕਟ ਵੀ ਸੋਧੇ ਜਾਣੇ ਹਨ। ਗ਼ੌਰਤਲਬ ਹੈ ਕਿ ਇਸ ਮਤੇ ਦੇ ਪਾਸ ਹੋਣ ਨਾਲ ਪਰਿਵਾਰਾਂ ਨੂੰ ਆਪਣੇ ਮਸਲੇ ਅਦਾਲਤ ਤੋਂ ਬਾਹਰ ਹੱਲ ਕਰਨ ਅਤੇ ਰਿਸ਼ਤਿਆਂ ਦੇ ਟੁੱਟਣ ਕਾਰਨ ਅੱਧ ਵਿਚਾਲੇ ਫਸੇ ਬੱਚਿਆਂ ਦੀ ਸਾਂਭ-ਸੰਭਾਲ ਲਈ ਸੁਖਾਲੇ ਰਾਹ ਲੱਭ ਸਕਣਗੇ।




A-ONE EXPRESS




SmartWay Transport Partnership
U.S. ENVIRONMENTAL PROTECTION AGENCY

6120 Faith Home Rd Ceres, CA 95307

TOLL FREE 888.725.7441 OFFICE : 209.537.0975 FAX : 209.537.0375

ਅੰਮ੍ਰਿਤਸਰ ਟਾਈਮਜ਼ AMRITSAR TIMES
30 ਮਈ 2018 ਤੋਂ 04 ਜੂਨ 2018

## ਇੱਕੀਵੀਂ ਸਦੀ 'ਚੋਂ ਦਿਖਦਾ 'ਬਲਿਊ ਸਟਾਰ'

ਹਰ ਸਾਲ ਦੁਨੀਆ ਭਰ ਵਿਚ ਵਸਦੀ ਸਿੱਖ ਕੌਮ ਜੂਨ ਮਹੀਨੇ ਦੇ ਪਹਿਲੇ ਹਫਤੇ ਸੰਨ 1984 ਵਿਚ ਹਿੰਦੂਸਤਾਨੀ ਹਕੂਮਤ ਦੁਆਰਾ 'ਓਪਰੇਸ਼ਨ ਬਲਿਊ ਸਟਾਰ' (ਨੀਲਾ ਤਾਰਾ) ਦੇ ਨਾਮ ਹੇਠ ਪੰਜਾਬ ਭਰ ਵਿਚ ਕੀਤੀ ਗਈ ਘਿਨਾਉਣੀ ਫੌਜੀ ਕਾਰਵਾਈ ਦਾ ਮਾਤਮ ਮਨਾਉਂਦੀ ਹੈ। ਇਸ ਵਾਕਿਆ ਨੂੰ ਇਤਿਹਾਸ ਨੇ ਤੀਜੇ ਘੱਲੂਘਾਰੇ ਦਾ ਨਾਮ ਦਿਤਾ ਹੈ। ਸਿੱਖ ਤਵਾਰੀਖ ਵਿਚ ਵਾਪਰੇ ਪਹਿਲੇ ਦੋ ਘੱਲੂਘਾਰੇ 18ਵੀਂ ਸਦੀ ਦੇ ਹਨ, ਜਦੋਂ ਦੇਸ਼ ਉਤੇ ਮੁਗਲਾਂ ਦਾ ਰਾਜ ਸੀ ਪਰ ਇਹ ਤੀਜਾ ਘੱਲੂਘਾਰਾ ਉਸ ਕਾਲ ਵਿਚ ਵਾਪਰਿਆ ਜਦੋਂ ਇਸ ਗੱਲ ਦਾ ਹੋਕਾ ਦਿਤਾ ਜਾ ਰਿਹਾ ਹੈ ਕਿ ਅਸੀਂ ਆਜ਼ਾਦ ਹਾਂ ਅਤੇ ਭਾਰਤ ਸਿੱਖਾਂ ਦਾ ਆਪਣਾ ਦੇਸ਼ ਹੈ। ਭਾਰਤ ਦੀ ਇਸ ਕਥਿਤ ਆਜ਼ਾਦੀ ਦਾ ਮੁੱਲ ਵੀ ਜਾਨੀ ਤੇ ਮਾਲੀ ਤੌਰ 'ਤੇ ਸਭ ਤੋਂ ਵੱਧ ਸਿੱਖ ਕੌਮ ਨੇ ਹੀ ਲਾਹਿਆ ਸੀ ਪਰ ਆਖਰ ਇਸੇ ਆਜ਼ਾਦੀ ਨੂੰ ਸਿੱਖ ਕੌਮ ਦਾ ਵੱਡਾ ਹਿੱਸਾ ਜੇਕਰ ਅੱਜ ਗੁਲਾਮੀ ਮੰਨਣ ਲੱਗਾ ਹੈ ਤਾਂ ਇਸ ਦੇ ਬਹੁਤ ਸਾਰੇ ਕਾਰਨਾਂ ਸਮੇਤ ਇਕ ਵੱਡਾ ਕਾਰਨ ਜੂਨ-1984 ਵਿਚ ਸਿੱਖ ਕੌਮ ਦੇ ਪਵਿੱਤਰ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸਮੇਤ ਪੰਜਾਬ ਦੇ ਤਿੰਨ ਦਰਜਨ ਤੋਂ ਵੱਧ ਸਿੱਖ ਗੁਰਧਾਮਾਂ 'ਤੇ ਕੀਤੀ ਫੌਜੀ ਕਾਰਵਾਈ ਨੂੰ ਮੰਨਿਆ ਜਾਂਦਾ ਹੈ।

ਇਸ ਫੌਜੀ ਹਮਲੇ ਦੌਰਾਨ ਸ੍ਰੀ ਅਕਾਲ ਸਾਹਿਬ ਨੂੰ ਢਹਿਢੇਰੀ ਕਰਨ ਦੇ ਨਾਲ ਨਾਲ ਸਿੱਖਾਂ ਦੀ ਅਸਮਤ ਨੂੰ ਵੀ ਡੇਗਣ ਦੀਆਂ ਯੋਜਨਾਬੱਧ ਸਾਜਿਸ਼ਾਂ ਨੇ ਸਮੁੱਚੀ ਕੌਮ ਦੇ ਹਿਰਦੇ ਵਿਚ ਇਕ ਅਜਿਹੀ ਟੀਸ ਭਰੀ ਹੈ ਜੋ ਅੱਜ 34 ਸਾਲ ਬਾਅਦ ਵੀ ਉਵੇਂ ਹੀ ਟਸਕਦੀ ਆ ਰਹੀ ਹੈ। ਸ੍ਰੀ ਅਕਾਲ ਤਖਤ ਸਾਹਿਬ ਦੀ ਢਹਿਢੇਰੀ ਕੀਤੀ ਗਈ ਇਮਾਰਤ ਤਾਂ ਸਿੱਖਾਂ ਵੱਲੋਂ ਦੁਬਾਰਾ ਉਸਾਰ ਲਈ ਗਈ ਪਰ ਸਿੱਖ ਹਿਰਦਿਆਂ ਉਤੇ ਝਰੀਟੀ ਗਈ 'ਲਹੂ ਦੀ ਲਕੀਰ' ਨਾਸੂਰ ਬਣ ਗਈ ਹੈ।

ਸਿੱਖ ਧਰਮ ਦੇ ਸਭ ਤੋਂ ਪਵਿੱਤਰ ਅਸਥਾਨ 'ਤੇ ਇਕ ਵੱਡਾ ਫ਼ੌਜੀ ਹਮਲਾ ਕਰਨ ਵਾਲੇ ਦਿਨ ਸਰਕਾਰ ਨੇ ਇਹ ਵੀ ਨਾ ਸੋਚਿਆ ਕਿ ਇਸ ਦਿਨ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਹੋਣ ਕਰਕੇ ਬਹੁਤ ਸਾਰੇ ਆਮ ਸਿੱਖ ਵੀ ਮੌਤ ਦੇ ਮੂੰਹ ਜਾਣਗੇ। ਅਜਿਹਾ ਸਭ ਸਿੱਖਾਂ ਦੀ ਨਸਲਕੁਸ਼ੀ ਕਰਨ ਦੀ ਸੋਚੀ ਸਮਝੀ ਸਾਜਿਸ਼ ਵੱਲ ਹੀ ਇਸ਼ਾਰਾ ਕਰਦਾ ਹੈ। ਭਾਰਤੀ ਫੌਜ ਵੱਲੋਂ ਬਲਿਊ ਸਟਾਰ ਓਪਰੇਸ਼ਨ ਦੇ ਸਮੇਂ ਅਤੇ ਬਾਅਦ ਵਿਚ ਜੋ ਬਹੁਤ ਹੀ ਘਟੀਆ ਕਿਸਮ ਦਾ ਵਿਵਹਾਰ ਸਿੱਖਾਂ ਨਾਲ ਕੀਤਾ ਗਿਆ, ਦਰਅਸਲ ਉਹ ਸਿਰਫ ਕਿਸੇ ਬਗ਼ਾਵਤ ਨੂੰ ਦਬਾਉਣ ਮਾਤਰ ਲਈ ਹੀ ਨਹੀਂ, ਸਗੋਂ ਸਮੁੱਚੀ ਸਿੱਖ ਕੌਮ ਨੂੰ ਹਮੇਸ਼ਾ ਲਈ ਦਬਾ ਕੇ ਰੱਖਣ ਅਤੇ ਸਬਕ ਸਿਖਾਉਣ ਦੀ ਨੀਅਤ ਦਾ ਵਿਖਾਵਾ ਸੀ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਕੀਤੀ ਗਈ ਫਿਰਕੂ ਹਿੰਸਾ ਦੌਰਾਨ ਸਿੱਖਾਂ ਦਾ ਬੇਤਹਾਸ਼ਾ ਕਤਲੇਆਮ ਕਰਨਾ ਵੀ ਇਸੇ ਪ੍ਰਸੰਗ ਵਿਚ ਦੇਖੀ ਜਾਣ ਵਾਲੀ ਕੌੜੀ ਸਚਾਈ ਹੈ।

ਅੱਜ ਜਦੋਂ ਅਸੀਂ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਖੜ੍ਹ ਕੇ ਵੀਹਵੀਂ ਸਦੀ ਦੇ ਨੌਂਵੇਂ ਦਹਾਕੇ ਵਿਚ ਵਾਪਰੇ ਇਸ ਤੀਜੇ ਘੱਲੂਘਾਰੇ ਨੂੰ ਦੇਖਦੇ ਹਾਂ ਤਾਂ ਸਾਡੇ ਸਾਹਮਣੇ ਮੌਜੂਦਾ ਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਦੇ ਭਵਿੱਖ ਦਾ ਸਵਾਲ ਭਾਰਤ ਨਾਲ ਆਪਣੀ ਹੋਣੀ ਜੋੜ ਕੇ ਰੱਖਣ ਜਾ ਤੋੜ ਵਿਛੋੜਾ ਕਰ ਲੈਣ ਦੇ ਰੁਪ ਵਿਚ ਗੰਭੀਰ ਵਿਚਾਰ ਦੀ ਮੰਗ ਕਰਦਾ ਹੈ। ਜੂਨ- ਜੂਨ-1984 ਅਤੇ ਬਾਅਦ ਵਿਚ ਨਵੰਬਰ-1984 ਵਿਚ ਜਾਂ ਉਸ ਤੋਂ ਬਾਅਦ ਵਿਚ ਸਿੱਖਾਂ ਉਤੇ ਚੱਲੇ ਲੰਮੇ ਤਸ਼ੱਦਦ ਦੇ ਦੌਰ ਦੌਰਾਨ ਜੋ ਕੁਝ ਹੋਇਆ-ਵਾਪਰਿਆ ਸਾਡੇ ਸਭ ਦੇ ਸਾਹਮਣੇ ਹੈ। ਹਿੰਦੂਸਤਾਨੀ ਰਾਸ਼ਟਰਵਾਦ ਦੀਆਂ ਜਿੰਨੀਆਂ ਵੀ ਵੰਨਗੀਆਂ ਅੱਜ ਸਾਡੇ ਸਾਹਮਣੇ ਆ ਰਹੀਆਂ ਹਨ, ਕਿਸੇ ਕੋਲ ਵੀ ਸਿੱਖਾਂ ਤੇ ਪੰਜਾਬ ਨਾਲ ਹੋਈਆਂ ਧੱਕੇਸ਼ਾਹੀਆਂ ਨੂੰ ਅੱਗੇ ਵਾਸਤੇ ਰੋਕਣ ਬਾਰੇ ਨਾ ਕੋਈ ਸਪੱਸ਼ਟ ਨਜਰੀਆ ਹੈ ਤੇ ਨਾ ਹੀ ਸਿੱਖਾਂ ਨਾਲ ਵਾਪਰੇ ਦੁਖਾਂਤ ਬਾਰੇ ਇਨਸਾਫ ਦੇਣ ਦੀ ਇੱਛਾ-ਸ਼ਕਤੀ ਹੈ। ਨਿੱਜੀ ਤੌਰ 'ਤੇ ਇੱਕਾ-ਦੁੱਕਾ ਆਗੂਆਂ ਦੀ ਹਮਦਰਦੀ ਜਾਂ ਅਦਾਲਤਾਂ ਦੇ ਛਿੱਟਪੁੱਟ ਫੈਸਲੇ ਸਿੱਖ ਕੌਮ ਦੇ ਭਾਰਤ ਵਿਚ ਟੁੱਟ ਚੁੱਕੇ ਧਰਵਾਸ ਨੂੰ ਮੁੜ ਬੰਨ੍ਹਣ ਦਾ ਕੰਮ ਨਹੀਂ ਕਰ ਸਕਦੇ। ਅੱਜ ਨਾ ਤਾਂ ਸੰਤ ਜਰਨੈਲ ਸਿੰਘ ਹੈ ਅਤੇ ਨਾ ਹੀ ਬਗਾਵਤ ਉਤੇ ਆਏ ਸਿੱਖ ਨੌਜਵਾਨ ਹੀ ਮੈਦਾਨ ਵਿਚ ਹਨ ਪਰ ਪੰਜਾਬ ਅਤੇ ਸਿੱਖਾਂ ਦੇ ਉਹ ਮਸਲੇ ਜਿਉਂ ਦੇ ਤਿਉਂ ਕਾਇਮ ਹਨ, ਜਿਨ੍ਹਾਂ ਕਰਕੇ ਇੰਨਾ ਖ਼ੂਨ-ਖਰਾਬਾ ਹੋਇਆ। ਸਰਕਾਰਾਂ ਪਹਿਲਾਂ ਵਾਂਗ ਹੀ ਅੱਜ ਵੀ ਪੰਜਾਬ ਦੀ ਸਮੱਸਿਆ ਨੂੰ ਕੇਵਲ ਅਮਨ ਕਾਨੂੰਨ ਦੇ ਨਜ਼ਰੀਏ ਤੋਂ ਹੀ ਵੇਖਦੀਆਂ ਆ ਰਹੀਆਂ ਹਨ। ਸਗੋਂ ਅੱਜ ਹਿੰਦੂਸਤਾਨ ਵਿਚ ਘੱਟ ਗਿਣਤੀਆਂ ਲਈ ਹਾਲਾਤ ਹੋਰ ਬਦ ਤੋਂ ਬਦਤਰ ਹੀ ਹੋਏ ਹਨ। ਇਹ ਗੱਲ ਵੱਖਰੀ ਹੈ ਕਿ ਹੁਣ ਫਿਰਕਾਪ੍ਰਸਤ ਤਾਕਤਾਂ ਦੇ ਨਿਸ਼ਾਨੇ ਉਤੇ ਸਿੱਖਾਂ ਦੀ ਬਜਾਇ ਮੁਸਲਮਾਨ ਵਧੇਰੇ ਹਨ। ਇਸ ਕਰਕੇ ਇਸ ਗੱਲ ਦੀ ਕੋਈ ਜ਼ਾਮਨੀ ਨਹੀਂ ਹੈ ਕਿ ਭਵਿੱਖ ਵਿਚ ਸਿੱਖਾਂ ਨਾਲ ਮੁੜ ਅਜਿਹਾ ਕੁਝ ਨਹੀਂ ਵਾਪਰਦਾ ਜਾਂ ਸਿੱਖ ਹੁਣ ਇਥੇ ਬਿਲਕੁਲ ਮਹਿਫ਼ੂਜ਼ ਹਨ। ਹਰ ਰੋਜ਼ ਹੀ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਆ ਰਹੀਆਂ ਹਨ, ਜੋ 'ਭਾਰਤ ਮਾਤਾ' ਦੀ ਬੁੱਕਲ ਵਿਚ ਪਲ ਰਹੇ ਹਿੰਦੂ ਰਾਸ਼ਟਰਵਾਦ ਦੇ ਘਿਨਾਉਣੇ ਚਿਹਰੇ ਤੋਂ ਕਥਿਤ ਧਰਮ ਨਿਰਪੱਖਤਾ ਦਾ ਨਕਾਬ ਲਾਹ ਰਹੀਆਂ ਹਨ। ਹੁਣ ਦੀ ਸਿੱਖ ਪੀੜ੍ਹੀ ਜੂਨ- 1984 ਦੇ ਘੱਲੂਘਾਰੇ ਨੂੰ ਕਈ ਕੋਣਾਂ ਤੋਂ ਦੇਖਦੀ-ਵਾਚਦੀ ਹੈ। ਇਸ ਦੀ ਪੀੜ ਕਾਫੀ ਸਮਾਂ ਗੁਜ਼ਰ ਜਾਣ ਦੇ ਬਾਵਜੂਦ ਹਰ ਸਿੱਖ ਮਨ ਦੇ ਧੁਰ ਅੰਦਰ ਕਿਤੇ ਵਿਦਮਾਨ ਰਹੀ ਹੈ। ਇਹ ਜ਼ਰੂਰੀ ਨਹੀਂ ਹੁੰਦਾ ਕਿ ਹਰ ਵੇਲੇ ਕਿਸੇ ਘਟਨਾ ਦਾ ਅਸਰ ਕਿਸੇ ਖਾਸ ਰੁਪ ਵਿਚ ਹੀ ਨਿਕਲੇ। ਸਿੱਖਾਂ ਅੰਦਰ ਬੇਗਾਨਗੀ ਦਾ ਅਹਿਸਾਸ ਸਗੋਂ ਇੰਨਾ ਸਮਾਂ ਬੀਤ ਜਾਣ ਤੋਂ ਬਾਅਦ ਇਨਸਾਫ ਨਾ ਮਿਲਣ ਕਰਕੇ ਹੋਰ ਗਹਿਰਾ ਹੋ ਗਿਆ ਹੈ। 'ਓਪਰੇਸ਼ਨ ਬਲਿਊ ਸਟਾਰ' ਦੀ ਕਸਕ ਸਮਾਂ ਗੁਜ਼ਰਨ ਨਾਲ ਮੱਠੀ ਪੈਣ ਦੀ ਥਾਂ ਹੋਰ ਤੀਬਰ ਹੋਈ ਹੈ। ਮਨੋਵਿਗਿਆਨ ਦੇ ਪੱਖ ਤੋਂ ਬਹੁਤ ਸਾਰੇ ਚਿੰਤਕ ਇਸ ਗੱਲ ਨਾਲ ਸਹਿਮਤ ਹੋ ਰਹੇ ਹਨ ਕਿ ਪੰਜਾਬ ਵਿਚੋਂ ਨੌਜਵਾਨ ਸਿੱਖ ਤਬਕੇ ਦਾ ਵਿਦੇਸ਼ਾਂ ਵੱਲ ਜਾਣ ਦਾ ਰੁਝਾਨ ਵੀ ਕਿਤੇ ਨਾ ਕਿਤੇ ਭਾਰਤ 'ਚ ਉਨ੍ਹਾਂ ਦੇ ਸੁਰੱਖਿਅਤ ਭਵਿੱਖ ਪ੍ਰਤੀ ਪਾਏ ਜਾ ਖਦਸ਼ਿਆਂ ਦੇ ਕਾਰਨ ਹੀ ਬਾਕੀ ਭਾਰਤੀ ਰਾਜਾਂ ਨਾਲੋਂ ਸਭ ਤੋਂ ਵੱਧ ਹੈ। ਸੁਰੱਖਿਅਤ ਭਵਿੱਖ ਦੇ ਇਹ ਖਦਸ਼ੇ ਭਾਵੇਂ ਪਰਤੱਖ ਰੂਪ ਵਿਚ ਕੇਵਲ ਖ਼ੁਸ਼ਹਾਲ ਆਰਥਿਕਤਾ ਦੇ ਪ੍ਰਸੰਗ ਵਿਚ ਹੀ ਦੇਖੇ ਜਾਂਦੇ ਹਨ ਪਰ ਵਿਦੇਸ਼ ਗਏ ਸਿੱਖ ਨੌਜਵਾਨਾਂ ਦੀ ਵੱਡੀ ਗਿਣਤੀ ਦਾ ਸਿੱਖ ਰਾਜਨੀਤੀ ਦੇ ਖਾਲਿਸਤਾਨ ਪੱਖੀ ਮੁਹਾਜ਼ ਦੀ ਪਿੱਠ ਪੂਰਨਾ ਉਨ੍ਹਾਂ ਦੇ ਅੰਤਰ ਮਨ ਵਿਚ ਹਿੰਦੂਸਤਾਨ ਵਿਚ ਸਿੱਖਾਂ ਉਤੇ ਹੋਏ ਜ਼ੁਲਮ ਕਾਰਨ ਪੈਦਾ ਹੋਏ ਬੇਗਾਨਗੀ ਦੇ ਅਹਿਸਾਸ ਦੀ ਤੀਬਰਤਾ ਨੂੰ ਹੀ ਦਰਸਾਉਂਦਾ ਹੈ। ਵਿਸ਼ਵ ਪੱਧਰ ਉਤੇ ਅੱਜ ਦਾ ਜ਼ਮਾਨਾ ਰਾਜਨੀਤਕ, ਸਮਾਜਕ ਤੇ ਆਰਥਿਕ ਮੁਹਾਜ਼ ਉਤੇ ਕਾਫੀ ਤੇਜ਼ੀ ਨਾਲ ਬਦਲ ਰਿਹਾ ਹੈ। ਹੁਣ ਕੌਮਾਂ ਵਾਸਤੇ ਆਜ਼ਾਦੀ ਦੇ ਘੋਲ ਲੜਨ ਲਈ 'ਹਥਿਆਰ ਚੁੱਕਣ' ਦੀ ਪਰਿਭਾਸ਼ਾ ਬਦਲ ਗਈ ਹੈ। ਵਿਚਾਰਾਂ ਦੀ ਜੰਗ ਹਮੇਸ਼ਾ ਕਲਮਾਂ ਤੇ ਦਿਮਾਗਾਂ ਨਾਲ ਲੜੀ ਜਾਂਦੀ ਹੈ। ਹੁਣ ਤੁਹਾਡੀ ਗੱਲ ਸੁਣਨ ਵਾਸਤੇ ਵਿਸ਼ਵ ਇਕ ਮੰਚ ਬਣ ਗਿਆ ਹੈ। ਸੰਯੁਕਤ ਰਾਸ਼ਟਰ ਸੰਘ ਦੇ ਕਈ ਸਾਰੇ ਨੇਮਾਂ ਨੂੰ ਅਪਣਾ ਕੇ ਬਹੁਤ ਸਾਰੇ ਦੇਸ਼ ਅਤੇ ਕੌਮਾਂ ਆਪਣੇ ਗੰਭੀਰ ਮਾਮਲੇ ਹੱਲ ਕਰ ਰਹੇ ਹਨ। ਆਤਮ ਨਿਰਣੇ ਦਾ ਅਧਿਕਾਰ ਆਜ਼ਾਦੀ ਲਈ ਜੂਝ ਰਹੀਆਂ ਕੌਮਾਂ ਵਾਸਤੇ ਰੌਸ਼ਨੀ ਦੀ ਕਿਰਨ ਲੈ ਕੇ ਆਇਆ ਹੈ। ਸਾਨੂੰ 'ਓਪਰੇਸ਼ਨ ਬਲਿਊ ਸਟਾਰ' ਦੀ ੩੪ਵੀਂ ਵਰ੍ਹੇਗੰਢ ਮੌਕੇ ਇਸ ਘੱਲੂਘਾਰੇ ਨੂੰ ਅੱਜ ਦੇ ਹਾਲਾਤ ਦੀ ਨਿਸਬਤ ਚੇਤਿਆਂ ਵਿਚ ਰੱਖ ਕੇ ਹੀ ਮੰਜਿਲ ਦੀ ਪ੍ਰਾਪਤੀ ਵੱਲ ਵਧਣਾ ਹੋਵੇਗਾ।

*ਸਾਕਾ ਨੀਲਾ ਤਾਰਾ*

# ਕਿਸ ਨੇ ਕੀ ਪਾਇਆ, ਕਿਸ ਨੇ ਕੀ ਗੁਆਇਆ ?




**ਸਵਾਲ ਤਾਂ ਇਹ ਹੈ ਕਿ ਸਰਕਾਰ ਨੇ ਕਿਹਾ ਸੀ ਕਿ ਸ੍ਰੀ ਦਰਬਾਰ ਸਾਹਿਬ ਵਿਚ ਫ਼ੌਜ ਇਸ ਕਰਕੇ ਭੇਜਣੀ ਪਈ ਕਿਉਂਕਿ ਉਥੇ ਸੰਤ ਭਿੰਡਰਾਂਵਾਲਿਆਂ ਦੀ ਕਮਾਨ ਹੇਠ ਹਥਿਆਰਬੰਦ ਬਾਗ਼ੀਆਂ ਨੇ ਕਬਜ਼ਾ ਕਰ ਲਿਆ ਸੀ, ਉਸ ਨੂੰ ਮੁਕਤ ਕਰਵਾਉਣਾ ਸੀਂ' ਪਰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਨਾਲ-ਨਾਲ ਪੰਜਾਬ ਦੇ ਹੋਰ 38 ਗੁਰਦੁਆਰਿਆਂ ਵਿਚ ਕਿਉਂ ਇਕੋ ਸਮੇਂ ਫ਼ੌਜ ਦਾ ਹਮਲਾ ਹੋਇਆ ? ਇਹ ਪ੍ਰਕਿਰਿਆ ਕਿਸੇ ਵੱਡੀ ਸਿਆਸੀ ਸਾਜ਼ਿਸ਼ ਵੱਲ ਸੰਕੇਤ ਕਰਦੀ ਹੈ।**

### ਜਸਪਾਲ ਸਿੰਘ ਸਿੱਧੂ

ਜੂਨ ਦੇ ਪਹਿਲੇ ਹਫ਼ਤੇ 1984 ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਹੋਏ ਫ਼ੌਜੀ ਹਮਲੇ ਦੀ ਬਰਬਰਤਾ ਅਤੇ ਨਾਜ਼ੀ-ਕਰੋਪੀ ਜਿਸ ਕਾਰਨ



ਹਜ਼ਾਰਾਂ ਬੇਗੁਨਾਹ ਲੋਕਾਂ ਦਾ ਘਾਣ ਹੋ ਗਿਆ ਸੀ, ਦੀ ਵਿਅਕਤੀਗਤ ਅਤੇ ਸਮੂਹਿਕ ਦੁੱਖ-ਪੀੜਾਂ ਦੀ ਸ਼ਿੱਦਤ ਹੁਣ ਮੱਠੀ ਪੈ ਗਈ ਹੈ। ਚੌਥਾ ਹਿੱਸਾ ਸਦੀ ਦੇ ਗੁਜ਼ਰਨ ਤੋਂ ਬਾਅਦ ਅੱਜ, ਸਿੱਖ ਭਾਈਚਾਰੇ ਵਿਚ ਉਸ ਸਮੇਂ ਪੈਦਾ ਹੋਏ ਵਿਤਕਰੇ, ਗੁੱਸੇ, ਰੋਹ ਅਤੇ ਬੇਵਸੀ ਦੇ ਮਿਲਦੇ ਅਹਿਸਾਸ ਕਾਫ਼ੀ ਹੱਦ ਤੱਕ ਇਸ ਲੰਬੇ ਸਮੇਂ ਨੇ ਖਾਰਜ ਕਰ ਦਿੱਤੇ ਹਨ।

ਨੀਲਾ ਤਾਰਾ ਸਾਕਾ ਦੇ ਵਾਪਰਨ ਤੋਂ ਦੋ ਕੁ ਸਾਲ ਪਹਿਲਾਂ ਜਿਸ ਤੀਬਰ ਗਤੀ ਨਾਲ ਸਿਆਸੀ ਚਾਲਾਂ ਚੱਲੀਆਂ ਗਈਆਂ, ਸ੍ਰੀ ਦਰਬਾਰ ਸਾਹਿਬ ਦੇ ਧਾਰਮਿਕ ਕੇਂਦਰ ਨੂੰ ਧੁਰਾ ਬਣਾ ਕੇ ਸਮੁੱਚੇ ਸਿੱਖ ਭਾਈਚਾਰੇ ਅਤੇ ਉਨ੍ਹਾਂ ਦੀਆਂ ਸਿਆਸੀ ਸਮਾਜਿਕ ਸਰਗਰਮੀਆਂ ਦਾ ਪਿੜ ਅਤੇ ਪੰਜਾਬ ਨੂੰ ਦੇਸ਼ ਵਿਚ ਗੜਬੜ ਦੇ ਕੇਂਦਰ-ਬਿੰਦੂ ਵਜੋਂ ਉਭਾਰਿਆ ਗਿਆ ਜਾਂ ਉਭਰਿਆ, ਇਹ ਸਭ ਕੁਝ ਸਿੱਖ ਇਤਿਹਾਸਕ ਸਿਮਰਤੀ ਦਾ ਹੁਣ ਹਿੱਸਾ ਬਣ ਚੁੱਕਿਆ ਹੈ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਉਨ੍ਹਾਂ ਦੀ ਦਮਦਮੀ ਟਕਸਾਲ ਦੇ ਸਰੋਕਾਰ ਅਤੇ ਸੰਨ 1982 ਵਿਚ ਸ਼ੁਰੂ ਹੋਇਆ 'ਅਕਾਲੀ ਮੋਰਚਾ' ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ 'ਮਰਜੀਵੜੇ' ਵਲੰਟੀਅਰਾਂ ਨੂੰ ਤਿਆਰ ਕਰਨਾ, ਦੂਜੇ ਪਾਸੇ ਹਥਿਆਰਬੰਦ ਕਾਰਕੁਨਾਂ ਨੂੰ ਸ੍ਰੀ ਦਰਬਾਰ ਸਾਹਿਬ ਉਤੇ 'ਬਾਹਰੀ ਹਮਲੇ' ਦੇ ਮੁਕਾਬਲੇ ਲਈ ਤਿਆਰ ਕਰਨਾ ਆਦਿ ਸਭ ਜ਼ਾਹਰਾ ਵਾਕਿਆਤ ਹਨ ਅਤੇ ਅਭੁੱਲ ਸਚਾਈਆਂ ਹਨ, ਜਿਨ੍ਹਾਂ ਬਾਰੇ ਕਾਫ਼ੀ ਕੁਝ ਲਿਖਿਆ ਜਾ ਚੁੱਕਿਆ ਹੈ ਅਤੇ ਕਈ ਦਸਤਾਵੇਜ਼ੀ ਸਬੂਤ ਵੀ ਮੌਜੂਦ ਹਨ।

ਹਾਂ, ਕਾਂਗਰਸ ਪਾਰਟੀ, ਜਿਸ ਨੇ ਬਲਿਊ ਸਟਾਰ ਸਾਕੇ ਤੋਂ 38-40 ਸਾਲ ਪਹਿਲਾਂ ਪੰਜਾਬ ਵਿਚ ਤਕਰੀਬਨ ਲਗਾਤਾਰ ਰਾਜ ਕੀਤਾ ਸੀ ਅਤੇ ਜਿਸ ਕਰਕੇ ਸੂਬੇ ਵਿਚ ਸਿਆਸੀ ਗੁੰਝਲਾਂ ਪੈਦਾ ਹੋਈਆਂ, ਦੀ ਲੀਡਰ ਸੋਨੀਆ ਗਾਂਧੀ ਨੇ ਫ਼ੌਜੀ ਹਮਲੇ ਤੋਂ 14 ਸਾਲ ਬਾਅਦ ਸਿੱਖ ਭਾਈਚਾਰੇ ਪ੍ਰਤੀ ਕੁਝ ਹਮਦਰਦੀ ਜਤਾ ਕੇ, ਮੁੜ ਸਿਆਸੀ ਸਾਂਝ ਪਾਉਣ ਦੀ ਕੋਸ਼ਿਸ਼ ਕੀਤੀ ਹੈ। 27 ਜਨਵਰੀ, 1998 ਨੂੰ ਚੰਡੀਗੜ੍ਹ ਵਿਖੇ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕਿਹਾ ਸੀ, 'ਜੋ ਕੁਝ ਜੂਨ ਛੇ ਕੋ ਹੁਆ ਉਸ ਕਾ ਮੁਝੇ ਦੁੱਖ ਹੈ।' ਇਹ ਬੜੇ ਮਿਣੇ-ਤੋਲੇ ਸ਼ਬਦ ਸਨ, ਜਿਨ੍ਹਾਂ ਨੂੰ ਕਾਂਗਰਸ ਪਾਰਟੀ ਵੱਲੋਂ ਅਫ਼ਸੋਸ ਦਾ ਪ੍ਰਗਟਾਵਾ ਨਹੀਂ ਕਿਹਾ ਜਾ ਸਕਦਾ। ਇਸ ਪਿਛੋਂ 2004 ਵਿਚ ਜਦੋਂ ਕਾਂਗਰਸ ਦੀ ਕੇਂਦਰ ਵਿਚ ਸਰਕਾਰ ਆਈ ਤਾਂ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਨੇ ਪਾਰਲੀਮੈਂਟ ਵਿਚ ਆਪਣੇ ਭਾਸ਼ਣ ਦੌਰਾਨ ਨੀਲਾ ਤਾਰਾ ਸਾਕਾ ਦੇ ਸਬੰਧ ਵਿਚ 'ਮੁਆਫ਼ੀ ਮੰਗੀ' ਅਤੇ ਸ੍ਰੀ ਦਰਬਾਰ ਸਾਹਿਬ ਵਿਚ ਹੋਈਆਂ ਕਾਰਵਾਈਆਂ ਉਤੇ ਦੁੱਖ ਪ੍ਰਗਟ ਕੀਤਾ। ਖ਼ੈਰ ਕਾਂਗਰਸ ਵੀ ਇਸ ਮੌਕੇ ਦੀ ਤਾਕ ਵਿਚ ਸੀ ਕਿ ਸਮੇਂ ਦੇ ਵਹਿਣ ਨਾਲ ਸਿੱਖ ਭਾਈਚਾਰੇ ਨੂੰ ਲੱਗੀ ਭਾਵਨਾਤਮਿਕ ਚੋਟ ਕੁਝ ਸ਼ਾਂਤ ਹੋ ਜਾਵੇ, ਉਨ੍ਹਾਂ ਦੇ ਜ਼ਖ਼ਮਾਂ ਦੀ ਟੀਸ ਕੁਝ ਮੱਧਮ ਹੋ ਜਾਵੇ ਤਾਂ ਥੋੜ੍ਹੀ ਬਹੁਤੀ ਮਲ੍ਹਮ ਲਾ ਕੇ ਸਿਆਸੀ ਲਾਹਾ ਲਿਆ ਜਾ ਸਕਦਾ ਹੈ। ਮਸਲਾ ਤਾਂ ਇਹ ਹੈ ਕਿ ਕਿਉਂ ਡਾ: ਮਨਮੋਹਨ ਸਿੰਘ ਵੱਲੋਂ ਹੀ ਸਿਰਫ਼ ਭਾਸ਼ਣ ਦੌਰਾਨ ਹੀ ਮੁਆਫ਼ੀ ਮੰਗੀ ਗਈ। ਭਾਵੇਂ ਉਹ ਦੇਸ਼ ਦੇ ਪ੍ਰਧਾਨ ਮੰਤਰੀ ਦੀ ਹੈਸੀਅਤ ਵਿਚ ਹੀ ਸੰਸਦ ਵਿਚ ਬੋਲ ਰਹੇ ਸਨ ਪਰ ਸਿੱਖ ਹੋਣ ਕਰਕੇ ਡਾ: ਮਨਮੋਹਨ ਸਿੰਘ ਦਾ ਮੁਆਫ਼ੀ ਮੰਗਣਾ ਆਪਣੇ 'ਮਨ' ਦੇ ਭਾਰ ਨੂੰ ਹੌਲਾ ਕਰਨਾ ਵੀ ਹੋ ਸਕਦਾ ਹੈ। ਇਹ ਐਵੇਂ ਮੀਨਮੇਖ ਕੱਢਣਾ ਨਹੀਂ, ਬਲਕਿ ਸਿਆਸੀ ਰਣਨੀਤੀ ਹੈ, ਜਿਸ ਕਰਕੇ ਅਜਿਹੀ ਮੁਆਫ਼ੀ ਵੀ ਕਿਸੇ ਗ਼ੈਰ-ਸਿੱਖ ਭਾਰਤੀ ਨੇਤਾ ਤੋਂ ਨਹੀਂ ਮੰਗਵਾਈ ਗਈ ? ਇਸ ਤੋਂ ਵੀ ਅੱਗੇ, ਸ੍ਰੀ ਦਰਬਾਰ ਸਾਹਿਬ ਵਿਚ ਫ਼ੌਜਾਂ 'ਭਾਰਤੀ ਸਟੇਟ' ਨੇ ਭੇਜੀਆਂ ਸਨ ਅਤੇ ਸਰਕਾਰ ਸਟੇਟ ਦੀ ਕਮਾਨ ਉਸ ਸਮੇਂ ਕਾਂਗਰਸ ਕੋਲ ਸੀ।

ਇਸ ਕਰਕੇ 'ਮੁਆਫ਼ੀ' ਸਮੁੱਚੀ ਸਟੇਟ ਵੱਲੋਂ ਮੰਗਣੀ ਬਣਦੀ ਹੈ ਜਾਂ ਇਹ ਕਹਿ ਲਵੋ ਕਿ ਸੰਸਦ ਵਿਚ ਕਾਂਗਰਸ ਨੂੰ ਮੁਆਫ਼ੀ ਦਾ ਮਤਾ ਲੈ ਕੇ ਆਉਣਾ ਚਾਹੀਦਾ ਸੀ ਕਿਉਂਕਿ ਪਾਰਲੀਮੈਂਟ ਹੀ ਭਾਰਤੀ ਸਟੇਟ ਦਾ ਅਸਲ ਪ੍ਰਤੀਨਿਧ ਪਲੇਟਫਾਰਮ ਹੈ ਜਿਥੇ ਹਰ ਧਰਮ ਨਾਲ ਸੰਬੰਧਿਤ ਰਾਜ ਕਰਨ ਵਾਲੀਆਂ ਅਤੇ ਵਿਰੋਧੀ ਪਾਰਟੀਆਂ ਦੀ ਸਮੁੱਚੀ ਸ਼ਮੂਲੀਅਤ ਹੁੰਦੀ ਹੈ ਅਤੇ ਇਸੇ ਕਿਸਮ ਦੀ ਮੁਆਫ਼ੀ ਦੀਆਂ ਦੁਨੀਆ ਵਿਚ ਠੋਸ ਉਦਾਹਰਨਾਂ ਹਨ ਜਿਵੇਂ ਜਾਪਾਨੀ ਬਾਦਸ਼ਾਹ (ਜਪਾਨੀ ਸਟੇਟ ਦਾ ਰਸਮੀ ਮੁਖੀ) ਵੱਲੋਂ ਆਪਣੀ ਫ਼ੌਜ ਵੱਲੋਂ ਦੂਜੇ ਮਹਾਂਯੁੱਧ ਦੌਰਾਨ ਕੋਰੀਆ ਦੀਆਂ ਔਰਤਾਂ ਦੀ ਸਮੂਹਿਕ ਬੇਪਤੀ ਲਈ ਮੁਆਫ਼ੀ ਮੰਗਣਾ ਅਤੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਵੱਲੋਂ ਉਸ ਦੇਸ਼ ਦੇ ਮੁਢਲੇ ਵਾਸੀਆਂ ਉਤੇ ਹੋਏ ਲੰਬੇ ਜਾਤੀ ਤਸ਼ੱਦਦ ਦੀ ਮੁਆਫ਼ੀ ਸੰਸਦ ਰਾਹੀਂ ਮੰਗਣਾ ਆਦਿ।

ਇਸ ਦੇ ਨਾਲ ਇਹ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਸੰਨ 1998 ਤੋਂ ਬਾਅਦ ਛੇ ਸਾਲ ਤੱਕ ਭਾਜਪਾ ਦੀ ਅਗਵਾਈ ਵਾਲੀ ਐਨ. ਡੀ. ਏ. ਦੀ ਕੇਂਦਰੀ ਸਰਕਾਰ ਨੇ ਕਦੇ ਵੀ ਬਲਿਊ ਸਟਾਰ ਆਪ੍ਰੇਸ਼ਨ ਦੀ ਨਿਖੇਧੀ ਸੰਸਦ ਵਿਚ ਨਹੀਂ ਕੀਤੀ। ਉਸ ਸਮੇਂ, ਅਕਾਲੀ ਮੈਂਬਰ ਪਾਰਲੀਮੈਂਟ ਸ੍ਰੀ ਪ੍ਰੇਮ ਸਿੰਘ ਚੰਦੂਮਾਜਰਾ ਨੇ ਨਵੰਬਰ 1984 ਦੇ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦੀ ਨਿਖੇਧੀ ਲਈ ਇਕ ਪ੍ਰਾਈਵੇਟ ਮੈਂਬਰ ਬਿੱਲ ਸੰਸਦ ਵਿਚ ਲਿਆਂਦਾ ਸੀ। ਬਿੱਲ ਉਤੇ ਗੱਲਬਾਤ ਚੱਲਣ ਤੋਂ ਪਹਿਲਾਂ ਹੀ ਉਸ ਸਮੇਂ ਦੇ ਪਾਰਲੀਮਾਨੀ ਮੰਤਰੀ ਸ੍ਰੀ ਮਦਨ ਲਾਲ ਖੁਰਾਣਾ ਨੇ ਸ੍ਰੀ ਚੰਦੂਮਾਜਰਾ ਉਤੇ ਦਬਾ ਪਾ ਕੇ ਬਿਲ ਵਾਪਸ ਕਰਾ ਦਿੱਤਾ ਕਿ ਇਸ ਬਾਰੇ ਐਨ. ਡੀ. ਏ. ਸਰਕਾਰ ਪਹਿਲਾਂ ਇਕ ਸਮੁੱਚੀ ਰਾਏ ਬਣਾਏਗੀ। ਇਸ ਤਰ੍ਹਾਂ ਬਿਆਨਬਾਜ਼ੀ ਕਰਕੇ ਮਸਲੇ ਨੂੰ ਟਾਲ ਦੇਣ ਦਾ ਵਧੀਆ ਤਰੀਕਾ ਹੁੰਦਾ ਹੈ।

ਕੇਂਦਰੀ ਸੰਸਦ ਦੀ ਗੱਲ ਛੱਡੋ, ਸਿਆਸੀ ਗਿਣਤੀਆਂ-ਮਿਣਤੀਆਂ ਕਰਕੇ ਬਲਿਊ ਸਟਾਰ ਆਪ੍ਰੇਸ਼ਨ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਵਿਰੋਧ ਵਿਚ ਪੰਜਾਬ ਅਸੰਬਲੀ ਵਿਚ ਵੀ ਬਹੁਮਤ ਰੱਖਦੀਆਂ ਸਿਆਸੀ ਪਾਰਟੀਆਂ ਨੇ ਕਿਸੇ ਵੀ ਤਰ੍ਹਾਂ ਦੀ ਕੋਈ ਪਹਿਲਕਦਮੀ ਅੱਜ ਤੱਕ ਨਹੀਂ ਦਿਖਾਈ। ਸੋਚਣ-ਸਮਝਣ ਵਾਲੀ ਗੱਲ ਇਹ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ 'ਕੰਧ ਨਾਲ ਕੰਧ' ਲੱਗਣ ਵਾਲੇ ਜੱਲਿਆਂਵਾਲੇ ਬਾਗ ਵਿਚ ਜਦੋਂ ਜਨਰਲ ਡਾਇਰ ਨੇ ਸੰਨ 1919 ਵਿਚ ਫ਼ੌਜੀ ਬਰਬਰਤਾ ਦਾ ਨੰਗਾ ਨਾਚ ਨਚਾਇਆ, ਜਿਸ ਵਿਚ 400 ਦੇ ਨੇੜੇ-ਤੇੜੇ ਨਿਹੱਥੇ ਬੇਕਸੂਰ ਲੋਕ ਮਾਰੇ ਗਏ ਸਨ ਅਤੇ ਸੈਂਕੜੇ ਜ਼ਖ਼ਮੀ ਹੋ ਗਏ ਸਨ, ਉਸ ਉਤੇ ਵਿਦੇਸ਼ੀ ਸਾਮਰਾਜੀ ਅੰਗਰੇਜ਼ੀ ਸਰਕਾਰ ਨੇ ਸਿਰਫ਼ ਦੁੱਖ ਦਾ ਪ੍ਰਗਟਾਵਾ ਹੀ ਨਹੀਂ ਸੀ ਕੀਤਾ, ਬਲਕਿ ਇਕ ਪੜਤਾਲੀਆ ਕਮਿਸ਼ਨ, ਜਿਸ ਨੂੰ ਹੰਟਰ ਪੈਨਲ ਕਿਹਾ ਗਿਆ ਸੀ, ਦਾ ਗਠਨ ਵੀ ਕਰ ਦਿੱਤਾ ਸੀ। ਉਸ ਕਮਿਸ਼ਨ ਨੇ ਬਾਕਾਇਦਾ ਜਨਰਲ ਡਾਇਰ ਨੂੰ ਦੋਸ਼ੀ ਗਰਦਾਨਿਆ ਅਤੇ ਸਜ਼ਾ ਸੁਣਾਈ ਪਰ ਉਹ (ਡਾਇਰ) ਸਜ਼ਾ ਭੁਗਤਣ ਤੋਂ ਪਹਿਲਾਂ ਹੀ ਆਪਣੇ ਪਾਪਾਂ ਦਾ ਸੰਤਾਪ ਨਾ ਝਲਦਾ ਹੋਇਆ ਅਧਰੰਗ ਦਾ ਸ਼ਿਕਾਰ ਹੋ ਗਿਆ ਅਤੇ ਉਹ ਫਿਰ ਬਿਸਤਰ ਤੋਂ ਨਹੀਂ ਉਠ ਸਕਿਆ।

ਹਾਂ, ਦਿੱਲੀ ਵਿਚ ਜਦੋਂ ਵੀ ਕਦੇ ਸ੍ਰੀ ਦਰਬਾਰ ਸਾਹਿਬ ਉਤੇ ਹਮਲੇ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਬਾਰੇ ਗੱਲ ਛਿੜਦੀ ਹੈ ਤਾਂ ਬਹੁਤੇ ਪੜ੍ਹੇ-ਲਿਖੇ ਗੈਰ-ਸਿੱਖ ਇਹ 'ਦੋਸਤਾਨਾ' ਸਲਾਹ ਦਿੰਦੇ ਹਨ, 'ਭੁੱਲ ਜਾਓ, ਛੱਡੋ ਪੁਰਾਣੀਆਂ ਗੱਲਾਂ ਨੂੰ, ਅਜਿਹੀਆਂ ਘਟਨਾਵਾਂ ਦੁਬਾਰਾ ਨਹੀਂ ਵਾਪਰਦੀਆਂ।' ਕੁਝ ਪੀੜਤ ਸਿੱਖ ਇਸ ਉਤੇ ਪ੍ਰਤੀਕਰਮ ਵੀ ਕਰਦੇ ਹਨ, 'ਕੀ ਨਵੰਬਰ 84 ਦੁਬਾਰਾ ਗੁਜਰਾਤ ਵਿਚ ਨਹੀਂ ਵਾਪਰਿਆ... ਕੀ ਤੁਸੀਂ ਇਕ ਹਜ਼ਾਰ ਸਾਲ ਪਹਿਲਾਂ ਸੋਮਨਾਥ ਦੇ ਮੰਦਿਰ ਉਤੇ ਮਹਿਮੂਦ ਗਜ਼ਨਵੀ ਵੱਲੋਂ ਕੀਤੇ ਹਮਲੇ ਨੂੰ ਭੁੱਲ ਗਏ ਹੋ ?' ਖ਼ੈਰ, ਇਹ ਬਹਿਸ ਦਾ ਮਸਲਾ ਬਣਿਆ ਰਹੇਗਾ। ਪਰ ਇਹ ਗੱਲ ਸਪੱਸ਼ਟ ਹੈ ਕਿ ਸਿੱਖਾਂ ਦੀ ਮੌਜੂਦਾ ਸਿਆਸੀ ਲੀਡਰਸ਼ਿਪ ਨੇ ਉਨ੍ਹਾਂ ਸਾਰੀਆਂ ਖੇਤਰੀ ਮੰਗਾਂ ਅਤੇ ਵੱਧ ਅਧਿਕਾਰਾਂ ਦੀ ਮੰਗ ਨੂੰ ਠੰਢੇ-ਬਸਤੇ ਵਿਚ ਪਾ ਦਿੱਤਾ ਹੈ ਜਿਨ੍ਹਾਂ ਦੀ ਪ੍ਰਾਪਤੀ ਲਈ ਵਿੱਢੀ ਜੱਦੋ-ਜਹਿਦ ਵਿਚੋਂ ਨੀਲਾ ਤਾਰਾ ਸਾਕਾ ਦਾ ਪਿੜ ਬੱਝਿਆ ਸੀ ਜਾਂ ਇਸ ਦੇ ਉਲਟ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਕੇਂਦਰ ਦੀ ਦਿੱਲੀ ਸਰਕਾਰ ਨੇ ਉਨ੍ਹਾਂ ਸਾਰੀਆਂ ਮੰਗਾਂ ਨੂੰ ਤਰੋੜ-ਮਰੋੜ ਕੇ ਪੇਸ਼ ਕਰਦਿਆਂ ਬਲਿਊ ਸਟਾਰ ਆਪ੍ਰੇਸ਼ਨ ਲਈ ਮਾਹੌਲ ਸਿਰਜਿਆ ਸੀ ਤਾਂ ਕਿ ਸਿੱਖ ਘੱਟ ਗਿਣਤੀ ਭਾਈਚਾਰੇ ਨੂੰ ਰਾਜ ਭਾਗ ਵਿਚ ਬਣਦੀ 'ਸਿਆਸੀ ਸਪੇਸ' (ਹਿੱਸੇਦਾਰੀ) ਨਾ ਦਿੱਤੀ ਜਾਵੇ।

ਬਾਕੀ ਸਫ਼ਾ 30 'ਤੇ

## ਸਾਕਾ ਨੀਲਾ ਤਾਰਾ

# ਵੀਹਵੀਂ ਸਦੀ ਦੀ ਅਣਸਾਵੀਂ (Unmatched) ਜੰਗ

**ਰਾਜਵਿੰਦਰ ਸਿੰਘ ਰਾਹੀ**

ਜੂਨ 1984 ਵਿਚ ਸ਼ਹੀਦਾਂ ਦੇ ਸਿਰਤਾਜ ਅਤੇ ਸ਼ਾਂਤੀ ਦੇ ਪੁੰਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਉਪਰ ਭਾਰਤ ਦੀ ਬ੍ਰਾਹਮਣਵਾਦੀ ਸਰਕਾਰ ਵਲੋਂ ਸ੍ਰੀ ਦਰਬਾਰ ਸਾਹਿਬ ਉਪਰ ਕੀਤਾ ਗਿਆ ਇਨਕਲਾਬੀ ਹਮਲਾ ਵੀਹਵੀਂ ਸਦੀ ਵਿਚ ਲੜੀਆਂ ਗਈਆਂ ਦੁਨੀਆਂ ਦੀਆਂ ਅਣਸਾਂਵੀਆਂ (Unmatched) ਜੰਗਾਂ ਵਿਚੋਂ ਇਕੋ ਇਕ ਸੀ। ਜੰਗੀ ਰਣਨੀਤੀ ਦੇ ਮਾਹਰ ਜੇ ਐਫ਼ ਫੁੱਲਰ ਦੀ ਪੁਸਤਕ 'ਪੱਛਮੀ ਦੁਨੀਆਂ ਦੇ ਨਿਰਣੈਜਨਕ ਜੰਗ' ਦੇ ਅਧਿਐਨ ਉਪਰੰਤ ਵੀ ਅਜਿਹੀ ਕਿਸੇ ਜੰਗ ਦੀ ਕੋਈ ਮਿਸਾਲ ਨਹੀਂ ਮਿਲਦੀ ਜੋ ਦੋ ਅਣਸਾਂਵੀਆਂ ਜੰਗਾਂ ਸਿੱਖਾਂ ਵਲੋਂ ਲੜੀਆਂ ਗਈਆਂ ਸਨ। ਇਕ ਅਠਾਰਵੀਂ ਸਦੀ ਵਿਚ 21 ਦਸੰਬਰ 1704 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਅਗਵਾਈ ਵਿਚ ਚਮਕੌਰ ਦੀ ਕੱਚੀ ਗੜ੍ਹੀ ਵਿਚ ਲੜੀ ਗਈ ਸੀ ਤੇ ਦੂਜੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਅਗਵਾਈ ਹੇਠ 3 ਜੂਨ ਤੋਂ 6 ਜੂਨ ਤੱਕ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਵਿਚ ਭਾਰਤ ਦੀ ਅਤਿ ਆਧੁਨਿਕ ਫੌਜ ਨਾਲ ਲੜੀ ਗਈ ਸੀ।

ਜਦ 19 ਦਸੰਬਰ 1704 ਦੀ ਵੱਡੀ ਅਤੇ ਕਾਲੀ ਬੋਲੀ ਰਾਤ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਗਿਆ ਤਾਂ ਸਰਸਾ ਨਦੀ ਦੇ ਕੰਢੇ ਉਪਰ ਮੁਗਲ ਫੌਜਾਂ ਨਾਲ ਹੋਏ ਖੂਨੀ ਜੰਗ ਵਿਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ ਸਨ ਤੇ ਸਾਰਾ ਪਰਿਵਾਰ ਖੇਰੂੰ ਖੇਰੂੰ ਹੋ ਕੇ ਮਾਲਾ ਦੇ ਮਣਕਿਆਂ ਵਾਂਗ ਬਿਖਰ ਗਿਆ ਸੀ। ਗੁਰੂ ਸਾਹਿਬ ਜੀ ਦੇ ਮਹਿਲ ਮਾਤਾਵਾਂ ਦਿੱਲੀ ਵੱਲ ਚਲੇ ਗਏ ਸਨ ਤੇ ਮਾਤਾ ਗੁਜਰੀ ਜੀ ਸਮੇਤ ਛੋਟੇ ਸਾਹਿਬਜ਼ਾਦੇ ਭਾਈ ਜ਼ੋਰਾਵਰ ਸਿੰਘ ਅਤੇ ਭਾਈ ਫਤਿਹ ਸਿੰਘ ਗੰਗੂ ਨਾਮ ਦੇ ਰਸੋਈਏ ਨਾਲ ਉਸ ਦੇ ਪਿੰਡ ਵੱਲ ਚਲੇ ਗਏ ਸਨ। 20 ਦਸੰਬਰ ਦਾ ਦਿਨ ਅਤੇ ਰਾਤ ਮੁਗਲ ਫ਼ੌਜਾਂ ਅਤੇ ਸਿੰਘਾਂ ਵਿਚਕਾਰ ਗਹਿ-ਗੱਚ ਭਿਆਨਕ ਲੜਾਈ ਹੁੰਦੀ ਰਹੀ ਸੀ। ਅਖ਼ੀਰ ਚਾਲੀ ਕੁ ਸਿੰਘ ਹੀ ਬਚੇ ਸਨ, ਜਿਨ੍ਹਾਂ ਸਮੇਤ ਗੁਰੂ ਜੀ 21 ਦਸੰਬਰ ਨੂੰ ਚਮਕੌਰ ਦੀ ਕੱਚੀ ਗੜ੍ਹੀ ਵਿਚ ਆ ਕੇ ਡਟ ਗਏ ਸਨ। ਉਸ ਵਕਤ ਦੇ ਇਤਿਹਾਸਕਾਰਾਂ ਅਨੁਸਾਰ ਮੁਗਲ ਫੌਜਾਂ ਦੀ ਗਿਣਤੀ ਦਸ ਲੱਖ ਦੇ ਕਰੀਬ ਸੀ। ਸਿੰਘਾਂ ਵਲੋਂ ਕੀਤੇ ਗਏ ਗੁਰਮਤੇ ਨੂੰ ਸਿਰ ਮੱਥੇ ਪ੍ਰਵਾਨ ਕਰਦੇ ਹੋਏ ਗੁਰੂ ਸਾਹਿਬ ਤਾਂ ਗੜ੍ਹੀ ਦਾ ਘੇਰਾ ਤੋੜ ਕੇ ਪੰਜ ਸਿੰਘਾਂ ਸਮੇਤ ਮਾਛੀਵਾੜੇ





ਵੱਲ ਚਲੇ ਗਏ ਤੇ ਇਧਰ 22 ਨਵੰਬਰ ਚਮਕੌਰ ਦੀ ਗੜ੍ਹੀ ਦੇ ਸਾਹਮਣੇ ਮੈਦਾਨ ਵਿਚ ਸਿੰਘਾਂ ਅਤੇ ਮੁਗਲ ਫੌਜਾਂ ਦਰਮਿਆਨ ਦੁਨੀਆਂ ਦਾ ਅਣਸਾਵਾਂ ਯੁੱਧ ਲੜਿਆ ਗਿਆ। ਪੰਜ ਪੰਜ ਦੀ ਗਿਣਤੀ ਵਿਚ ਸਿੰਘ ਗੜ੍ਹੀ ਵਿਚੋਂ ਨਿਕਲ ਕੇ ਮੁਗਲ ਫੌਜਾਂ ਉਪਰ ਟੁੱਟ ਪੈਂਦੇ ਸਨ ਤੇ ਸੈਂਕੜੇ ਮੁਗਲਾਂ ਨੂੰ ਪਾਰ ਬੁ ਕੇ ਆਪ ਵੀ ਮੈਦਾਨ ਏ ਜੰਗ ਵਿਚ ਸ਼ਹੀਦ ਹੋ ਜਾਂਦੇ ਸਨ।

ਸ਼ਾਮ ਤੱਕ ਇਸ ਜੰਗ ਵਿਚ ਗੁਰੂ ਸਾਹਿਬਾਨ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦਿਆਂ, ਭਾਈ ਅਜੀਤ ਸਿੰਘ, ਭਾਈ ਜੁਝਾਰ ਸਿੰਘ ਸਮੇਤ ਭਾਈ ਜੀਵਨ ਸਿੰਘ ਅਤੇ ਭਾਈ ਸੰਗਤ ਸਿੰਘ ਵਰਗੇ ਚਾਲੀ ਕੁ ਸਿੰਘ ਸ਼ਹੀਦ ਹੋ ਗਏ ਸਨ। ਇਹ ਦੁਨੀਆ ਦੀ ਨਿਰਣੈਜਨਕ ਜੰਗ ਸੀ। ਭਾਵੇਂ ਜਿੱਤ ਮੁਗਲ ਫੌਜਾਂ ਦੀ ਹੀ ਹੋਈ ਸੀ, ਪਰ ਚਾਲ ਸਿੰਘਾਂ ਦੇ ਹੌਸਲਿਆਂ ਨੇ ਸਿੱਖ ਭਾਈਚਾਰੇ ਨੂੰ ਇਕ ਅਦੁੱਤੀ ਮਨੋਬਲ ਬਖਸ਼ਿਆ ਸੀ ਕਿ ਗੁਰੂ ਦਾ ਸਾਜਿਆ ਹੋਇਆ ਇਕੱਲਾ ਸਿੰਘ ਸਚਮੁਚ ਹੀ ਸਵਾ ਲੱਖ ਨਾਲ ਲੜ ਸਕਦਾ ਹੈ ਤੇ ਇਹੋ ਮਨੋਬਲ ਅੱਜ ਤੱਕ ਵੀ ਹਰ ਸਿੰਘ ਦੀ ਰੂਹਾਨੀ ਤਾਕਤ ਬਣਿਆ ਹੋਇਆ ਹੈ। ਜਿਸ ਦੇ ਸਿਰ 'ਤੇ ਸਿੱਖਾਂ ਨੇ ਉਨੀਵੀਂ ਸਦੀ ਵਿਚ ਆਪਣਾ ਰਾਜ ਭਾਗ ਕਾਇਮ ਕਰ ਲਿਆ ਸੀ।

ਇਸੇ ਮਨੋਬਲ ਸਦਕਾ ਹੀ ਸਿੱਖ ਫੌਜਾਂ ਵਲੋਂ 1845 ਈਸਵੀ ਨੂੰ ਸਭਰਾਵਾਂ ਤੇ ਮੁੱਦਕੀ ਦੇ ਮੈਦਾਨ ਵਿਚ ਦੁਨੀਆ ਦੀ ਆਧੁਨਿਕ ਕਹੀ ਜਾਣ ਵਾਲੀ ਅੰਗਰੇਜ਼ ਫੌਜ ਦਾ ਟਾਕਰਾ ਕੀਤਾ ਸੀ ਤੇ ਇਸੇ ਮਨੋਬਲ ਸਦਕਾ 3 ਜੂਨ 1984 ਤੋਂ ਲੈ ਕੇ 6 ਜੂਨ ਤੱਕ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਅੰਦਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਅਗਵਾਈ ਵਿਚ ਮੁੱਠੀ ਭਰ ਮਰਜੀਵੜੇ ਸਿੰਘਾਂ ਵਲੋਂ ਦੁਨੀਆ ਦੀ ਅਤਿ ਆਧੁਨਿਕ ਭਾਰਤੀ ਫੌਜ ਦਾ ਟਾਕਰਾ ਕੀਤਾ ਗਿਆ ਸੀ।

ਦਸ ਫਰਵਰੀ 1845 ਨੂੰ ਸਭਰਾਵਾਂ ਦੀ ਫੈਸਲਾਕੁਨ ਜੰਗ ਵਿਚ ਬੁੱਢਾ ਜਰਨੈਲ ਸ੍ਰ. ਸ਼ਾਮ ਸਿੰਘ ਅਟਾਰੀਵਾਲਾ ਜਿਸ ਸੂਰਬੀਰਤਾ ਨਾਲ ਲੜਿਆ ਸੀ, ਉਹ ਅੱਜ ਵੀ ਇਕ ਦੰਦ ਕਥਾ ਬਣ ਚੁੱਕੀ ਹੈ। ਇਸ ਜੰਗ ਦਾ ਅੱਖੀਂ ਡਿੱਠਾ ਹਾਲ ਬ੍ਰਿਗੇਡੀਅਰ ਵੀਲ੍ਹਰ ਨੇ ਇੰਝ ਬਿਆਨ ਕੀਤਾ ਹੈ:

'ਸਿੱਖ ਸਿਪਾਹੀ ਜਾਨ ਵਾਰੂ ਸੂਰਬੀਰਤਾ ਦੀ ਸੂਰਮਗਤੀ, ਮਜ਼ਬੀ ਸ਼ੈਦਾਈਆਂ ਦੇ ਜੋਸ਼ ਅਤੇ ਜਨੂੰਨੀ ਦੀਵਾਨਿਆਂ ਦੇ ਜੂਝ ਮਰਨ ਦੇ ਚਾਉ ਨਾਲ ਲੜੇ। ਉਨ੍ਹਾਂ ਜਾਣੋ ਸਹੁੰ ਖਾਧੀ ਹੋਈ ਸੀ ਕਿ ਜਾਂ ਤਾਂ ਜਿੱਤਾਂਗੇ, ਜਾਂ ਹੱਥ ਵਿਚ ਤਲਵਾਰ ਫੜੀ ਰਣਭੂਮੀ ਵਿਚ ਕੰਮ ਆਵਾਂਗੇ। ਮੈਦਾਨੇ ਜੰਗ ਵਿਚ ਚੱਪਾ ਚੱਪਾ ਥਾਂ ਬਦਲੇ ਉਨ੍ਹਾਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ। ਹੜ੍ਹ ਵਾਂਗ ਅੱਗੇ ਵਧਦੇ ਹੋਏ ਵੈਰੀਆਂ ਦੀਆਂ ਪਲਟਣਾਂ ਅਤੇ ਰਸਾਲਿਆਂ ਨੂੰ ਪਿੱਛੇ ਧੱਕ ਦਿੱਤਾ। ਪਰ ਦਰਦੀ, ਈਮਾਨਦਾਰ ਅਤੇ ਯੋਗ ਫੌਜੀ ਅਫ਼ਸਰਾਂ ਦੀ ਗੈਰ ਹਾਜ਼ਰੀ ਵਿਚ ਛੋਟੇ ਛੋਟੇ ਅਫ਼ਸਰ ਕਦ ਤੋੜੀ ਮੁਕਾਬਲਾ ਕਰ ਸਕਦੇ ਸਨ, ਵਿਸ਼ੇਸ਼ ਕਰਕੇ ਜਦ ਕਿ ਟਾਕਰੇ ਤੇ ਲਾਰਡ ਹਾਰਡਿੰਗ, ਲਾਰਡ ਗੱਫ਼ ਅਤੇ ਸਰ ਜਾਨ ਲਿਟਲਰ ਜੈਸੇ ਕਾਬਲ ਜਰਨੈਲ ਖੁਦ ਆਪਣੀ ਫੌਜ ਦੀ ਕਮਾਨ ਅਫ਼ਸਰੀ ਕਰ ਰਹੇ ਸਨ, ਸਿੱਟਾ ਇਹ ਨਿਕਲਿਆ ਕਿ ਅੰਗਰੇਜ਼ੀ ਫੌਜ ਨੇ ਖਾਲਸਾ ਫੌਜ ਦੇ ਮੋਰਚਿਆਂ ਤੇ ਕਬਜ਼ਾ ਕਰਨਾ ਆਰੰਭ ਦਿੱਤਾ, ਖ਼ਾਲਸੇ ਦੇ ਪੈਰ ਉਖੜ ਗਏ। ਪਰ ਰਣਭੂਮੀ ਵਿਚੋਂ ਬਚ ਕੇ ਨਿਕਲਣ ਦਾ ਕੋਈ ਵੀ ਰਾਹ ਨਹੀਂ ਸੀ। ਤੇਜਾ ਸਿੰਘ ਨੇ ਕਿਸ਼ਤੀਆਂ ਦਾ ਪੁਲ ਤੋੜ ਦਿੱਤਾ ਹੋਇਆ ਸੀ। ਹਜ਼ਾਰਾਂ ਸਿਪਾਹੀ ਆਪਣੀਆਂ ਬੰਦੂਕਾਂ ਅਤੇ ਸੰਗੀਨਾਂ ਸੁੱਟ ਕੇ ਦਰਿਆ ਸਤਲੁਜ ਵਿਚ ਠਿਲ੍ਹ ਪਏ ਕਿ ਤਰ ਕੇ ਪਰਲੇ ਕੰਢੇ ਤੱਕ ਪੁੱਜ ਜਾਵਣ। ਪਰ ਨਿਰਦਈ ਵੈਰੀ ਨੇ ਦਰਿਆ ਵਿਚ ਤੈਰਦੇ ਹੋਏ ਇਨ੍ਹਾਂ ਨਿਹੱਥਿਆਂ 'ਤੇ ਤੋਪਾਂ ਦੇ ਗੋਲੇ ਵਰਸਾਣੇ ਸ਼ੁਰੂ ਕਰ ਦਿੱਤੇ, ਜਿਸ ਨਾਲ ਹਜ਼ਾਰਾਂ ਸਿਪਾਹੀ ਮਾਰੇ ਗਏ ਅਤੇ ਦਰਿਆ ਦਾ ਪਾਣੀ ਇਨ੍ਹਾਂ ਦੇ ਲਹੂ ਨਾਲ ਲਾਲ ਸੁਰਖ ਹੋ ਗਿਆ।'

ਅੰਗਰੇਜ਼ੀ ਫੌਜ ਦੇ ਸਭ ਤੋਂ ਵੱਡੇ ਜਰਨੈਲ ਕਮਾਂਡਰ ਇਨ ਚੀਫ਼ ਲਾਰਡ ਗੱਫ਼ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਸਰ ਰਾਬਰਟ ਪੀਲ ਨੂੰ ਲਿਖੀ ਨਿੱਜੀ ਚਿੱਠੀ ਵਿਚ ਇਸ ਜੰਗ ਬਾਰੇ ਇਉਂ ਲਿਖਿਆ ਸੀ :

'ਮੇਰਾ ਅਹੁਦਾ ਅਤੇ ਪਦਵੀ ਇਸ ਗੱਲੋਂ ਵਰਜਦੇ ਸਨ ਕਿ ਮੈਂ ਸਿੱਖ ਫੌਜ ਦੀ ਉਸ ਸ਼ਾਨਦਾਰ ਬਹਾਦਰੀ, ਹੁਸ਼ਿਆਰੀ ਅਤੇ ਸ਼ਰਧਾ ਦਾ ਆਪਣੀਆਂ ਲਿਖਤਾਂ ਵਿਚ ਜ਼ਿਕਰ ਕਰਦਾ, ਜਿਸ ਨਾਲ ਉਨ੍ਹਾਂ ਨੇ ਸਾਡੀ ਫੌਜ ਦਾ ਮੁਕਾਬਲਾ ਕੀਤਾ, ਜਾਂ ਉਨ੍ਹਾਂ ਸਖਸ਼ੀ ਬਹਾਦਰੀਆਂ ਨੂੰ ਵਰਨਣ ਕਰਦਾ ਜੋ ਉਨ੍ਹਾਂ ਦੇ ਕੁਝ ਕੁ ਸਿਪਾਹੀਆਂ ਅਤੇ ਸਰਦਾਰਾਂ ਨੇ ਇਨ੍ਹਾਂ ਮੌਕਿਆਂ ਤੇ ਦਿਖਾਈਆਂ ਸਨ। ਜੇ ਇਸ ਮੌਕੇ ਤੇ ਮੈਨੂੰ ਸੱਚੇ ਦਿਲੋਂ ਇਹ ਵਿਸ਼ਵਾਸ਼ ਨਾ ਹੁੰਦਾ ਜਾਂ ਮੇਰੇ ਅੰਦਰ ਇਹ ਵਲਵਲਾ ਨਾ ਹੁੰਦਾ ਕਿ ਮੇਰੀ ਕੌਮ ਅਤੇ ਮੇਰੇ ਦੇਸ਼ ਦੀ ਕੁਰਬਾਨੀ ਲਈ ਇਹ ਜ਼ਰੂਰੀ ਹੈ ਕਿ ਖਾਲਸਾ ਫੌਜ ਖਤਮ ਹੋ ਜਾਵੇ, ਮੈਂ ਸੱਚ ਕਹਿੰਦਾ ਹਾਂ, ਕਿ ਇਸ ਪ੍ਰਕਾਰ ਦਾ ਜ਼ੁਲਮ ਭਰਪੂਰ ਅਤੇ ਨਿਰਵੈਰਤਾ ਭਰਿਆ ਕਤਲ ਜੋ ਡੁੱਬਦੇ ਹੋਏ ਸਿੰਘਾਂ ਦਾ ਕੀਤਾ ਗਿਆ, ਉਸ ਨੂੰ ਵੇਖ ਕੇ ਦਿਲ ਖੋਲ੍ਹ ਕੇ ਰੋਂਦਾ।'

ਸ਼ਾਹ ਮੁਹੰਮਦ ਨੇ ਆਪਣੀ ਪੁਸਤਕ 'ਜੰਗ ਸਿੰਘਾਂ ਤੇ ਫਰੰਗੀਆਂ' ਵਿਚ ਖ਼ਾਲਸਾ ਫੌਜ ਦੀ ਬਹਾਦਰੀ ਨੂੰ ਇਸ ਤਰ੍ਹਾਂ ਕੀਤਾ ਹੈ :

'ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ, ਹੱਲੇ ਤਿੰਨ ਫਰੰਗੀਆਂ ਦੇ ਮੋੜ ਸੁੱਟੇ,
ਸ਼ਾਮ ਸਿੰਘ ਸਰਦਾਰ ਅਟਾਰੀਵਾਲੇ, ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।'

'ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜੇੜ੍ਹੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।'

ਤਿੰਨ ਜੂਨ 1984 ਨੂੰ ਦੋਵੇਂ ਪਾਸੀਂ ਫੌਜਾਂ ਤਾਂ ਭਾਰੀਆਂ ਨਹੀਂ ਸਨ ਪਰ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਅਗਵਾਈ ਵਿਚ ਡਟੇ ਬੈਠੇ ਸਿੰਘਾਂ ਦੇ ਹੌਂਸਲੇ ਇੰਨੇ ਬੁਲੰਦ ਸਨ ਕਿ ਉਨ੍ਹਾਂ ਨੇ ਮੁੜ ਚਮਕੌਰ ਦੀ ਗੜ੍ਹੀ ਅਤੇ ਸਭਰਾਵਾਂ ਵਾਲੇ ਸਾਕੇ ਤਾਜ਼ੇ ਕਰਵਾ ਦੇਣੇ ਸਨ।

**ਉਘੇ ਸਿੱਖ ਚਿੰਤ ਸ.ਅਜਮੇਰ ਸਿੰਘ ਅਨੁਸਾਰ :** 'ਫੌਜੀ ਦ੍ਰਿਸ਼ਟੀ ਤੋਂ ਦੇਖਿਆ ਇਹ ਟੱਕਰ ਸਰਾਸਰ ਬੇਮੇਚੀ ਸੀ, ਨਫ਼ਰੀ ਦੇ ਹਿਸਾਬ ਨਾਲ ਅਤੇ ਅਸਲੇ ਤੇ ਹਥਿਆਰਾਂ ਦੀ ਕੁਆਲਟੀ ਪੱਖੋਂ ਕੋਈ ਮੁਕਾਬਲਾ ਨਹੀਂ ਸੀ। ਇਕ ਪਾਸੇ ਦੁਨੀਆਂ ਦੀਆਂ ਸ਼ਕਤੀਸ਼ਾਲੀ ਫੌਜਾਂ ਵਿਚੋਂ ਗਿਣੀ ਜਾਂਦੀ ਭਾਰਤੀ ਫੌਜ ਸੀ, ਜਿਸ ਕੋਲ ਟੈਂਕ, ਬਖਤਰਬੰਦ ਗੱਡੀਆਂ, ਹਵਾਈ ਜਹਾਜ਼, ਹੈਲੀਕਾਪਟਰ ਅਤੇ ਭਾਰੀ ਤੋਪਖਾਨਾ ਸੀ। ਭਾਰਤੀ ਫੌਜ ਦੀਆਂ ਕੁਲ



ਮਿਲਾ ਕੇ ਸੱਤ ਡਵੀਜ਼ਨਾਂ ਨੂੰ ਲੜਾਈ ਲਈ ਲਾਮਬੰਦ ਕੀਤਾ ਗਿਆ ਸੀ। ਇਕੱਲੇ ਦਰਬਾਰ ਸਾਹਿਬ 'ਤੇ ਹਮਲੇ ਦੀ ਕਾਰਵਾਈ ਵਿਚ ਹੀ ਘੱਟੋ ਘੱਟ 15 ਹਜ਼ਾਰ ਫੌਜੀ ਜਵਾਨ ਸਿੱਧਾ ਹਿੱਸਾ ਲੈ ਰਹੇ ਸਨ। ਜ਼ਮੀਨੀ ਲਸ਼ਕਰ ਦੀ ਮਦਦ ਲਈ ਸਮੁੰਦਰੀ ਅਤੇ ਹਵਾਈ ਫੌਜ ਦੇ ਵੀ ਕੁਝ ਅੰਗ ਹਰਕਤ ਵਿਚ ਲਿਆਂਦੇ ਗਏ ਸਨ। ਭਾਰਤੀ ਫੌਜ ਕੋਲ ਉਤਮ ਅਸਲੇ ਅਤੇ ਹਥਿਆਰਾਂ ਤੋਂ ਇਲਾਵਾ ਆਹਲਾ ਦਰਜੇ ਦੇ ਸਾਧੇ ਹੋਏ ਜਰਨੈਲ ਸਨ। ਵਾਧੇ ਦੀ ਗੱਲ ਇਹ ਕਿ ਸਮੁੱਚੀ ਸਰਕਾਰੀ ਮਸ਼ੀਨਰੀ ਫੌਜ ਦੀ ਸੇਵਾ ਵਿਚ ਹਾਜ਼ਰ ਸੀ। ਦੂਜੇ ਪਾਸੇ ਗਿਣਤੀ ਦੇ ਜੁਝਾਰੂ ਸਿੰਘ ਸਨ। ਜਿਨ੍ਹਾਂ ਦੀ ਨਫ਼ਰੀ ਕਿਸੇ ਤਰ੍ਹਾਂ ਡੇਢ ਸੈਂਕੜੇ ਤੋਂ ਵਧ ਨਹੀਂ ਸੀ ਅਤੇ ਉਨ੍ਹਾਂ ਕੋਲ ਉਂਗਲਾਂ ਤੇ ਗਿਣਨ ਜੋਗੀਆਂ ਹਲਕੀਆਂ ਮਸ਼ੀਨਗੰਨਾ ਸਨ। ਦਰਮਿਆਨੀ ਜਾਂ ਭਾਰੀ ਮਸ਼ੀਨਗੰਨ ਇਕ ਵੀ ਨਹੀਂ ਸੀ। ਨਾਮਾਤਰ ਰਾਕਟ ਲਾਂਚਰ ਸਨ। ਬਾਕੀ ਸਾਧਾਰਨ ਕਿਸਮ ਦੀਆਂ ਰਾਈਫਲਾਂ ਤੇ



ਹੱਥ ਗੋਲਿਆਂ (ਗਰਨੇਡ) ਤੋਂ ਬਿਨਾਂ ਉਨ੍ਹਾਂ ਕੋਲ ਹੋਰ ਹਥਿਆਰ ਨਹੀਂ ਸਨ। ਪਰ ਇਸ ਫੌਜੀ ਪੱਖ ਦੀ ਕਮਜ਼ੋਰੀ ਦੀ ਤੁਲਨਾ ਵਿਚ ਜੁਝਾਰੂ ਸਿੰਘਾਂ ਦੇ ਨੈਤਿਕ ਪੱਖ ਵਾਲਾ ਪੱਲੜਾ ਕਿਤੇ ਵੱਧ ਵਜ਼ਨਦਾਰ ਸੀ। ਭਾਰਤੀ ਫੌਜ ਕਹਿਣ ਨੂੰ ਭਾਵੇਂ ਦੇਸ਼ ਦੇ ਹਿੱਤਾਂ ਦੀ ਰੱਖਿਆ ਦੀ ਲੜਾਈ ਲੜ ਰਹੀ ਸੀ ਪਰ ਅਸਲੀਅਤ ਵਿਚ ਉਹ ਦੇਸ਼ ਦੇ ਨਹੀਂ ਦੇਸ਼ ਦੇ ਹਿੰਗਾਣੇ ਹਾਕਮਾਂ ਦੇ ਪੱਕ ਦੀ ਲੜਾਈ ਲੜ ਰਹੀ ਸੀ। ਇਹ ਪੱਖ ਪੁੱਜ ਕੇ ਝੂਠਾ ਅਤੇ ਬੇਨਿਆਈਂ ਸੀ। ਇਸ ਦੀ ਤੁਲਨਾ ਵਿਚ ਸਿੱਖ ਜੁਝਾਰੂ ਜਿਸ ਕਾਜ ਲਈ ਲੜ ਰਹੇ ਸਨ, ਉਹ ਸੱਚਾ ਤੇ ਨਿਆਈਂ ਸੀ। ਉਹ ਆਪਣੇ ਧਰਮ ਤੇ ਸੱਭਿਆਚਾਰ ਦੀ ਰਾਖੀ ਲਈ ਲੜ ਰਹੇ ਸਨ, ਕਿਸੇ ਦੇ ਧਰਮ ਤੇ ਸੱਭਿਆਚਾਰ ਨੂੰ ਉਜਾੜਨ ਲਈ ਨਹੀਂ। ਉਨ੍ਹਾਂ ਅੰਦਰ ਲੜਨ ਦਾ ਨਿਸ਼ਕਾਮ ਜਜ਼ਬਾ ਸੀ। ਜੂਝ ਮਰਨ ਦਾ ਦ੍ਰਿੜ ਨਿਸ਼ਚਾ ਸੀ ਅਤੇ ਆਪਣੇ ਗੁਰੂ ਦੇ ਚਰਨਾਂ ਵਿਚ ਸ਼ਹੀਦ ਹੋ ਜਾਣ ਦਾ ਨਿਰਮਲ ਚਾਓ ਸੀ। ਇਸ ਕਰਕੇ ਸਿੰਘਾਂ ਨੇ ਆਪਣੀ ਮੂਲੋਂ ਹੀ ਥੋੜ੍ਹੀ ਨਫ਼ਰੀ ਤੇ ਮਾੜੇ ਹਥਿਆਰਾਂ ਦੇ ਬਾਵਜੂਦ ਭਾਰਤੀ ਫੌਜ ਦੇ ਹੱਲੇ ਨੂੰ ਬੁਰੀ ਤਰ੍ਹਾਂ ਪਛਾੜ ਕੇ ਰੱਖ ਦਿੱਤਾ।'

ਤਿੰਨ ਜੂਨ ਤੋਂ ਲੈ ਕੇ ਛੇ ਜੂਨ ਤੱਕ ਲਗਾਤਾਰ ਤਿੰਨ ਦਿਨ ਤੇ ਤਿੰਨ ਰਾਤਾਂ ਜੁਝਾਰੂ ਸਿਘਾਂ ਵਲੋਂ ਫੌਜ ਦੇ ਕਹਿਰੀ ਹਮਲਿਆਂ ਨੂੰ ਪਛਾੜ ਕੇ ਰੱਖਿਆ ਗਿਆ। ਸੈਂਕੜੇ ਕਮਾਂਡੋਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਤੇ ਪਰਕਰਮਾ ਉਨ੍ਹਾਂ ਲਈ ਕਤਲਗਾਹ ਸਾਬਤ ਹੋਈ। ਅਖ਼ੀਰ ਛਿਥੇ ਪਏ ਫੌਜੀ ਕਮਾਂਡਰਾਂ ਵਲੋਂ ਛੇ ਜੂਨ ਦੀ ਸਵੇਰ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਟੈਂਕਾਂ ਨਾਲ ਹਮਲਾ ਕੀਤਾ ਗਿਆ ਅਤੇ ਗੋਲੇ ਮਾਰ ਮਾਰ ਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਹੁਣ ਸਿਰਫ਼ ਸੰਤ ਭਿੰਡਰਾਂਵਾਲਿਆਂ ਕੋਲ ਗਿਣਤੀ ਦੇ ਜੁਝਾਰੂ ਹੀ ਰਹਿ ਗਏ ਸਨ, ਉਹ ਵੀ ਲਗਭਗ ਜ਼ਖ਼ਮੀ ਹਾਲਤ ਵਿਚ। ਅੰਤ ਇਨ੍ਹਾਂ ਜੁਝਾਰੂਆਂ ਵਲੋਂ ਅਰਦਾਸਾ ਸੋਧ ਕੇ ਭਾਰਤੀ ਫੌਜ ਨਾਲ ਨੰਗੇ ਧੜ ਲੜਨ ਦਾ ਫੈਸਲਾ ਕੀਤਾ ਗਿਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਭਾਈ ਅਮਰੀਕ ਸਿੰਘ ਤੇ ਥੋੜ੍ਹੇ ਜਿਹੇ ਹੋਰ ਸਿੰਘ ਫਾਇਰਿੰਗ ਕਰਦੇ ਹੋਏ ਬਾਹਰ ਨਿਸ਼ਾਨ ਸਾਹਿਬਾਨਾਂ ਕੋਲ ਪਹੁੰਚ ਗਏ। ਜਿਥੇ ਆਹਮੋ ਸਾਹਮਣੇ ਲੜਾਈ ਵਿਚ ਸ਼ਹੀਦ ਹੋ ਕੇ ਉਹ ਚਮਕੌਰ ਦੀ ਗੜ੍ਹੀ ਵਾਲੀਆਂ ਭਾਈ ਅਜੀਤ ਸਿੰਘ ਅਤੇ ਭਾਈ ਜੁਝਾਰ ਸਿੰਘ ਵਾਲੀਆਂ ਰਵਾਇਤਾਂ ਨੂੰ ਚਾਰ ਚੰਨ ਲਾ ਗਏ।

ਜਿਵੇਂ ਲਾਰਡ ਗੱਫ਼ ਨੇ ਸਭਰਾਵਾਂ ਦੇ ਮੈਦਾਨ ਵਾਲੇ ਸਿੰਘਾਂ ਦੀ ਸਿਫ਼ਤ ਕੀਤੀ ਸੀ ਉਵੇਂ ਜਨਰਲ ਬਰਾੜ ਵੀ ਕਹਿਣੋਂ ਨਾ ਰਹਿ ਸਕਿਆ। 'ਮੈਂ ਆਪਣੇ ਫੌਜੀ ਜੀਵਨ ਦੇ ਤੀਹ ਵਰ੍ਹਿਆਂ ਅੰਦਰ ਇਸ ਤਰ੍ਹਾਂ ਦੀ ਫਾਇਰ ਪਾਵਰ ਨਹੀਂ ਵੇਖੀ। ਪਾਕਿਸਤਾਨ ਨਾਲ ਜੰਗ ਦੇ ਦੌਰਾਨ ਵੀ ਨਹੀਂ।'

ਅਜਿਹੇ ਮਰਦ ਅਗੰਮੜਿਆਂ ਦੇ ਕਾਰਨਾਮੇ ਦੇਖ ਕੇ ਹੀ ਵਾਰਸ ਸ਼ਾਹ ਕਹਿ ਉਠਦਾ ਹੈ :

' ਜ਼ੌਕ ਛੱਡ ਕੇ ਜਿਨ੍ਹਾਂ ਨੇ ਜੁਹਦ ਕੀਤੇ, ਵਾਹ! ਵਾਹ! ਓਹ ਰੱਬ ਦੇ ਬੰਦੜੇ ਈ।'

# ਜਿਨ੍ਹਾਂ ਪੰਥ ਲਈ ਘਾਲਣਾ ਘਾਲੀ

## ਸੰਤ ਭਿੰਡਰਾਂਵਾਲਿਆਂ ਦਾ ਵਿਅਕਤੀਤਵ ਨਿਰੋਲ ਧਾਰਮਿਕ ਤੇ ਉਹ ਸਚਾਈ ਤੇ ਖੜ੍ਹਨ ਵਾਲਾ ਮਨੁੱਖ ਹੈ : ਜਨਰਲ ਸੁਬੇਗ ਸਿੰਘ

*ਪ੍ਰਸਿੱਧ ਪੱਤਰਕਾਰ ਤਵਲੀਨ ਸਿੰਘ ਵਲੋਂ ਸ਼ਹੀਦ ਜਨਰਲ ਸੁਬੇਗ ਸਿੰਘ ਨਾਲ ਆਖ਼ਰੀ ਇੰਟਰਵਿਊ*

**ਜੂਨ 1984 ਵਿੱਚ ਭਾਰਤ ਦੀ ਸਿੱਖ ਵਿਰੋਧੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਉਸ ਵੇਲੇ ਦੀ ਕਾਂਗਗਰ ਸਰਕਾਰ ਵਲੋਂ ਸਿੱਖਾਂ ਦੇ ਸਰਬਉੱਚ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਅਕਾਲ ਤਖ਼ਤ ਸਾਹਿਬ ਉੱਤੇ ਕੀਤੇ ਫੌਜੀ ਹਮਲੇ ਵਿਰੁਧ ਸਿੰਘਾਂ ਦੇ ਮਿਸਾਲੀ ਯੁੱਧ ਦੀ ਅਗਵਾਈ ਕਰਦਿਆਂ ਦੁਸ਼ਮਣਾਂ ਦੇ ਦੰਦ ਖੱਟੇ ਕਰਨ ਦੌਰਾਨ ਸ਼ਹੀਦ ਹੋਏ ਸਾਬਕਾ ਜਨਰਲ ਸੁਬੇਗ ਸਿੰਘ ਜੀ ਨਾਲ ਇੰਡੀਆ ਟੂਡੇ ਦੀ ਪ੍ਰਸਿੱਧ ਪੱਤਰਕਾਰ ਤਵਲੀਨ ਸਿੰਘ ਵਲੋਂ ਮਈ 1984 ਦੇ ਅਖ਼ੀਰ ਵਿਚ ਦੀ ਲਈ ਗਈ ਅੰਤਮ ਇੰਟਰਵਿਊ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਦੇ ਸਨਮੁੱਖ ਪੇਸ਼ ਹੈ।-ਸੰਪਾਦਕ**



**ਸਵਾਲ : ਤੁਸੀਂ ਫੌਜ ਵਿਚੋਂ ਕਿਉਂ ਕੱਢੇ ਗਏ ?**
ਜਵਾਬ : ਇਹ ਤੁਸੀਂ ਫੌਜ ਦੇ ਪ੍ਰਸ਼ਾਸਨ ਨੂੰ ਪੁੱਛੋ। ਹੋਰ ਕਈ ਵੱਡੇ ਅਫ਼ਸਰਾਂ ਨੂੰ ਜਦੋਂ ਵੀ ਕੱਢਿਆ ਗਿਆ, ਉਨ੍ਹਾਂ ਤੇ ਦੋਸ਼ ਲਗਾ ਕੇ ਕੇਸ ਚਲਾਇਆ ਗਿਆ। ਪਰ ਮੇਰੇ 'ਤੇ ਤਾਂ ਕੋਈ ਮੁਕੱਦਮਾ ਵੀ ਨਹੀਂ ਚਲਾਇਆ ਗਿਆ।

**ਸਵਾਲ : ਉਨ੍ਹਾਂ ਨੇ ਮੁਕੱਦਮਾ ਕਿਉਂ ਨਹੀਂ ਚਲਾਇਆ ?**
ਜਵਾਬ : ਕਿਉਂਕਿ ਉਨ੍ਹਾਂ ਪਾਸ ਮੇਰੇ ਖਿਲਾਫ਼ ਕੋਈ ਸਬੂਤ ਨਹੀਂ ਸੀ। ਉਨ੍ਹਾਂ ਮੈਨੂੰ ਸਿਰਫ਼ ਬਾਹਰ ਕੱਢਣਾ ਸੀ। ਇਸ ਲਈ ਕਾਨੂੰਨ ਵਿਚ ਇਕ ਸਪੈਸ਼ਲ 'ਮੱਦ' ਹੈ, ਜਿਸ ਅਨੁਸਾਰ ਅਫ਼ਸਰ ਨੂੰ ਫੌਜ ਵਿਚੋਂ ਬਾਹਰ ਕੱਢਣ ਦੀ ਵਿਵਸਥਾ ਹੈ। ਇਸ 'ਮੱਦ' ਦੀ ਵਰਤੋਂ ਅੰਗਰੇਜ਼ ਸਰਕਾਰ ਦੇ ਸਮੇਂ ਵੀ ਕਿਸੇ ਅਫ਼ਸਰ 'ਤੇ ਕਦੇ ਨਹੀਂ ਕੀਤੀ ਗਈ। ਸਗੋਂ ਸਾਡੀ ਭਾਰਤ ਸਰਕਾਰ ਵਲੋਂ ਪਹਿਲੀ ਵਾਰ ਮੇਰੇ 'ਤੇ ਹੀ ਇਸ ਕਾਨੂੰਨ (ਮੱਦ) ਦੀ ਦੁਰਵਰਤੋਂ ਕੀਤੀ ਗਈ। ਇਸ ਕਾਨੂੰਨ ਅਨੁਸਾਰ ਫੌਜ ਦੇ ਮੁਖੀ ਕੋਲ ਹੀ ਇਹ ਵਿਵਸਥਾ ਹੈ, ਮੇਰੀ ਆਪਣੀ ਸੇਵਾਮੁਕਤੀ ਤੋਂ ਕੇਵਲ ਇਕ ਦਿਨ ਪਹਿਲਾਂ ਹੀ ਇਸੇ 'ਮੱਦ' ਅਨੁਸਾਰ ਮੈਨੂੰ ਸੇਵਾਮੁਕਤ ਕਰ ਦਿੱਤਾ। ਇਥੇ ਹੀਬਸ ਨਹੀਂ, ਇਨ੍ਹਾਂ ਨੇ ਮੇਰੇ ਖਿਲਾਫ਼ ਦੋ ਮੁਕੱਦਮੇ ਹੋਰ ਦਰਜ ਕਰ ਦਿੱਤੇ। ਪਹਿਲਾ ਇਹ ਸੀ ਕਿ ਮੈਂ ਕਿਸੇ ਹੋਰ ਨਾਂ ਤੇ ਇਕ ਟਰੱਕ ਖਰੀਦ ਰੱਖਿਆ ਸੀ' ਦੂਜਾ ਮੁਕੱਦਮਾ ਇਹ ਸੀ ਕਿ 'ਮੈਂ ਨੌ ਲੱਖ ਦਾ ਇਕ ਮਕਾਨ ਬਣਾਇਆ।' ਮੈਂ ਉਨ੍ਹਾਂ ਨੂੰ ਸਪੱਸ਼ਟ ਕੀਤਾ ਕਿ ਮੈਂ ਮਕਾਨ ਸਿਰਫ਼ 1.75 ਲੱਖ ਦਾ ਬਣਾਇਆ ਸੀ, ਪਰ ਵਿਜੀਲੈਂਸ ਵਿਭਾਗ ਨੇ ਇਸ ਦੀ ਕੀਮਤ 1.80 ਲੱਖ ਲਗਾਈ। ਅਖ਼ੀਰ ਕਚਹਿਰੀ ਵਿਚ ਹੀ ਇਹ ਮਕਾਨ 1.75 ਲੱਖ ਦਾ ਸਾਬਤ ਹੋਇਆ।

**ਸਵਾਲ :ਸੋ, ਤੁਸੀਂ ਕੇਸ ਜਿੱਤ ਗਏ ?**
ਜਵਾਬ : ਹਾਂ, ਮੈਂ ਕੇਸ ਜਿੱਤ ਲਏ, ਪਰ ਇਹ ਸਭ ਕੁਝ ਮੇਰੇ ਨੌਕਰੀ ਛੱਡਣ ਮਗਰੋਂ ਹੋਇਆ। ਪਰ ਮੈਨੂੰ ਨੌਕਰੀ ਤੋਂ ਕੱਢਣ ਲਈ ਇਹ ਕਾਰਨ ਨਹੀਂ ਸਨ। ਹੋਇਆ ਇੰਝ ਕਿ ਉਨ੍ਹਾਂ ਨੇ ਤਿੰਨ ਸਾਲ ਬਾਅਦ ਮੇਰਾ ਕੇਸ ਵਿਜੀਲੈਂਸ ਨੂੰ ਦੇ ਦਿੱਤਾ। ਇਸ ਤਰ੍ਹਾਂ ਤਕਰੀਬਨ ਪੰਜ ਸਾਲ ਮੈਂ ਕਚਹਿਰੀ ਦੇ ਚੱਕਰ ਵਿਚ ਰਿਹਾ ਤੇ ਮੈਨੂੰ ਜ਼ਲੀਲ ਕੀਤਾ ਗਿਆ। ਮੈਂ ਸਮਝ ਗਿਆ ਕਿ ਉਹ ਜਾਣ ਬੁੱਝ ਕੇ ਮੁਕੱਦਮੇ ਵਿਚ ਦੇਰੀ ਕਰ ਰਹੇ ਸਨ। ਮੈਂ ਉਸ ਵੇਲੇ ਦੇ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਕੋਲ ਗਿਆ ਅਤੇ ਉਸ ਨੇ ਮੈਨੂੰ ਇਨਸਾਫ਼ ਹੋਣ ਦਾ ਵਚਨ ਕੀਤਾ। ਮੈਂ ਉਸ ਸਮੇਂ ਦੇ ਆਪਣੇ ਮਿੱਤਰ ਐਡਵੋਕੇਟ ਜਰਨਲ ਨੂੰ ਨਾਲ ਲੈ ਕੇ ਗਿਆ ਸੀ। ਉਸ ਨੇ ਗਿਆਨੀ ਜੀ ਨੂੰ ਕਿਹਾ ਕਿ ਇਸ ਵਿਅਕਤੀ ਨੇ ਦੇਸ਼ ਲਈ ਬਹੁਤ ਕੁਝ ਕੀਤਾ ਹੈ। ਉਸ ਨੇ ਇਹ ਵੀ ਕਿਹਾ ਕਿ ਇਹ ਤੁਹਾਡੀ ਫੌਜ ਦਾ ਇਕੋ ਇਕ ਜਨਰਲ ਹੈ, ਜਿਸ ਨੇ ਦੇਸ਼ ਦਾ ਮਾਣ ਵਧਾਇਆ ਹੈ ਅਤੇ ਇਹ ਤੁਸੀਂ ਦੇਖੋ ਕਿ ਤੁਸੀਂ ਉਸ ਲਈ ਕੀ ਕਰ ਰਹੇ ਹੋ। ਗਿਆਨੀ ਜੀ ਕੇਵਲ ਯਕੀਨ ਦਿਵਾਉਣ ਲਈ ਹੀ ਸ਼ੇਰ ਸਨ। ਉਨ੍ਹਾਂ ਕੋਲੋਂ ਕੁਝ ਵੀ ਨਾ ਹੋ ਸਕਿਆ। ਕੇਸ ਵਾਪਸ ਤਾਂ ਦੂਰ ਦੀ ਗੱਲ, ਕਾਨੂੰ ਕਾਰਵਾਈ ਵਿਚ ਵੀ ਸਗੋਂ ਦੇਰੀ ਕੀਤੀ ਗਈ। ਜੱਜ ਨੇ ਵਿਜੀਲੈਂਸ ਵਿਭਾਗ ਨੂੰ ਚਿੱਠੀ ਲਿਖੀ ਕਿ ਸਾਡਾ ਸਮਾਂ ਨਸ਼ਟ ਨਾ ਕਰੋ ਅਤੇ ਗਵਾਹ ਨੂੰ ਕਚਹਿਰੀ ਵਿਚ ਪੇਸ਼ ਕੀਤਾ ਜਾਵੇ। ਇਤਨਾ ਹੋਣ 'ਤੇ ਵੀ ਕੇਸ ਨੂੰ ਲਮਕਾਇਆ ਗਿਆ ਤੇ ਵਿਜੀਲੈਂਸ ਵਿਭਾਗ ਨੂੰ ਪੁੱਛਣ 'ਤੇ ਉਨ੍ਹਾਂ ਮੈਨੂੰ ਕਿਹਾ ਕਿ ਉਹ ਚਾਹੁਣ ਤਾਂ ਇਸ ਕੇਸ ਨੂੰ ਹੋਰ ਵੀਹ ਸਾਲ ਲਈ ਲਮਕਾ ਸਕਦੇ ਹਨ।

**ਸਵਾਲ : ਬੰਗਲਾਦੇਸ਼ ਵਿਚ ਹੀਰੋ ਬਣਨ ਮਗਰੋਂ ਤੁਸੀਂ ਇਕਦਮ ਹੇਠਾਂ ਕਿਵੇਂ ਡਿੱਗ ਗਏ ?**
ਜਵਾਬ : ਕਿਉਂਕਿ ਮੈਂ ਇਕ ਬਿਆਨ ਦਿੱਤਾ ਸੀ ਕਿ ਐਮਰਜੈਂਸੀ ਵਿਚ ਦੇਸ਼ ਸੇਵਾਲਈ ਕੋਈ ਵੀ ਵਿਅਕਤੀ 'ਖਾਸ ਵਿਅਕਤੀ' ਨਹੀਂ ਕਹਿਲਾ ਸਕਦਾ। ਮੇਰੇ ਲਈ ਇਕ ਇਕ ਵਫ਼ਾਦਾਰ ਸਿਪਾਹੀ ਵਾਲਾ ਬਿਆਨ ਸੀ। ਪਰ ਮੇਰੇ ਬਿਆਨ ਨੂੰ ਗਲਤ ਰੰਗ ਦੇ ਕੇ ਫੌਜ ਦੇ ਮੁਖੀ ਤੇ ਪ੍ਰਧਾਨ ਮੰਤਰੀ ਤੱਕ ਪਹੁੰਚਾਇਆ ਗਿਆ। ਰੱਬ ਜਾਣੇ ਉਨ੍ਹਾਂ ਮੇਰੇ ਬਾਰੇ ਕੀ ਸੋਚਿਆ। ਉਨ੍ਹਾਂ ਦਾ ਅਸਲੀ ਨਿਸ਼ਾਨਾ ਮੇਰੀ ਤਰੱਕੀ ਰੋਕਣਾ ਸੀ, ਕਿਉਂਕਿ ਮੈਂ ਇਕ ਸਿੱਖ ਹਾਂ। ਫੌਜ ਵਿਚ ਸਿੱਖਾਂ ਨੂੰ ਅਜਿਹਾ ਹੀ ਦੁਰਵਿਹਾਰ ਮਿਲਦਾ ਹੈ।

**ਸਵਾਲ : ਕੀ ਤੁਸੀਂ ਸੋਚਦੇ ਹੋ ਕਿ ਫੌਜ ਵਿਚ ਹੋਰ ਸਿੱਖ ਅਫ਼ਸਰਾਂ ਨਾਲ ਅਜਿਹਾ ਹੀ ਦੁਰਵਿਹਾਰ ਹੁੰਦਾ ਹੋਵੇਗਾ ?**
ਜਵਾਬ : ਬੇਸ਼ੱਕ, ਨਿਰਾ ਦੁਰਵਿਵਹਾਰ ਹੀ ਨਹੀਂ, ਸਗੋਂ ਅਸੀਂ ਹਮੇਸ਼ਾ ਸ਼ੱਕੀ ਅਫ਼ਸਰ ਸਮਝੇ ਜਾਂਦੇ ਸਾਂ। ਇਹੋ ਗੱਲ ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ ਨੂੰ ਟੀ.ਵੀ. 'ਤੇ ਕਹਿਣੀ ਪਈ ਕਿ ਸਿੱਖਾਂ 'ਤੇ ਸ਼ੱਕ ਨਾ ਕੀਤਾ ਜਾਵੇ।

**ਸਵਾਲ : ਤੁਸੀਂ ਸਾਨੂੰ ਮੁਕਤੀ ਬਹਿਣੀ ਬਾਰੇ ਕੁਝ ਦੱਸੋਗੇ ? ਤੁਸੀਂ ਇਸ ਦਾ ਸੰਚਾਲਨ ਕਿਵੇਂ ਕੀਤਾ ?**
ਜਵਾਬ : ਇਹ ਬੜੀਆਂ ਖੁਫ਼ੀਆ ਗੱਲਾਂ ਹਨ, ਜਿਨ੍ਹਾਂ ਬਾਰੇ ਮੈਂ ਤੁਹਾਨੂੰ ਨਹੀਂ ਦੱਸ ਸਕਦਾ। ਸਾਨੂੰ ਇਸ ਬਾਰੇ ਕਿਤਾਬ ਲਿਖਣ ਦੀ ਮਨਾਹੀ ਵੀ ਹੈ। ਜੇ ਮੈਂ ਗੱਲ ਕੀਤੀ ਤਾਂ ਮੈਂ ਦੇਸ਼ ਧ੍ਰੋਹੀ ਕਹਿਲਾਵਾਂਗਾ ਅਤੇ ਮੈਂ ਐਸਾ ਨਹੀਂ ਚਾਹੁੰਦਾ।

**ਸਵਾਲ : ਪਰ ਕੀ ਤੁਸੀਂ ਸਾਨੂੰ ਇਸ ਨੂੰ ਸ਼ੁਰੂ ਕਰਨ ਬਾਰੇ ਦੱਸ ਸਕਦੇ ਹੋ ?**
ਜਵਾਬ : ਇਹ ਗੱਲ ਤੁਸੀਂ ਜਰਨਲ ਜਗਜੀਤ ਸਿੰਘ ਅਰੋੜਾ ਤੋਂ ਪੁੱਛ ਸਕਦੇ ਹੋ। ਉਹ ਮੇਰਾ ਅਫ਼ਸਰ ਸੀ। ਪਰ ਮੈਂ ਅਜਿਹੀਆਂ ਗੱਲਾਂ ਕਰਨ ਦਾ ਆਦੀ ਨਹੀਂ।

**ਸਵਾਲ : ਹਾਲੀ ਵੀ ਨਹੀਂ, ਜਦ ਕਿ ਤੁਹਾਨੂੰ ਸਜ਼ਾ ਦਿੱਤੀ ਗਈ ਹੈ ?**
ਜਵਾਬ : ਬੇਸ਼ੱਕ ਮੈਨੂੰ ਸਜ਼ਾ ਦਿੱਤੀ ਗਈ ਹੈ, ਮੈਂ ਇੰਦਰਾ ਗਾਂਧੀ ਨੂੰ ਅਪੀਲ ਕੀਤੀ ਸੀ ਕਿ ਮੇਰਾ ਕੋਰਟ ਮਾਰਸ਼ਨ ਕੀਤਾ ਜਾਵੇ ਜਾਂ ਖੁੱਲ੍ਹੀ ਕਚਹਿਰੀ ਵਿਚ ਮੇਰੇ ਤੇ ਮੁਕੱਦਮਾ ਚਲਾਇਆ ਜਾਵੇ। ਇਕ ਹੱਲ ਮੈਂ ਇਹ ਦੱਸਿਆ ਕਿ ਮੇਰੇ ਕੇਸ ਦੀ ਪੜਤਾਲ ਕਿਸੇ ਇਮਾਨਦਾਰ ਆਦਮੀ ਤੋਂ ਕਰਵਾਈ ਜਾਵੇ। ਮੈਂ ਅਪੀਲ ਵਿਚ ਇਹ ਵੀ ਕਿਹਾ ਕਿ ਮੈਂ ਠੀਕ ਨਹੀਂ ਰਹਿੰਦਾ ਤੇ ਮੇਰੀ ਪਤਨੀ ਵੀ ਬੀਮਾਰ ਹੈ। ਛੇ ਮਹੀਨੇ ਦੇ ਵਕਫ਼ੇ ਨਾਲ ਮੇਰੀ 13 ਸਾਲ ਦੀ ਨੌਕਰੀ ਸੀ। ਚੀਨ ਦੇ ਜੰਗ ਸਮੇਂ ਮੈਂ ਜੰਮੂ ਕਸ਼ਮੀਰ ਵਿਚ ਸਾਂ। ਜਨਰਲ ਬੀ ਐਮ ਕੌਲ ਨੇ ਆਪਣੀ ਪੁਸਤਕ The Untold Story ਵਿਚ ਮੇਰੀ ਉਸਤਤ ਕੀਤੀ ਸੀ।

**ਸਵਾਲ : ਉਸ ਸਮੇਂ ਤੁਹਾਡਾ ਕੀ ਰੈਂਕ ਸੀ ?**
ਜਵਾਬ : ਮੈਂ ਉਸ ਸਮੇਂ ਲੈਫ਼ਟੀਨੈਂਟ ਕਰਨਲ ਸੀ। ਮੈਂ ਸਟਾਫ਼ ਅਫ਼ਸਰ ਸੀ। ਪਰ ਮੈਨੂੰ ਦਿੱਤਾ ਗਿਆ ਕੰਮ ਅਫ਼ਸਰਾਂ ਵਰਗਾ ਨਹੀਂ ਸੀ। ਜੰਮੂ ਕਸ਼ਮੀਰ ਤੋਂ ਚੀਨ ਦੀ ਜੰਗ ਵਿਚ ਪਹੁੰਚਣ ਲਈ ਕਿਹਾ ਗਿਆ ਤਾਂ ਉਥੇ ਪਹੁੰਚਣ ਲਈ ਉਸ ਨੇ 20 ਦਿਨ ਲਗਾਏ। ਉਹ ਇਕ ਹਿੰਦੂ ਸੀ ਜਦਕਿ ਮੈਂ ਉਥੇ ਪਹੁੰਚਣ ਲਈ ਸਿਰਫ਼ ਇਕ ਦਿਨ ਲਗਾਇਆ। ਇਹ ਮੇਰੀ ਵਫ਼ਾਦਾਰੀ ਸੀ, ਪਰ ਮੈਂ ਇਕ ਸਿੱਖ ਹਾਂ, ਉਹ ਇਕ ਹਿੰਦੂ ਹੈ। ਉਸ ਨੂੰ ਲੈਫ਼ਟੀਨੈਂਟ ਜਨਰਲ ਬਣਾ ਦਿੱਤਾ ਗਿਆ। ਪਰ ਮੈਨੂੰ ਵਿਚੋਂ ਕੱਢ ਦਿੱਤਾ ਗਿਆ ਅਤੇ ਮੈਨੂੰ ਬਣਦੀ ਤਰੱਕੀ ਵੀ ਨਹੀਂ ਦਿੱਤੀ ਗਈ ਅਤੇ ਕਈ ਤਰ੍ਹਾਂ ਦੇ ਮੁਕੱਦਮੇ ਮੜ੍ਹ ਦਿੱਤੇ ਗਏ। ਮੈਨੂੰ ਇਹ ਵੀ ਦੱਸਿਆ ਗਿਆ ਕਿ ਮੈਂ ਯੂ.ਪੀ. ਦੇ ਕੱਢੇ ਗਏ ਮੁੱਖ ਮੰਤਰੀ ਬਹੁਗੁਣਾ ਦਾ ਮਿੱਤਰ ਸਾਂ। ਮੈਂ ਉਸ ਵਕਤ ਇਹ ਕਿਹਾ ਕਿ ਮੇਰਾ ਸਿਆਸਤ ਨਾਲ ਕੋਈ ਸਬੰਧ ਨਹੀਂ ਹੈ। ਤੁਸੀਂ ਦੱਸੋ ਕਿ ਜਦੋਂ ਉਹ ਮੁੱਖ ਮੰਤਰੀ ਸੀ ਅਤੇ ਜੇਕਰ ਉਸ ਨੇ ਮੈਨੂੰ ਮੁਸ਼ਾਇਰੇ ਵਿਚ ਭਾਗ ਲੈਣ ਲਈ ਕਿਹਾ ਤਾਂ ਮੈਂ ਕਿਵੇਂ ਨਾ ਜਾਂਦਾ।



ਬੇਸ਼ੱਕ ਡੀ.ਆਈ.ਜੀ ਤੇ ਪੁਲਿਸ ਕਮਿਸ਼ਨਰ ਨੇ ਮੈਨੂੰ ਦੱਸਿਆ ਕਿ ਮੇਰੇ ਬਾਰੇ ਦਿੱਲੀ ਨੂੰ ਰਿਪੋਰਟਾਂ ਭੇਜੀਆਂ ਜਾ ਰਹੀਆਂ ਹਨ। ਮੇਰਾ ਮੁਸ਼ਾਇਰੇ ਵਿਚ ਜਾਣਾ, ਇਕ ਦੇਸ਼ ਵਿਰੋਧੀ ਕਾਰਵਾਈ ਦੱਸਿਆ ਗਿਆ।

**ਸਵਾਲ : ਕੀ ਤੁਸੀਂ ਸੋਚਦੇ ਹੋ ਕਿ ਉਨ੍ਹਾਂ ਦਾ ਐਸਾ ਕਰਨਾ ਇਸ ਲਈ ਸੀ, ਕਿਉਂਕਿ ਤੁਸੀਂ ਸਿੱਖ ਸੀ ?**
ਜਵਾਬ : ਬਿਲਕੁਲ ਐਸਾ ਹੀ ਹੈ।

**ਸਵਾਲ : ਪਰ ਜਨਰਲ ਹਰਬਖਸ਼ ਤੇ ਜਨਰਲ ਅਰੋੜਾ ਤਾਂ ਕਾਫ਼ੀ ਉਪਰ ਤਰੱਕੀ ਕਰ ਗਏ ਸਨ ?**
ਜਵਾਬ : ਪਰ ਮੈਨੂੰ ਤਰੱਕੀ ਨਹੀਂ ਦਿੱਤੀ ਗਈ, ਕਿਉਂਕਿ ਇਸ ਤਰ੍ਹਾਂ ਤਾਂ ਕਈ ਸਿੱਖ ਜਨਰਲ ਹੋ ਜਾਣੇ ਸਨ।

**ਸਵਾਲ : ਕੀ ਤੁਸੀਂ ਉਨ੍ਹਾਂ ਦਿਨਾਂ ਵਿਚ ਸਿੱਖ ਮੁਫ਼ਾਦ ਦੇ ਸਮਰਥਕ ਸੀ ?**
ਜਵਾਬ : ਵੇਖੋ, ਮੈਂ ਸਿਗਰਟ ਅਤੇ ਸ਼ਰਾਬ ਨਹੀਂ ਪੀਂਦਾ ਅਤੇ ਮੈਂ ਸ਼ਾਕਾਹਾਰੀ ਵੀ ਹਾਂ ਅਤੇ ਮੇਰੀ ਸੰਗਤ ਹਮੇਸ਼ਾ ਸਾਧੂਆਂ ਅਤੇ ਸੰਤਾਂ ਨਾਲ ਰਹੀ ਹੈ। ਇਸ ਵਾਰ ਮੈਨੂੰ ਦੱਸਿਆ ਗਿਆ ਕਿ ਇਸ ਵਿਅਕਤੀ ਦੀ ਸੰਗਤ ਭਿਖਾਰੀਆਂ ਨਾਲ ਹੈ। ਮੇਰਾ ਝੁਕਾਅ ਹਮੇਸ਼ਾ ਧਾਰਮਿਕ ਵਿਚਾਰਾਂ ਵੱਲ ਰਿਹਾ ਹੈ, ਮੈਂ ਜਦੋਂ ਪੰਜ ਸਾਲ ਦਾ ਸੀ, ਤਾਂ ਮੇਰੀ ਮਾਤਾ ਜੀ ਨੇ ਮੈਨੂੰ ਜਪੁਜੀ ਸਾਹਿਬ ਦਾ ਪਾਠ ਸਿਖਾਇਆ। ਫਿਰ ਜਿਥੇ ਕਿਥੇ ਵੀ ਮੈਂ ਗਿਆ ਉਥੇ ਅਖੰਡ ਪਾਠ ਦਾ ਪ੍ਰਬੰਧ ਕਰਦਾ ਰਿਹਾ। ਜਦੋਂ ਗਿਆਨੀ ਜੈਲ ਸਿੰਘ ਨੇ ਕੋਈ ਤਸਵੀਰ ਖਿਚਾਈ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾ ਰਹੀ ਹੋਵੇ ਤਾਂ ਉਸ ਨੂੰ ਇਕ ਧਾਰਮਿਕ ਸਿੱਖ ਕਿਹਾ ਗਿਆ। ਪਰ ਜਦੋਂ ਜਨਰਲ ਹੁੰਦੇ ਹੋਏ ਮੈਂ ਅਜਿਹਾ ਕੀਤਾ ਤਾਂ ਮੈਨੂੰ ਇਕ ਧਾਰਮਿਕ ਜਜ਼ਬਾਤੀ ਕਿਹਾ ਗਿਆ।

**ਸਵਾਲ : ਜਦੋਂ ਤੁਸੀਂ ਬੰਗਲਾਦੇਸ਼ ਗਏ ਕੀ ਉਸ ਸਮੇਂ ਤੁਸੀਂ ਹਜ਼ਾਮਤ ਕਰਵਾਈ ਸੀ ?**
ਜਵਾਬ : ਮੇਰੀ ਦਾੜ੍ਹੀ ਛੋਟੀ ਸੀ ਅਤੇ ਮੇਰੇ ਵਾਲ ਵੀ ਜ਼ਿਆਦਾ ਲੰਮੇ ਨਹੀਂ ਸਨ। ਪਰ ਫਿਰ ਵੀ ਉਨ੍ਹਾਂ ਨੂੰ ਥੋੜਾ ਜਿਹਾ ਘਟਾ ਦਿੱਤਾ ਗਿਆ।

**ਸਵਾਲ : ਕੀ ਤੁਸੀਂ ਉਥੇ ਮੁਸਲਮਾਨ ਬਣ ਕੇ ਗਏ ਸੀ।**
ਜਵਾਬ : ਹਾਂ ਜੀ, ਕਿਉਂਕਿ ਹੋਰ ਕੋਈ ਤਰੀਕਾ ਨਹੀਂ ਸੀ। ਮੈਂ ਜਨਰਲ ਮਾਨਿਕ ਸ਼ਾਹ ਨੂੰ ਵੀ ਕਿਹਾ ਕਿ ਤੁਸੀਂ ਮੈਨੂੰ ਕਿਉਂ ਭੇਜ ਰਹੇ ਹੋ ? ਉਸ ਨੇ ਕਿਹਾ, ਮੈਨੂੰ ਵਿਸ਼ਵਾਸ਼ ਹੈ ਕਿ ਤੁਸੀਂ ਉਸ ਵਿਚ ਪੂਰੇ ਉਤਰੋਗੇ। ਨਾਗਾਲੈਂਡ ਵਿਚ ਘੁਸਪੈਠ ਕਰਨ ਤੋਂ ਬਾਅਦ ਮੈਨੂੰ ਬੰਗਲਾਦੇਸ਼ ਵਿਚ ਘੁਸਪੈਠ ਕਰਨਾ ਪਿਆ। ਇਹ ਲੋਕ ਜੋ ਭਾਰਤੀ ਫੌਜ ਵਿਚ ਬੜੇ ਚਲਾਕ ਅਤੇ ਮੱਕਾਰ ਹਨ, ਅਜਿਹਾ ਕੰਮ ਕਰਨ ਈ ਕਦੇ ਤਿਆਰ ਨਹੀਂ ਸੀ ਹੁੰਦੇ। ਫਿਰ ਵੀ ਉਹ ਵੱਡੇ ਜਨਰਲ ਬਣ ਗਏ। ਮੈਂ ਜਾਣਨਾ ਚਾਹਾਂਗਾ ਕਿ ਜਨਰਲ ਕੌਲ, ਜੋ ਹੁਣ ਚੀਫ਼ ਬਣਨ ਵਾਲਾ ਹੈ, ਨੇ ਕਦੀ ਗੋਲੀ ਦੀ ਆਵਾਜ਼ ਵੀ ਸੁਣੀ ਹੈ ? ਜਦੋਂ ਜੰਗ ਖਤਮ ਹੋਣ ਵਾਲੀ ਸੀ ਤਾਂ ਉਹ ਪਹੁੰਚ ਗਿਆ। ਪਰ ਜਦੋਂ ਜੰਗ ਸ਼ੁਰੂ ਹੋਈ ਤਾਂ ਉਸ ਦੀ ਬਦਲੀ ਬੜੀ ਸੁਰੱਖਿਅਤ ਜਗ੍ਹਾ ਕਰ ਦਿੱਤੀ ਗਈ। ਜਦੋਂ ਸੰਨ. 1965 ਦੀ ਜੰਗ ਖਤਮ ਹੋਣ ਲੱਗੀ ਤਾਂ ਉਸ ਦੀ ਬਦਲੀ ਇਕਦਮ ਜੰਮੂ ਕਰ ਦਿੱਤੀ ਗਈ।

**ਸਵਾਲ : ਤੁਸੀਂ ਕਿੰਨੀ ਦੇਰ ਤੋਂ ਹਰਿਮੰਦਰ ਸਾਹਿਬ ਰਹਿ ਰਹੇ ਹੋ ?**
ਜਵਾਬ : ਤਕਰੀਬਨ 3 ਹਫਤੇ ਤੋਂ। ਤੁਸੀਂ ਇਹ ਦੇਖ ਲਵੋ ਕਿ ਇਹ ਦੋਨੋਂ ਕੇਸ ਜਿੱਤਣ ਤੋਂ ਬਾਅਦ ਅਸੀਂ ਪ੍ਰਾਰਥਨਾ ਕਰਕੇ ਇਹ ਪ੍ਰਣ ਲਿਆ। ਇਸ ਲਈ ਹਰ ਮਹੀਨੇ ਤੀਜੇ ਐਤਵਾਰ ਵਾਲੇ ਦਿਨ ਅਸੀਂ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਜਾ ਕੇ ਛੇ ਘੰਟੇ ਲਈ ਸਿਮਰਨ ਤੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਹੈ। ਹਾਲੇ ਵੀ ਸਾਡਾ ਇਕ ਅਖੰਡ ਪਾਠ ਤੇ ਲੰਗਰ ਬਾਬਾ ਬਕਾਲਾ ਵਿਖੇ ਕਰਨਾ ਬਾਕੀ ਹੈ ਅਤੇ ਇਥੇ ਕੁਝ ਹੋਰ ਅਰਦਾਸਾਂ ਵੀ ਕਰਨੀਆਂ ਹਨ। ਮੈਂ ਰੋਜ਼ ਸਵੇਰੇ ਤਿੰਨ ਵਜੇ ਉਠਦਾ ਹਾਂ ਅਤੇ ਇਸ਼ਨਾਨ ਪਾਣੀ ਕਰਕੇ ਸਾਢੇ ਚਾਰ ਵਜੇ ਰੋਜ਼ ਪਾਲਕੀ ਸਾਹਿਬ ਦੀ ਸੇਵਾ ਕਰਦਾ ਹਾਂ। ਜਦੋਂ ਸਵਾਰੀ ਸਾਹਿਬ ਅੰਦਰ ਜਾਂਦੀ ਸੀ ਤਾਂ ਉਸ ਸਮੇਂ ਮੈਂ ਆਪਣਾ ਪਾਠ ਕਰ ਲੈਂਦਾ ਸਾਂ। ਸੁਖਮਨੀ ਸਾਹਿਬ ਦਾ ਪਾਠ ਹਰਿਮੰਦਰ ਸਾਹਿਬ ਜਾਂ ਇਥੇ ਕਰ ਲੈਂਦਾ ਸਾਂ। ਫਿਰ ਮੈਂ ਰਹਿਰਾਸ ਸਾਹਿਬ ਦਾ ਪਾਠ ਕਰਨ ਲਈ ਜਾਂਦਾ ਸਾਂ।

**ਸਵਾਲ : ਕੀ ਤੁਸੀਂ ਕਈ ਮਹੀਨਿਆਂ ਤੋਂ ਇਥੇ ਠਹਿਰੇ ਹੋ ?**
ਜਵਾਬ : ਨਹੀਂ, ਸਿਰਫ਼ ਤਿੰਨ ਹਫਤੇ ਤੋਂ ਮੈਂ ਇਥੇ ਹਾਂ। ਮੇਰਾ ਪਿੰਡ ਖਿਆਲਾ ਇਥੋਂ ਦਸ ਮੀਲ ਦੀ ਦੂਰੀ 'ਤੇ ਹੈ। ਤੁਸੀਂ ਸਾਰੇ ਇਹ ਸ਼ੱਕ ਕਰਦੇ ਹੋ ਕਿ ਮੈਂ ਆਪਣਾ ਪਿੰਡ ਨੇੜੇ ਹੋਣ ਕਰਕੇ ਇਥੇ ਰਹਿ ਰਿਹਾ ਹਾਂ। ਮੈਂ ਤਾਂ ਇਥੇ ਪਾਠ ਅਤੇ ਅਰਦਾਸ ਕਰਨ ਲਈ ਅਤੇ ਆਪਣੀ ਪਤਨੀ ਦੀ ਬੀਮਾਰੀ ਕਾਰਨ ਇਥੇ ਰਹਿ ਰਿਹਾ ਹਾਂ। ਇਹ ਬੀਮਾਰੀ ਇੰਦਰਾ ਗਾਂਧੀ ਵਲੋਂ ਤੋਹਫ਼ੇ ਵਿਚ ਮਿਲੀ ਹੈ। ਮੈਂ ਆਪਣੀ ਨੌਕਰੀ ਸਮੇਂ 12 ਸਾਲ ਤੱਕ ਬਹੁਤਾ ਕਰਕੇ ਉਥੇ ਹੀ ਰਿਹਾ ਹਾਂ, ਜਿਥੇ ਪਰਿਵਾਰ ਰੱਖਣ ਦੀ ਸ਼ਹੂਲਤ ਨਹੀਂ ਸੀ। ਮੇਰੀ ਪਤਨੀ ਦੇ ਪੇਟ ਵਿਚ ਰਸੌਲੀ ਸੀ। ਮੈਂ ਇੰਦਰਾ ਗਾਂਧੀ ਨੂੰ ਅਪੀਲ ਕੀਤੀ ਕਿ ਜੇ ਮੇਰੇ ਲਈ ਨਹੀਂ ਤਾਂ ਘੱਟੋ ਘੱਟ ਮੇਰੀ ਪਤਨੀ ਲਈ ਮੈਨੂੰ ਇਨਸਾਫ਼ ਦੁਆਊ, ਜਿਸ ਨੇ ਦੇਸ਼ ਦੀ ਕਾਫ਼ੀ ਸੇਵਾ ਕੀਤੀ ਹੈ।

**ਸਵਾਲ : ਕੀ ਤੁਹਾਡਾ ਕੇਸ 'ਨੈਸਾ' ਵਿਚ ਦਰਜ ਹੈ ?**
ਜਵਾਬ : ਇਸ ਬਾਰੇ ਮੈਨੂੰ ਪਤਾ ਨਹੀਂ।

**ਸਵਾਲ : ਕੀ ਤੁਸੀਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਮਰਥਕ ਹੋ ?**
ਜਵਾਬ : ਜਿਥੋਂ ਤੱਕ ਮੇਰੇ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਬੰਧ ਦਾ ਸਵਾਲ ਹੈ। ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਹੈ। ਮੈਂ ਤੁਹਾਨੂੰ ਇਹ ਦੱਸ ਚੁੱਕਾ ਹਾਂ ਕਿ ਮੈਂ ਪ੍ਰਧਾਨ ਮੰਤਰੀ ਨਾਲੋਂ ਵੀ ਜ਼ਿਆਦਾ ਦੇਸ਼ ਭਗਤ ਹਾਂ। ਮੈਂ ਭਿੰਡਰਾਂਵਾਲਿਆਂ ਨੂੰ ਮਿਲਿਆ ਹਾਂ। ਇਸ ਵਿਚ ਕੋਈ ਸ਼ੱਕ ਨਹੀਂ। ਪਰ ਉਨ੍ਹਾਂ ਦਾ ਵਿਅਕਤੀਤਵ ਨਿਰੋਲ ਧਾਰਮਿਕ ਹੈ ਤੇ ਉਹ ਸਚਾਈ ਤੇ ਖੜ੍ਹਨ ਵਾਲਾ ਮਨੁੱਖ ਹੈ। ਸਾਡੀ ਸਰਕਾਰ ਉਨ੍ਹਾਂ ਨੂੰ ਜਾਣ ਬੁੱਝ ਕੇ ਇਕ ਗੱਦਾਰ ਦੀ ਉਪਾਧੀ ਦੇ ਰਹੀ ਹੈ, ਕਿਉਂਕਿ ਉਨ੍ਹਾਂ ਦੀ ਸਿਆਸਤ ਸਰਕਾਰ ਨੂੰ ਮੁਆਫ਼ਕ ਨਹੀਂ। ਲੇਕਿਨ ਇਹ ਸਚਾਈ ਹੈ ਕਿ ਦੁਨੀਆ ਵਿਚ ਸ਼ਾਇਦ ਹੀ ਕੋਈ ਸਿੱਖ ਹੋਵੇ, ਜੋ ਉਸ ਨੂੰ ਆਪਣਾ ਲੀਡਰ ਨਹੀਂ ਮੰਨਦਾ। ਮੈਂ ਵੀ ਉਸ ਨੂੰ ਆਪਣਾ ਲੀਡਰ ਮੰਨਦਾ ਹਾਂ। ਮੇਰਾ ਪੱਕਾ ਵਿਸ਼ਵਾਸ਼ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂਬਾਅਦ ਉਹ ਇਕੋ ਹੀ ਸਿੱਖ ਜੰਮਿਆ ਹੈ, ਜੋ ਸਿੱਖ ਕੌਮ ਨੂੰ ਇਨਸਾਫ ਦਿਵਾ ਸਕਦਾ ਹੈ।

**ਸਵਾਲ : ਕੀ ਤੁਸੀਂ ਹਿੰਸਾ ਦੇ ਸਮਰਥਕ ਹੋ ?**
ਜਵਾਬ :ਨਹੀਂ, ਅਸੀਂ ਹਿੰਸਾ ਵਿਚ ਵਿਸ਼ਵਾਸ਼ ਨਹੀਂ ਰੱਖਦੇ ਅਤੇ ਮੈਂ ਪਿਛਲੇ ਸਾਲ ਤਿੰਨ ਮਹੀਨੇ ਜੇਲ੍ਹ ਵਿਚ ਰਹਿ ਕੇ ਇਹ ਸਿੱਧ ਕਰ ਦਿੱਤਾ। ਇਹੋ ਕਾਰਨ ਸੀ ਕਿ ਮੈਨੂੰ ਪੈਨਸ਼ਨ ਦੀ ਥਾਂ ਸਜ਼ਾ ਦਿਤੀ ਗਈ। ਜਦ ਮੈਨੂੰ ਇਹ ਹੁਕਮ ਮਿਲਿਆ ਤਾਂ ਉਸ ਸਮੇਂ ਜੇਲ੍ਹ ਵਿਚ ਸੀ। ਇਹ ਸਰਕਾਰ ਇਸੇ ਗੱਲ ਨੂੰ ਇਨਸਾਫ਼ ਸਮਝਦੀ ਹੈ ਕਿ ਇਕ ਬਹਾਦਰ ਅਤੇ ਕੁਰਬਾਨੀ ਵਾਲੇ ਵਿਅਕਤੀ ਦੀ ਪੈਨਸ਼ਨ ਬੰਦ ਕਰ ਦਿੱਤੀ ਜਾਵੇ। ਮੈਂ ਆਪਣੇ ਦੇਸ਼ ਲਈ ਬੰਗਾਲੀ ਬਥਿਆ ਅਤੇ ਦੇਸ਼ ਲਈ ਦਾੜ੍ਹੀ ਕਟਵਾਈ ਅਤੇ ਇਸ ਲਈ ਮੈਨੂੰ ਦੁਬਾਰਾ ਅੰਮ੍ਰਿਤ ਵੀ ਛਕਣ ਪਿਆ। ਮੈਂ ਜਨਰਲ ਜ਼ਿਆ ਉਲ ਰਹਿਮਾਨ ਨੂੰ ਸਿਖਲਾਈ ਦਿੱਤੀ। ਉਹ ਅਤੇ ਉਸ ਦੀ ਪਤਨੀ ਖਾਲਿਦਾ ਜਦੋਂ ਇਥੇ ਆਏ ਤਾਂ ਇਕੱਲੇ ਮੈਨੂੰ ਹੀ ਜੇਲ੍ਹ ਚੋਂ ਬਾਹਰ ਕੱਢਿਆ। ਜਨਰਲ ਰਹਿਮਾਨ ਮੇਰੇ ਥੱਲੇ ਸੈਕਸ਼ਨ ਕਮਾਂਡਰ ਸੀ ਅਤੇ ਚਿੱਟਾ ਗਾਂਗ ਲਈ ਜਿੰਮੇਵਾਰੀ ਸੀ। ਇਹੋ ਜਿਹਾ ਦੁਰਵਿਹਾਰ ਸਹਿਣ ਵਾਲਾ ਮੈਂ ਇਕੱਲਾ ਹੀ ਜਰਨਲ ਹਾਂ। ਮੈਂ ਦਵਾਈ ਵੀ ਨਹੀਂ ਖਰੀਦ ਸਕਦਾ ਅਤੇ ਮੈਨੂੰ ਪਿਛਲੇ ਸਾਲ ਦਿਲ ਦਾ ਦੌਰਾ ਪਿਆ ਸੀ।


ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ
ਨਗਰ ਕੀਰਤਨ
Nagar Kirtan
SAN FRANCISCO
FREEDOM MARCH & SOVEREIGNTY RALLY
ਐਤਵਾਰ 10 ਜੂਨ 2018 ਨੂੰ ਸੈਨ ਫ੍ਰਾਂਸਿਸਕੋ ਵਿਖੇ
ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਹਨਾਂ ਵਲੋਂ ਪਾਏ ਪੂਰਨਿਆਂ ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿੱਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿੱਚ 10 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿੱਚ ਹਰ ਸਾਲ ਦੀ ਤਰਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।
Start 10AM at 36 2nd Street ਤੋਂ ਸਿਵਿਕ ਸੈਂਟਰ ਤੱਕ
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀਂ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋ ਜਾਣੂ ਕਰਵਾਓ।
FOR MORE INFO: 1-844-REM-1984
ਬੇਨਤੀ ਕਰਤਾ: ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ, ਕੈਲੀਫੋਰਨੀਆ


ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ
ਨਗਰ ਕੀਰਤਨ
FREEDOM MARCH & SOVEREIGNTY RALLY
NAGAR KIRTAN
SAN FRANCISCO
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋ ਜਾਣੂ ਕਰਵਾਓ।
SUNDAY • JUNE 10, 2018 • SAN FRANCISCO
Start 10am at 36 2nd Street ਤੋਂ ਸਿਵਿਕ ਸੈਂਟਰ ਤੱਕ
BART COMMUTER USE MONTGOMERY BART STATION
ਬੇਨਤੀ ਕਰਤਾ : ਸ: ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ,
ਗੁਰਜੰਟ ਸਿੰਘ ਗਿੱਲ, ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ) ਅਤੇ ਸਮੂਹ ਪਰਿਵਾਰ


ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ
ਨਗਰ ਕੀਰਤਨ
FREEDOM MARCH & SOVEREIGNTY RALLY
NAGAR KIRTAN
SAN FRANCISCO
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋ ਜਾਣੂ ਕਰਵਾਓ।
SUNDAY • JUNE 10, 2018 • SAN FRANCISCO
Start 10am at 36 2nd Street ਤੋਂ ਸਿਵਿਕ ਸੈਂਟਰ ਤੱਕ
BART COMMUTER USE MONTGOMERY BART STATION
ਬੇਨਤੀ ਕਰਤਾ
Sea Road Transportation Inc
Phone (510) 344-8584
Durlabh S. Hundal
Kamaljeet Singh
Bhaagdeep Singh Gill
SEA ROAD
TRANSPORTATION INC






ਜਾਰੀ ਕਰਤਾ :

**SINGH TRANSPORT INC**

**OAKLAND CALIFORNIA**

ਸੰਪਰਕ : ਸਤਨਾਮ ਸਿੰਘ ਖਹਿਰਾ

(510) 543-3778, (510) 918-2439, (510) 943-9578

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL



SERVICE TRUST
SKYWAY TRAVEL
DOMESTIC and INTERNATIONAL

Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1



ਅਸੀਂ ਇੰਡੀਅਨ ਸਟੋਰਜ਼, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)
Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com



Raja SWEETS & CATERING
AUTHORIZED CATERER FOR MAJOR 5-STAR HOTELS

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



Raja Sweets & Catering Presents
PARADISE BALLROOMS
banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ
ਨਗਰ ਕੀਰਤਨ
FREEDOM MARCH & SOVEREIGNTY RALLY
NAGAR KIRTAN
SAN FRANCISCO
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਓ।
SUNDAY • JUNE 10, 2018 • SAN FRANCISCO
Start 10AM at 36 2nd Street ਤੋਂ ਸਿਵਿਕ ਸੈਂਟਰ ਤੱਕ
BART COMMUTER USE MONTGOMERY BART STATION
ਬੇਨਤੀ ਕਰਤਾ
ਨੌਜਵਾਨ ਸਿੱਖ ਆਗੂ 7-Eleven ਸਟੋਰਾਂ ਦੀ ਫਰੈਂਚਾਇਜ਼ੀ
ਬੋਰਡ ਦੀ ਯੂਨੀਅਨ ਦੇ ਇਲੈਕਟਡ ਮੈਂਬਰ, ਕਮਿਊਨਿਟੀ ਦੇ
ਨਿਸ਼ਕਾਮ ਸੇਵਾਦਾਰ ਤੇ ਉਘੇ ਬਿਜ਼ਨਸਮੈਨ
ਸਰਦਾਰ ਅਜਮੇਰ ਸਿੰਘ ਨਿੱਜਰ (ਬਿੱਟੂ)


ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾ ਦੀ ਮਿੱਠੀ ਯਾਦ ਵਿੱਚ
ਨਗਰ ਕੀਰਤਨ
FREEDOM MARCH & SOVEREIGNTY RALLY
NAGAR KIRTAN
SAN FRANCISCO
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਨਵੀ ਪੀੜੀ ਨੂੰ ਖਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਓ।
SUNDAY • JUNE 10, 2018 • SAN FRANCISCO
Start 10AM at 36 2nd Street ਤੋਂ ਸਿਵਿਕ ਸੈਂਟਰ ਤੱਕ
BART COMMUTER USE MONTGOMERY BART STATION
ਬੇਨਤੀ ਕਰਤਾ
ਭਾਈ ਜਸਵੰਤ ਸਿੰਘ ਹੋਠੀ, ਪ੍ਰਧਾਨ
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ
ਫ਼ੋਨ : 408-898-7056

# ਸਰਬਜੋਤ ਸਿੰਘ ਸਵੱਦੀ ਵਲੋਂ ਸੈਨਹੋਜ਼ੇ 'ਚ ਮਨਾਈ ਗਈ ਪਿਕਨਿਕ ਤਸਵੀਰਾਂ ਦੀ ਜ਼ੁਬਾਨੀ

**ਸਰਬਜੋਤ ਸਿੰਘ ਜੀ ਸਵੱਦੀ ਵਲੋਂ ਬੇ ਲੈਂਡ ਪਾਰਕ ਸੈਨਹੋਜੇ ਵਿਖੇ ਇੱਕ ਪਿਕਨਿਕ ਸਪੌਟ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਮੁੱਚੇ ਬੇ ਏਰੀਆ ਦੇ ਸੱਜਣਾਂ ਮਿੱਤਰਾਂ ਵਲੋਂ ਸ਼ਿਰਕਤ ਕੀਤੀ ਗਈ। ਸ੍ਰ. ਸਰਬਜੋਤ ਸਿੰਘ ਜੀ ਸਵੱਦੀ ਵਲੋਂ ਸਮੂਹ ਸੱਜਣਾਂ ਮਿੱਤਰਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਜਾਂਦਾ ਹੈ।**







## ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

*ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:*




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
**ਤਜਿੰਦਰ ਸਿੰਘ 916-529-7877**
**ਜਸਜੀਤ ਸਿੰਘ ਫੋਨ :510 875 3279**



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

## ਪੰਜਾਬੀ ਢਾਬਾ

**Now Open**

Indiana
1480 N State Road 1, Cambridge City, IN 47327. 70
Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ
**ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



**Free Buffet**
over 100 gallons
open 6am to midnight

**Phone: 765-478-6300**

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



Address: 27293 S Hillview St, Tracy, CA 95304-8154

Listing Price: $929,900,

Area: 1.0100Acres (43996 Lot SqFt Apprx)



Address: 20199 Wicklund Rd, Tracy, CA 95391

Listing Price $1,250,000,

Area: 10.5000 Acres (457380 Lot SqFt Apprx)



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**




PER GALLON ON DIESEL






FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# ਡਾਲਰ ਦੀ ਵਧਦੀ ਕੀਮਤ ਦਾ ਆਮ ਆਦਮੀ 'ਤੇ ਅਸਰ

**ਸ.ਸ. ਛੀਨਾ**

ਕਿਸੇ ਮੁਲਕ ਦੀ ਕਰੰਸੀ ਦੀ ਕੀਮਤ ਉਸ ਮੁਲਕ ਦੀ ਆਰਥਿਕ ਮਜ਼ਬੂਤੀ ਦਾ ਪ੍ਰਤੀਕ ਇਸ ਕਰ ਕੇ ਹੈ, ਕਿਉਂਕਿ ਉਸ ਮੁਲਕ ਦੀਆਂ ਵਸਤੂਆਂ ਵਿਦੇਸ਼ਾਂ ਵਿਚ ਵਿਕ ਰਹੀਆਂ ਹਨ। ਉਨ੍ਹਾਂ ਦੀ ਵਿਦੇਸ਼ਾਂ ਵਿਚ ਵਧੀ ਮੰਗ ਕਰ ਕੇ ਉਨ੍ਹਾਂ ਨੂੰ ਉਸ ਮੁਲਕ ਵਿਚ ਬਣਾਉਣ ਦੀ ਜ਼ਿਆਦਾ ਲੋੜ ਹੈ, ਜ਼ਿਆਦਾ ਕਿਰਤੀਆਂ ਦੀ ਲੋੜ ਹੈ। ਫਿਰ ਕਿਰਤੀਆਂ ਦੀਆਂ ਉਜਰਤਾਂ ਵਿਚ ਵਾਧਾ ਹੋਵੇਗਾ ਅਤੇ ਮੁਲਕ ਵਿਚ ਖ਼ੁਸ਼ਹਾਲੀ ਹੋਵੇਗੀ। ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਵਿਚ ਡਾਲਰਾਂ ਵਿਚ ਵਪਾਰ ਕੀਤਾ ਜਾਂਦਾ ਹੈ, ਭਾਵੇਂ ਪੌਂਡ ਅਤੇ ਯੂਰੋ, ਡਾਲਰ ਤੋਂ ਵੀ ਮਹਿੰਗੇ ਹਨ। ਭਾਰਤ ਵਿਚ ਪੌਂਡ 90 ਰੁਪਏ ਅਤੇ ਯੂਰੋ 70 ਰੁਪਏ ਤੋਂ ਉਪਰ ਹੈ। ਭਾਰਤ ਦੀ ਸੁਤੰਤਰਤਾ ਸਮੇਂ ਪੌਂਡ ਸਿਰਫ 15 ਰੁਪਏ ਅਤੇ ਯੂਰੋਪੀਅਨ ਯੂਨੀਅਨ ਬਣਨ 'ਤੇ 27 ਮੁਲਕਾਂ ਦੇ ਯੂਰੋ ਨੂੰ ਸਾਂਝੀ ਕਰੰਸੀ ਅਪਣਾਉਣ ਦੇ ਸਮੇਂ ਇਕ ਯੂਰੋ ਸਿਰਫ 4 ਰੁਪਏ ਦੇ ਬਰਾਬਰ ਸੀ। ਇਨ੍ਹਾਂ ਮੁਲਕਾਂ ਦੀਆਂ ਵਸਤੂਆਂ ਦੀ ਵਧਦੀ ਮੰਗ ਅਤੇ ਵਪਾਰ ਕਰ ਕੇ, ਯੂਰੋ ਦੀ ਕੀਮਤ ਵਿਚ ਲਗਾਤਾਰ ਵਾਧਾ ਹੁੰਦਾ ਗਿਆ।

ਭਾਰਤ ਦਾ ਕੌਮਾਂਤਰੀ ਵਪਾਰ ਉਨ੍ਹਾਂ ਮੁਲਕਾਂ ਨਾਲ ਹੁੰਦਾ ਹੈ, ਜਿਨ੍ਹਾਂ ਵਿਚ ਡਾਲਰ ਨੂੰ ਕਰੰਸੀ ਦੇ ਰੂਪ ਵਿਚ ਪ੍ਰਵਾਨ ਕੀਤਾ ਜਾਂਦਾ ਹੈ। ਜਦੋਂ ਡਾਲਰ ਦੀ ਕੀਮਤ ਵਧਦੀ ਹੈ ਤਾਂ ਇਸ ਦਾ ਅਰਥ ਹੈ ਕਿ ਉਨ੍ਹਾਂ ਮੁਲਕਾਂ ਤੋਂ ਭਾਰਤ ਵਿਚ ਆਉਣ ਵਾਲੀਆਂ ਵਸਤੂਆਂ ਦਾ ਮੁੱਲ ਭਾਰਤ ਤੋਂ ਬਾਹਰ ਜਾਣ ਵਾਲੀਆਂ ਵਸਤੂਆਂ ਦੇ ਮੁੱਲ ਤੋਂ ਜ਼ਿਆਦਾ ਹੈ ਅਤੇ ਡਾਲਰ ਦੀ ਕਰੰਸੀ ਦੀ ਜ਼ਿਆਦਾ ਲੋੜ ਹੈ। ਡਾਲਰ ਦੀ ਕੀਮਤ ਵਿਚ ਕਮੀ ਤਾਂ ਹੀ ਹੋ ਸਕਦੀ ਹੈ, ਜੇ ਭਾਰਤ ਤੋਂ ਬਾਹਰ ਜਾ ਕੇ ਵਿਕਣ ਵਾਲੀਆਂ ਵਸਤੂਆਂ ਦੀ ਬਰਾਮਦ ਵਧੇ ਅਤੇ ਉਨ੍ਹਾਂ ਮੁਲਕਾਂ ਤੋਂ ਆਉਣ ਵਾਲੀਆਂ ਵਸਤੂਆਂ ਦੀ ਮੰਗ ਘਟੇ। ਆਉਣ ਵਾਲੇ ਸਮੇਂ ਵਿੱਚ ਇਸ ਦੀ ਸੰਭਾਵਨਾ ਨਹੀਂ ਲਗਦੀ। ਭਾਰਤ 82 ਫ਼ੀਸਦ ਤੇਲ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ, ਜਿਸ ਲਈ ਭੁਗਤਾਨ ਡਾਲਰਾਂ ਵਿਚ ਕਰਨਾ ਪੈਂਦਾ ਹੈ। ਭਾਰਤ ਵਿਚ ਵਾਹਨਾਂ ਦੀ ਗਿਣਤੀ ਵਿਚ ਬੇਅੰਤ ਵਾਧਾ ਹੋਇਆ ਹੈ, ਲਗਾਤਾਰ ਹੋ ਰਿਹਾ ਹੈ, ਤੇ ਤੇਲ ਦੀ ਮੰਗ ਵਧ ਰਹੀ ਹੈ। ਇਸੇ ਕਰ ਕੇ ਇਕ ਤਾਂ ਤੇਲ ਦੀਆਂ ਕੀਮਤਾਂ ਹੁਣ 77 ਡਾਲਰ ਪ੍ਰਤੀ ਬੈਰਲ 'ਤੇ ਪਹੁੰਚ ਗਈਆਂ ਹਨ, ਦੂਸਰਾ ਡਾਲਰ ਦੀ ਕੀਮਤ ਵਧ ਕੇ 67 ਰੁਪਏ ਤੋਂ ਉਪਰ ਹੋ ਗਈ ਹੈ। ਸਿੱਟੇ ਵਜੋਂ ਭਾਰਤ ਤੋਂ ਇਨ੍ਹਾਂ ਲੋੜਾਂ ਦੇ ਭੁਗਤਾਨ ਦਾ ਬਿੱਲ ਵਧ ਗਿਆ ਹੈ। ਜਦੋਂ ਤੇਲ ਦੀਆਂ ਕੀਮਤਾਂ ਵਧਦੀਆਂ ਹਨ ਤਾਂ ਮੁਲਕ ਵਿੱਚ ਆਵਾਜਾਈ ਅਤੇ ਢੋਆ-ਢੁਆਈ ਦੀਆਂ ਲਾਗਤਾਂ ਵਿੱਚ ਵੀ ਵਾਧਾ ਹੋ ਜਾਂਦਾ ਹੈ ਅਤੇ ਅਗਾਂਹ ਹਰ ਵਸਤੂ ਦੀ ਕੀਮਤ ਵਧ ਜਾਂਦੀ ਹੈ। ਇਸ ਦਾ ਆਮ ਆਦਮੀ 'ਤੇ ਸਿੱਧਾ ਅਸਰ ਪੈਂਦਾ ਹੈ।1970 ਵਿੱਚ ਤੇਲ ਦੀ ਕੀਮਤ ਜਾਂ ਪੈਟਰੋਲ ਦੀ ਕੀਮਤ ਇਕ ਰੁਪਏ ਲਿਟਰ ਦੇ ਬਰਾਬਰ ਸੀ, ਜਿਹੜੀ ਹੁਣ 75 ਰੁਪਏ ਲਿਟਰ ਹੈ, ਡੀਜ਼ਲ 60 ਰੁਪਏ ਤੋਂ ਉਪਰ ਹੈ। ਜਦੋਂ ਵੀ ਇਹ ਕੀਮਤਾਂ ਵਧਣਗੀਆਂ, ਮਹਿੰਗਾਈ ਵੀ ਵਧੇਗੀ। ਸੋ, ਤੇਲ ਦੀ ਮੰਗ ਨਹੀਂ ਘਟੇਗੀ, ਇਸ ਲਈ ਡਾਲਰ ਦੀ ਕੀਮਤ ਘਟਣ ਦੀ ਵੀ ਉਮੀਦ ਨਹੀਂ।

ਭਾਰਤ ਆਪਣੀਆਂ ਇਕ ਤਿਹਾਈ ਦਾਲਾਂ ਦੀ ਲੋੜ ਵਿਦੇਸ਼ਾਂ ਤੋਂ ਮੰਗਵਾ ਕੇ ਪੂਰੀ ਕਰਦਾ ਹੈ। ਇਹ ਭੁਗਤਾਨ ਡਾਲਰਾਂ ਦੀ ਸ਼ਕਲ ਵਿੱਚ ਕਰਨਾ ਪੈਂਦਾ ਹੈ। ਜੇ ਡਾਲਰ ਦੀ ਕੀਮਤ ਵਧਦੀ ਹੈ ਤਾਂ ਭੁਗਤਾਨ ਦੇ ਮੁੱਲ ਵਿੱਚ ਵਾਧਾ ਹੋਵੇਗਾ, ਜਿਸ ਨਾਲ ਦਾਲਾਂ ਦੀਆਂ ਕੀਮਤਾਂ ਜੋ ਪਹਿਲਾਂ ਹੀ ਬਹੁਤ ਉੱਚੀਆਂ ਹਨ, ਉਨ੍ਹਾਂ ਦੀਆਂ ਕੀਮਤਾਂ ਵਿੱਚ ਹੋਰ ਵਾਧਾ ਹੋਵੇਗਾ। ਦਵਾਈਆਂ, ਮਸ਼ੀਨਾਂ ਦੇ ਪੁਰਜ਼ੇ ਅਤੇ ਅਨੇਕਾਂ ਵਸਤੂਆਂ ਦੀ ਦਰਾਮਦ, ਮੁਲਕ ਦੀ ਵਸੋਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੀਤੀ ਜਾਂਦੀ ਹੈ। ਜਦੋਂ ਵੀ ਡਾਲਰ ਦੀ ਸ਼ਕਲ ਵਿੱਚ ਉਨ੍ਹਾਂ ਵਸਤੂਆਂ ਦੀ ਦਰਾਮਦ ਲਈ ਭੁਗਤਾਨ ਕਰਨਾ ਪਵੇਗਾ, ਉਨ੍ਹਾਂ ਦਰਾਮਦ ਕੰਪਨੀਆਂ ਵੱਲੋਂ ਉਨ੍ਹਾਂ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧਾ ਕਰ ਦਿੱਤਾ ਜਾਵੇਗਾ।

ਅੱਜ ਕੱਲ੍ਹ ਭਾਰਤ ਅਤੇ ਚੀਨ ਵਿੱਚ ਸਭ ਤੋਂ ਜ਼ਿਆਦਾ ਮਾਤਰਾ ਵਿੱਚ ਵਿਦੇਸ਼ੀ ਵਪਾਰ ਹੋ ਰਿਹਾ ਹੈ, ਪਰ ਭਾਰਤ ਘੱਟ ਵਸਤੂਆਂ ਚੀਨ ਵਿੱਚ ਭੇਜਦਾ ਹੈ ਅਤੇ ਵੱਧ ਵਸਤੂਆਂ ਚੀਨ ਤੋਂ ਮੰਗਵਾਉਂਦਾ ਹੈ। ਭਾਰਤ ਦਾ ਵਪਾਰ ਸੰਤੁਲਨ ਭਾਰਤ ਦੇ ਉਲਟ ਹੈ। ਚੀਨ ਅਤੇ ਹੋਰ ਮੁਲਕ ਜਿਨ੍ਹਾਂ ਨੇ ਭਾਰਤ ਤੋਂ ਪੈਸੇ ਲੈਣੇ ਹੁੰਦੇ ਹਨ, ਭਾਰਤ ਨੂੰ ਉਨ੍ਹਾਂ ਲਈ ਭੁਗਤਾਨ ਡਾਲਰਾਂ ਵਿੱਚ ਕਰਨਾ ਪੈਂਦਾ ਹੈ, ਜਿਸ ਨਾਲ ਭਾਰਤ ਵਿਚ ਡਾਲਰ ਹੋਰ ਮਹਿੰਗਾ ਹੋ ਜਾਂਦਾ ਹੈ। ਜਿਹੜੀਆਂ ਵਸਤੂਆਂ ਚੀਨ ਤੋਂ ਭਾਰਤ ਵਿਚ ਆ ਕੇ ਵਿਕਦੀਆਂ ਹਨ, ਉਨ੍ਹਾਂ ਵਿਚ ਘਰਾਂ ਵਿਚ ਵਰਤਣ ਵਾਲੀਆਂ ਆਮ ਵਸਤੂਆਂ ਵੀ ਹਨ। ਜੇ ਭਾਰਤ ਦੀ ਥਾਂ ਚੀਨ ਦੀਆਂ ਵਸਤੂਆਂ ਭਾਰਤੀ ਮੰਡੀਆਂ ਵਿੱਚ ਵਿਕਣਗੀਆਂ ਅਤੇ ਭਾਰਤੀ ਵਸਤੂਆਂ ਦੀ ਮੰਗ ਘਟੇਗੀ ਤਾਂ ਇਸ ਨਾਲ ਭਾਰਤ ਵਿੱਚ ਉਨ੍ਹਾਂ ਵਸਤੂਆਂ ਨੂੰ ਬਣਾਉਣ ਵਾਲੇ ਕਾਰਖਾਨੇ ਬੰਦ ਹੋਣਗੇ ਅਤੇ ਉਨ੍ਹਾਂ ਵਿਚ ਕੰਮ ਕਰਨ ਵਾਲੇ ਕਿਰਤੀ ਵਿਹਲੇ ਹੋਣਗੇ। ਇਸ ਨਾਲ ਮੁਲਕ ਦੀ ਆਰਥਿਕਤਾ ਹੋਰ ਕਮਜ਼ੋਰ ਹੋਵੇਗੀ।

ਮੁਲਕ ਦੀ ਕਰੰਸੀ ਸਸਤੀ ਹੋਣ ਦਾ ਅਪ੍ਰਤੱਖ ਤੌਰ 'ਤੇ ਚੰਗਾ ਪ੍ਰਭਾਵ ਇਹ ਪੈਂਦਾ ਹੈ ਕਿ ਭਾਰਤ ਦੀਆਂ ਵਸਤੂਆਂ ਸਸਤੀਆਂ ਹੋ ਜਾਂਦੀਆਂ ਹਨ। ਜੇ ਪਹਿਲਾਂ ਇਕ ਡਾਲਰ ਨਾਲ 65 ਰੁਪਏ ਦੀਆਂ ਵਸਤੂਆਂ ਖਰੀਦੀਆਂ ਜਾਂਦੀਆਂ ਸਨ ਤਾਂ ਹੁਣ 67 ਰੁਪਏ ਦੀਆਂ ਵਸਤੂਆਂ ਖਰੀਦੀਆਂ ਜਾਣਗੀਆਂ, ਜਿਸ ਨਾਲ ਬਰਾਮਦ ਸੰਭਾਵਨਾਵਾਂ ਬਣ ਸਕਦੀਆਂ ਹਨ, ਪਰ ਉਨ੍ਹਾਂ ਵਸਤੂਆਂ ਨੂੰ ਵਿਦੇਸ਼ੀ ਵਸਤੂਆਂ ਦੇ ਮੁਕਾਬਲੇਯੋਗ ਬਣਨਾ ਪੈਂਦਾ ਹੈ। ਕਈ ਵਾਰ ਕੋਈ ਮੁਲਕ ਆਪਣੀ ਕਰੰਸੀ ਦਾ ਮੁੱਲ ਖ਼ੁਦ ਹੀ ਇਸ ਕਰ ਕੇ ਘਟਾ ਦਿੰਦਾ ਹੈ, ਕਿਉਂਕਿ ਇਸ ਨਾਲ ਉਸ ਦੀ ਬਰਾਮਦ ਵਧੇਗੀ। ਭਾਰਤ ਵਿਚ ਪਹਿਲਾਂ 1949 ਵਿਚ, ਫਿਰ 1966 ਤੇ ਫਿਰ 1970 ਤੋਂ ਬਾਅਦ ਆਪ ਆਪਣੀ ਕਰੰਸੀ ਦਾ ਮੁੱਲ ਇਸੇ ਉਦੇਸ਼ ਨਾਲ ਘਟਾਇਆ ਗਿਆ ਸੀ, ਪਰ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਦਰਾਮਦ ਕਰਨ ਵਾਲੇ ਦੂਜੇ ਮੁਲਕ ਆਪਣੀ ਕਰੰਸੀ ਦੇ ਮੁੱਲ ਨੂੰ ਸਥਿਰ ਰੱਖਦੇ ਹਨ। ਕੌਮਾਂਤਰੀ ਮੰਡੀ ਵਿੱਚ ਕਰੰਸੀ ਦਾ ਮੁੱਲ ਵਧਾਉਣ ਦਾ ਇਕ ਹੀ ਢੰਗ ਹੈ ਕਿ ਬਰਾਮਦ ਵਿਚ ਵਾਧਾ ਹੋਵੇ ਤੇ ਦਰਾਮਦਾਂ ਘਟਣ। ਜਿਹੜੀਆਂ ਵਸਤਾਂ ਦਰਾਮਦ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਦੇ ਬਦਲ ਮੁਲਕ ਵਿੱਚ ਪੈਦਾ ਕੀਤੇ ਜਾਣ। ਭਾਰਤ ਦੇ ਸਮੁੰਦਰਾਂ ਅਤੇ ਹੋਰ ਥਾਵਾਂ 'ਤੇ ਭਾਵੇਂ ਤੇਲ ਭੰਡਾਰ ਹਨ ਪਰ ਖੋਜ ਕਰ ਕੇ ਤੇਲ ਕੱਢਣ ਅਤੇ ਪੂਰਤੀ ਵਧਾਉਣ ਤੋਂ ਬਗੈਰ ਵਿਦੇਸ਼ਾਂ ਤੋਂ ਤੇਲ ਦੀ ਬਰਾਮਦ ਨਹੀਂ ਘਟ ਸਕਦੀ। ਦੂਸਰਾ ਹੈ, ਮੁਲਕ ਤੋਂ ਹੋਣ ਵਾਲੀ ਬਰਾਮਦ ਵਿਚ ਵਾਧਾ ਹੋਵੇ। ਬਰਾਮਦ ਵਿਚ ਜਿੰਨਾ ਵਾਧਾ ਹੋਵੇਗਾ, ਓਨਾ ਹੀ ਰੁਜ਼ਗਾਰ ਵਧੇਗਾ, ਓਨੀ ਹੀ ਕਰੰਸੀ ਦੀ ਮਜ਼ਬੂਤੀ ਹੋਵੇਗੀ ਅਤੇ ਓਨੀਆਂ ਹੀ ਕੀਮਤਾਂ ਸਥਿਰ ਰਹਿਣਗੀਆਂ। ਕੌਮਾਂਤਰੀ ਵਪਾਰ ਵਿੱਚ ਜ਼ਿਆਦਾਤਰ ਮੁਲਕਾਂ ਵੱਲੋਂ ਡਾਲਰ ਨੂੰ ਪ੍ਰਵਾਨ ਕਰਨ ਕਰ ਕੇ ਵਪਾਰ ਡਾਲਰਾਂ ਵਿਚ ਹੁੰਦਾ ਹੈ ਅਤੇ ਡਾਲਰ ਦੀ ਵਧਦੀ ਕੀਮਤ, ਭਾਰਤ ਦੇ ਆਮ ਬੰਦੇ ਲਈ ਮਹਿੰਗਾਈ ਦਾ ਕਾਰਨ ਬਣਦੀ ਹੈ। ਇਸ ਲਈ ਉਹ ਢੰਗ ਜਿਨ੍ਹਾਂ ਨਾਲ ਡਾਲਰ ਦੀ ਮੰਗ ਜਾਂ ਦਰਾਮਦ ਘਟੇ, ਉਨ੍ਹਾਂ ਤੋਂ ਬਗੈਰ ਡਾਲਰਾਂ ਦੀ ਵਧਦੀ ਕੀਮਤ ਨੂੰ ਰੋਕਿਆ ਨਹੀਂ ਜਾ ਸਕਦਾ। (ਲੇਖਕ ਅਰਥ ਸ਼ਾਸਤਰੀ ਹੈ)

# ਸਿੱਖ ਕੌਮ ਦੀ ਹੋਣੀ ਦਾ ਹੱਲ ਕੀ ਹੋਵੇ ?

**ਪ੍ਰੋ. ਬਲਵਿੰਦਰ ਪਾਲ ਸਿੰਘ**
ਫੋਨ -9815700916

ਹਰਿਮੰਦਰ ਸਾਹਿਬ ਉੱਤੇ ਭਾਰਤੀ ਹਾਕਮਾਂ ਵੱਲੋਂ ਕੀਤੇ ਫੌਜੀ ਹੱਲੇ ਨੂੰ 34 ਸਾਲ ਬੀਤ ਗਏ ਹਨ। 34 ਸਾਲ ਪਹਿਲਾਂ ਹਾਕਮਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਕੱਢਣ ਦਾ ਬਹਾਨਾ ਬਣਾ ਕੇ ਫੌਜੀ ਕਾਰਵਾਈ ਕਰ ਦਿੱਤੀ। ਇਉਂ ਸ਼ਹੀਦੀ ਦਿਹਾੜੇ ਉਤੇ ਜੁੜੀ ਸੰਗਤ ਵੀ ਫੌਜ ਦੇ ਘੇਰੇ ਵਿਚ ਆ ਗਈ ਅਤੇ ਫਿਰ ਉਹ ਭਾਣਾ ਵਰਤਾਇਆ ਗਿਆ, ਜਿਸ ਦੀ ਮਿਸਾਲ ਸ਼ਾਇਦ ਸੰਸਾਰ ਭਰ ਵਿਚ ਨਹੀਂ ਮਿਲਦੀ। ਇੱਥੋਂ ਤੱਕ ਸਿੱਖ ਵਿਰਾਸਤ ਦਾ ਖਜ਼ਾਨਾ ਫ਼ੌਜ ਵੱਲੋਂ ਲੁੱਟ ਲਿਆ ਗਿਆ ਤੇ ਹਾਲੇ ਤੱਕ ਅਪੀਲਾਂ ਕਰਨ ਦੇ ਬਾਵਜੂਦ ਵਾਪਸ ਨਹੀਂ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਸੁਹਿਰਦ ਹੋ ਕੇ ਕੇਂਦਰ ਸਰਕਾਰ ਉੱਪਰ ਦਬਾਅ ਨਹੀਂ ਬਣਾਇਆ ਗਿਆ। ਸਿੱਖਾਂ ਦੇ ਸਰਬ-ਉਚ ਸਥਾਨ ਅਕਾਲ ਤਖ਼ਤ ਸਾਹਿਬ ਨੂੰ ਮਲੀਆਮੇਟ ਕਰ ਦਿੱਤਾ ਗਿਆ। ਹੁਣ ਅਨੇਕਾਂ ਸੁਹਿਰਦ ਵਿਦਵਾਨ ਤੇ ਸਿਆਸਤਦਾਨ ਮੰਨਦੇ ਹਨ ਕਿ ਇਹ ਘਟਨਾ ਦਿੱਲੀ ਦਰਬਾਰ ਦੀ ਸਿੱਖਾਂ ਨੂੰ ਦਬਾਉਣ ਦੀ ਸਾਜ਼ਿਸ਼ ਸੀ ਤਾਂ ਜੋ ਉਹ ਆਪਣੇ ਹੱਕ ਨਾ ਮੰਗਣ। ਇਸੇ ਤਹਿਤ ਰਾਜਾਂ ਦੇ ਵੱਧ ਅਧਿਕਾਰਾਂ ਵਾਲੇ ਅਨੰਦਪੁਰ ਦੇ ਮਤੇ ਨੂੰ ਦੇਸ ਵਿਰੋਧੀ ਦਸਤਾਵੇਜ਼ ਕਰਾਰ ਦਿੱਤਾ। ਕਾਂਗਰਸ ਦੇ ਨਾਲ ਭਾਜਪਾ ਵੀ ਇਸ ਖੇਡ ਵਿਚ ਸ਼ਾਮਲ ਸੀ, ਜਿਸ ਤਹਿਤ ਸਿੱਖਾਂ 'ਤੇ ਇਹ ਕਹਿਰ ਵਰਤਾਇਆ ਗਿਆ ਸੀ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ, ਆਈਕੇ ਗੁਜਰਾਲ, ਕੁਲਦੀਪ ਨਈਅਰ ਵੀ ਮੰਨ ਚੁੱਕੇ ਹਨ ਕਿ ਅਕਾਲ ਤਖ਼ਤ ਉਤੇ ਹਮਲਾ ਇੰਦਰਾ ਗਾਂਧੀ ਦੀ ਸਭ ਤੋਂ ਵੱਡੀ ਭੁੱਲ ਸੀ। ਕਈ ਵੱਡੇ ਫ਼ੌਜੀ ਅਫ਼ਸਰ ਵੀ ਤੱਥਾਂ ਸਮੇਤ ਦੱਸ ਚੁੱਕੇ ਹਨ ਕਿ ਹਰਿਮੰਦਰ ਸਾਹਿਬ ਉੱਤੇ ਫ਼ੌਜੀ ਹਮਲਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਸੀ। ਬਹੁਤ ਸਾਰੇ ਸਿਆਸੀ ਮਾਹਿਰ ਅਤੇ ਕਾਲਮਨਵੀਸ ਵੀ ਇਹ ਖੁਲਾਸਾ ਕਰ ਚੁੱਕੇ ਹਨ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਜ਼ਿਹਨ ਵਿਚ ਨੇੜੇ ਢੁੱਕੀਆਂ ਲੋਕ ਸਭਾ ਚੋਣਾਂ ਖੌਰੂ ਪਾ ਰਹੀਆਂ ਸਨ। 1977 ਵਾਲੀ ਕਰਾਰੀ ਹਾਰ ਅਜੇ ਤੱਕ ਪ੍ਰਧਾਨ ਮੰਤਰੀ ਨੂੰ ਭੁੱਲੀ ਨਹੀਂ ਸੀ ਅਤੇ ਉਸ ਵਕਤ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਵਿਰੁੱਧ ਜੋ ਭੂਮਿਕਾ ਨਿਭਾਈ ਸੀ, ਉਸ ਤੋਂ ਪ੍ਰਧਾਨ ਮੰਤਰੀ ਬੜੀ ਔਖੀ ਸੀ। ਸਿਆਸੀ ਪਿੜ ਵਿਚੋਂ ਅਕਾਲੀਆਂ ਦੀ ਲਗਾਤਾਰ ਵਧ ਰਹੀ ਤਾਕਤ ਨੂੰ ਖੋਰਾ ਲਾਉਣ ਲਈ ਉਸ ਨੇ ਹਰ ਹੀਲਾ-ਵਸੀਲਾ ਕੀਤਾ। ਇਨ੍ਹਾਂ ਵਾਰਾਂ ਦਾ ਸਿਖਰ ਅਕਾਲ ਤਖ਼ਤ ਉਤੇ ਹੱਲਾ ਹੋ ਨਿਬੜਿਆ ਅਤੇ ਇਸ ਦੇ ਨਾਲ ਹੀ ਇਤਿਹਾਸ ਦਾ ਸਭ ਤੋਂ ਭਿਅੰਕਰ ਸਫ਼ਾ ਪੰਜਾਬ ਅੱਗੇ ਖੁੱਲ੍ਹ ਗਿਆ। ਇਹੀ ਅਸਲ ਵਿਚ ਜੂਨ - 84 ਦਾ ਸੱਚ ਹੈ ਜਿਸ ਦਾ ਕਹਿਰ ਪੰਜਾਬ ਦੇ ਲੋਕਾਂ ਨੇ ਲੰਮਾ ਸਮਾਂ ਆਪਣੇ ਪਿੰਡੇ ਉਤੇ ਹੰਢਾਇਆ। ਇਸ ਸਮੁੱਚੇ ਸੰਤਾਪ ਨਾਲ ਸਿੱਖਾਂ ਦੀ ਵੱਖਰੀ ਹੋਂਦ ਤਾਂ ਉਜਾਗਰ ਹੋਈ ਹੈ, ਪਰ ਸਿੱਖਾਂ ਨੂੰ ਕੋਈ ਪ੍ਰਾਪਤੀ ਨਹੀਂ ਹੋਈ। ਉਹੀ ਰਵਾਇਤੀ ਲੀਡਰਸ਼ਿਪ ਸਿੱਖਾਂ 'ਤੇ ਭਾਰੂ ਹੈ, ਜਿਸ ਨੇ ਸਿੱਖ ਕੌਮ ਨਾਲ ਸੱਤਾ ਦੀ ਪ੍ਰਾਪਤੀ ਲਈ ਧੋਖਾ ਕੀਤਾ ਤੇ ਗੁਰਧਾਮਾਂ 'ਤੇ ਸਾਜ਼ਿਸ਼ੀ ਢੰਗ ਨਾਲ ਕਬਜ਼ੇ ਕਰਕੇ ਲੁੱਟ ਮਾਰ ਦਾ ਕਲਚਰ ਬਹਾਲ ਰੱਖਿਆ।

34 ਵਰ੍ਹੇ ਬੀਤ ਜਾਣ ਦੇ ਬਾਵਜੂਦ, ਸਾਕਾ ਦਰਬਾਰ ਸਾਹਿਬ ਬਾਰੇ ਹਾਲੇ ਵੀ ਕਈ ਸੁਆਲ ਰਹੱਸਮਈ ਹਨ ਅਤੇ ਕਿਸੇ ਨੇ ਇਹ ਭਾਲਣ ਦੀ ਕੋਸ਼ਿਸ ਨਹੀਂ ਕੀਤੀ ਕਿ ਅਜਿਹਾ ਸਾਕਾ ਕਿਉਂ ਵਾਪਰਿਆ, ਸਾਡੇ ਕੋਲੋਂ ਕੀ ਗਲਤੀਆਂ ਹੋਈਆਂ, ਸਾਡੀ ਹਾਰ ਕਿਉਂ ਹੋਈ ਤੇ ਏਨੀਆਂ ਸ਼ਹੀਦੀਆਂ ਦੇਣ ਮਗਰੋਂ ਸਾਡੇ ਅੰਦਰ ਕ੍ਰਾਂਤੀ ਕਿਉਂ ਨਹੀਂ ਆਈ ਤੇ ਅਸੀਂ ਆਪਣੀ ਮੰਜ਼ਲ ਕਿਉਂ ਨਹੀਂ ਪਾ ਸਕੇ ? ਅਸੀਂ ਵਿਸ਼ਵ ਦੀ ਅਦਾਲਤ 'ਚ ਭਾਰਤ ਸਰਕਾਰ ਨੂੰ ਉਸ ਦੇ ਆਪਣੇ ਦੇਸ਼ ਦੀ ਘੱਟਗਿਣਤੀ ਨਾਲ ਦੁਸ਼ਮਣਾਂ ਵਾਲਾ ਵਤੀਰਾ ਕਿਉਂ ਅਪਣਾਇਆ, ਪੁੱਛਣ ਲਈ, ਕਟਹਿਰੇ 'ਚ ਨਹੀਂ ਖੜ੍ਹਾ ਕਰ ਸਕੇ ? 34 ਵਰ੍ਹਿਆਂ 'ਚ ਅਸੀਂ ਇਸ ਪਾਸੇ ਜ਼ੋਰਦਾਰ ਅਵਾਜ਼ ਕਿਉਂ ਨਹੀਂ ਉਠਾ ਸਕੇ ? ਇਸ ਦਾ ਜਵਾਬ ਕੌਣ ਦੇਵੇਗਾ ?

ਸਿਆਸਤ ਦੀ ਚੜ੍ਹਤ ਹੋਣ ਕਰ ਕੇ ਸਿੱਖ ਇਤਿਹਾਸ, ਵਿਰਾਸਤ , ਸੱਭਿਆਚਾਰ, ਅਤੇ ਮੂਲ ਹੋਂਦ ਨੂੰ ਪੁੱਠਾ ਗੇੜ ਲੱਗ ਰਿਹਾ ਹੈ। ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਸਿਆਸਤ ਦੀ ਨਿੱਜੀ ਜਾਇਦਾਦ ਬਣਦੇ ਜਾ ਰਹੇ ਹਨ। ਨਾਅਰੇਬਾਜ਼ੀ ਦੀ ਸਿਆਸਤ ਨਾਲ ਪੰਥ ਦਾ ਕੁਝ ਵੀ ਬਣਨ ਵਾਲਾ ਨਹੀਂ। ਜੂਨ -84 ਦੇ ਸਾਕੇ ਦੀ ਵਰ੍ਹੇਗੰਢ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਤੋਂ ਸੇਧ ਲੈਣ ਦੀ ਲੋੜ ਹੈ। ਅਜਿਹਾ ਤਾਂ ਹੀ ਸੰਭਵ ਹੈ ਜੇਕਰ ਸਮੁੱਚੀ ਸਿੱਖ ਕੌਮ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ 'ਤੇ ਪਹਿਰਾ ਦੇਵੇ। ਸਾਨੂੰ ਅਜਿਹੀ ਲੀਡਰਸ਼ਿਪ ਸਿਰਜਣ ਦੀ ਲੋੜ ਹੈ,




ਨੀਲਾ ਤਾਰਾ ਸਾਕਾ ਦੌਰਾਨ ਕਿੰਨੇ ਸਿੱਖ ਮਾਰੇ ਗਏ ਇਸ ਦਾ ਪੂਰਾ ਵੇਰਵਾ ਸਾਡੇ ਕੋਲ ਮੌਜੂਦ ਨਹੀਂ ਹੈ ਤੇ ਨਾ ਹੀ ਸ਼੍ਰੋਮਣੀ ਕਮੇਟੀ ਨੇ ਇਸ ਵੱਲ ਕੋਈ ਉਪਰਾਲਾ ਕੀਤਾ ਹੈ। ਹਾਲੇ ਤੱਕ ਸ਼੍ਰੋਮਣੀ ਕਮੇਟੀ ਕੇਂਦਰ ਸਰਕਾਰ ਕੋਲੋਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਲੁੱਟਿਆ ਖਜ਼ਾਨਾ ਹਾਸਲ ਨਹੀਂ ਕਰ ਸਕੀ। ਸ਼੍ਰੋਮਣੀ ਕਮੇਟੀ ਨੇ ਇਸ ਸਾਕੇ 'ਚ ਹੋਏ ਕੌਮ ਦੇ ਭਾਰੀ ਜਾਨੀ-ਮਾਲੀ ਨੁਕਸਾਨ ਲਈ ਜਿਹੜਾ ਇਕ ਹਜ਼ਾਰ ਕਰੋੜ ਦੇ ਮੁਆਵਜ਼ੇ ਦਾ ਕੇਸ ਕੀਤਾ ਸੀ ? ਉਸ ਬਾਰੇ ਕਿਉਂ ਚੁੱਪੀ ਧਾਰੀ ਹੋਈ ਹੈ ਤੇ ਇਸ ਬਾਰੇ ਅਮਰੀਕਾ, ਇੰਗਲੈਂਡ, ਯੂਰਪ ਤੇ ਯੂਐਨਓ ਅੱਗੇ ਆਪਣਾ ਕੇਸ ਕਿਉਂ ਨਹੀਂ ਰੱਖਿਆ ਗਿਆ ? ਦਰਬਾਰ ਸਾਹਿਬ ਸਾਕੇ ਦੇ ਰੋਸ ਵਜੋਂ ਜਿਹੜੇ ਧਰਮੀ ਫ਼ੌਜੀ ਬਗਾਵਤ ਕਰਕੇ ਮੈਦਾਨ 'ਚ ਨਿੱਤਰੇ ਸਨ, ਉਨ੍ਹਾਂ ਦੇ ਪਰਿਵਾਰਾਂ ਦੀ ਸੰਭਾਲ ਹਾਲੇ ਤੱਕ ਕਿਉਂ ਨਹੀਂ ਹੋਈ। ਉਨ੍ਹਾਂ ਦੇ ਪਰਿਵਾਰ ਕਿਉਂ ਰੁਲ ਗਏ ? ਜਿਨ੍ਹਾਂ ਧਰਮੀ ਫ਼ੌਜੀਆਂ ਨੇ ਦਰਬਾਰ ਸਾਹਿਬ ਲਈ ਆਪਣਾ ਸਭ ਕੁਝ ਤਬਾਹ ਕਰ ਦਿੱਤਾ ਕੀ ਉਨ੍ਹਾਂ ਦੀ ਸਾਰ ਲੈਣਾ ਸ਼੍ਰੋਮਣੀ ਕਮੇਟੀ ਤੇ ਸਿੱਖ ਕੌਮ ਦਾ ਫਰਜ਼ ਨਹੀਂ ?

ਅੱਜ ਪੰਜਾਬ ਵਿਚ ਕਿਸੇ ਵੀ ਤਰ੍ਹਾਂ ਸਿੱਖਾਂ ਵਿਚ ਜਾਗ੍ਰਿਤੀ ਦੀ ਲਹਿਰ ਨਹੀਂ ਹੈ। ਗੁਰਦੁਆਰਿਆਂ ਵਿਚ ਅੰਧ-ਵਿਸ਼ਵਾਸ, ਬਿਪਰਨੀ ਵਿਚਾਰਧਾਰਾ ਹਾਵੀ ਹੈ ਤੇ ਸਿੱਖ ਪੰਥ ਨੂੰ ਕਿਸੇ ਵੀ ਤਰ੍ਹਾਂ ਦੀ ਸੇਧ ਨਹੀਂ ਮਿਲ ਰਹੀ। ਇਸੇ ਕਾਰਨ ਪੰਜਾਬ ਦੇ ਸਿੱਖ ਨੌਜਵਾਨ ਨਸ਼ਿਆਂ ਦੇ ਜਕੜ ਜਾਲ ਵਿਚ ਫਸੇ ਹੋਏ ਹਨ ਤੇ ਪਤਿਤਪੁਣੇ ਦਾ ਸ਼ਿਕਾਰ ਹਨ। ਕੋਈ ਵੀ ਪੰਥਕ ਜਥੇਬੰਦੀ ਅਜਿਹੀ ਨਹੀਂ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਅਨੁਸਾਰ ਹਲੇਮੀ ਰਾਜ ਵਰਗੇ ਸਮਾਜ ਦੀ ਉਸਾਰੀ ਲਈ ਯਤਨ ਕਰ ਸਕੇ ਅਤੇ ਸਿੱਖ ਸਿਧਾਂਤਾ ਅਨੁਸਾਰ ਰਾਜਨੀਤੀ ਸਿਰਜਣ ਦੀ ਸੰਭਾਵਨਾ ਬਣਾ ਸਕੇ। ਅੱਜ ਸਿੱਖ ਕੌਮ ਜਾਤੀਵਾਦ, ਨਸ਼ਿਆਂ, ਭਰੂਣ ਹੱਤਿਆਵਾਂ, ਜਾਅਲੀ ਸੰਸਕਾਰਾਂ ਦੀ ਬੁਰੀ ਤਰ੍ਹਾਂ ਸ਼ਿਕਾਰ ਹੈ। ਸਿੱਖੀ ਨਾਲ ਜੁੜੀ ਤਕਰੀਬਨ ਹਰ ਸੰਸਥਾ ਵਿਚ ਮੂਲ ਸੰਕਲਪ ਪਛੜ ਗਿਆ ਹੈ ਅਤੇ ਨਿੱਜ ਭਾਰੂ ਪੈ ਗਿਆ ਹੈ। ਧਰਮ ਦੇ ਮੁਕਾਬਲੇ ਜੋ ਪੰਜਾਬ ਤੇ ਪੰਥ ਦੀ ਅਣਖ ਦੇ ਵੱਟੇ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਾ ਕਰੇ, ਜਿਸ ਨਾਲ ਪੰਥ ਤੇ ਪੰਜਾਬ ਦੀ ਵਿਗੜੀ ਸੰਵਰ ਸਕੇ।

ਸੱਚ ਗੱਲ ਇਹ ਹੈ ਕਿ ਅਸੀਂ ਆਪਣੀ ਆਤਮਾ ਦੀ ਆਵਾਜ਼ ਨਹੀਂ ਸੁਣ ਰਹੇ। ਆਨੰਦਪੁਰ ਦਾ ਮਤਾ ਪੂਰੀ ਤਰ੍ਹਾਂ ਮੌਕਾਪ੍ਰਸਤੀ ਦੀ ਰਾਜਨੀਤੀ ਦੀਆਂ ਕਬਰਾਂ ਵਿੱਚ ਦਬਾ ਦਿੱਤਾ ਗਿਆ ਹੈ। ਰਵਾਇਤੀ ਲੀਡਰਸ਼ਿਪ ਪੂਰੀ ਤਰ੍ਹਾਂ ਕਾਇਮ ਹੈ, ਜਿਸ ਦਾ ਨਿਸ਼ਾਨਾ ਸੱਤਾ ਹਾਸਲ ਕਰਨਾ ਹੈ। ਇਹ ਰਵਾਇਤੀ ਲੀਡਰਸ਼ਿਪ ਪੂੰਜੀਵਾਦ, ਮਾਇਆਵਾਦ 'ਤੇ ਉਸਰੀ ਹੋਈ ਹੈ। ਗੁਰਬਾਣੀ ਅਨੁਸਾਰ ਮਾਇਆਧਾਰੀ ਅਤਿ ਅੰਨ੍ਹਾ ਬੋਲਾ ਹੁੰਦਾ ਹੈ। ਉਸ ਨੂੰ ਕੌਮ ਦੇ ਦਰਦ ਦਾ ਅਹਿਸਾਸ ਨਹੀਂ ਹੁੰਦਾ। ਇਹ ਅੱਜ ਸਿੱਖ ਕੌਮ ਦੀ ਹੋਣੀ ਹੈ। ਅੱਜ ਫਿਰਕਾਪ੍ਰਸਤ ਫਿਰ ਪੰਜਾਬ ਦੇ ਅਮਨ ਨੂੰ ਚੁਆਤੀ ਲਗਾਉਣ ਦੇ ਲਈ ਇਕਜੁੱਟ ਹਨ। ਸੁਆਲ ਤਾਂ ਇਹ ਹੈ ਕਿ ਸਿੱਖ ਕੌਮ ਨੇ ਕੀ ਖੱਟਿਆ ਤੇ ਕੀ ਗਵਾਇਆ ? ਇਹ ਸੱਚ ਭਾਲਣ ਦੀ ਜ਼ਰੂਰਤ ਹੈ ਤਾਂ ਜੋ ਸਿੱਖ ਕੌਮ ਆਪਣੇ ਇਤਿਹਾਸ ਤੋਂ ਕੁਝ ਸਿੱਖ ਸਕੇ। ਜਦੋਂ ਕਿਸੇ ਕੌਮ ਅੰਦਰੋਂ ਉਸ ਦੀ ਵਿਚਾਰਧਾਰਾ ਤੇ ਨੈਤਿਕਤਾ ਗਾਇਬ ਹੋ ਜਾਵੇ ਤਾਂ ਇਹੋ ਜਿਹੇ ਨਤੀਜੇ ਹੀ ਭੁਗਤਣੇ ਪੈਂਦੇ ਹਨ। ਅੱਜ ਫਿਰ ਗੁਰੂਆਂ ਦੀ ਵਿਚਾਰਧਾਰਾ ਨਾਲ ਜੁੜਨ ਦੀ ਲੋੜ ਹੈ ਤੇ ਸਿੱਖੀ ਨੂੰ ਪਸਾਰਨ ਦੀ ਲੋੜ ਹੈ। ਖੇਤ ਮਜ਼ਦੂਰਾਂ, ਗਰੀਬਾਂ ਤੇ ਭਾਈ ਲਾਲੋਆਂ ਤੱਕ ਜਿਹੜੀ ਵਿਚਾਰਧਾਰਾ ਗੁਰੂਆਂ ਨੇ ਪਹੁੰਚਾਈ ਸੀ, ਉਹ ਅੱਜ ਸਿੱਖ ਕੌਮ ਦੀ ਲੀਡਰਸ਼ਿਪ ਨਹੀਂ ਪਹੁੰਚਾ ਰਹੀ, ਜਿਸ ਕਰਕੇ ਸਿੱਖੀ ਪ੍ਰਫੁੱਲਿਤ ਨਹੀਂ ਹੋ ਰਹੀ। ਗੁਰਬਾਣੀ ਦੀ ਵਿਚਾਰਧਾਰਾ ਤੋਂ ਬਿਨਾਂ ਸਿੱਖੀ ਨੂੰ ਕਾਇਮ ਨਹੀਂ ਰੱਖਿਆ ਜਾ ਸਕਦਾ ਤੇ ਨਾ ਹੀ ਸਿੱਖ ਨੌਜਵਾਨੀ ਨੂੰ ਰੰਗ ਬਿਰੰਗੀ ਸੱਭਿਅਤਾ ਦੇ ਸੰਸਾਰੀਕਰਨ ਤੋਂ ਬਚਾਇਆ ਜਾ ਸਕਦਾ ਹੈ। ਸਰਬੱਤ ਦਾ ਭਲੇ ਦਾ ਸੰਕਲਪ ਹੀ, ਸਿੱਖੀ ਨੂੰ ਪੂਰੇ ਵਿਸ਼ਵ ਵਿੱਚ ਮਾਨਤਾ ਦਿਵਾ ਸਕਦਾ ਹੈ। ਗੁਰਬਾਣੀ ਵਿਚਾਰਧਾਰਾ ਹੀ ਸਾਡੇ ਹਰੇਕ ਉਲਝੇ ਮਸਲੇ ਦਾ ਹੱਲ ਹੈ। ਲੋੜ ਤਾਂ ਗੁਰੂਆਂ ਦੀ ਵਿਚਾਰਧਾਰਾ ਨੂੰ ਸਮਾਜ ਵਿੱਚ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਹੈ।

# ਕੀੜੀ ਅਫ਼ਗਾਨਾ ਵਿੱਚ ਦਫ਼ਨ ਫ਼ੌਜਦਾਰੀ ਸਾਜ਼ਿਸ਼

**ਕੁਲਜੀਤ ਬੈਂਸ**

ਸਿਆਸਤਦਾਨਾਂ ਤੋਂ ਲੈ ਕੇ ਟ੍ਰਿਬਿਊਨਲਾਂ ਤੱਕ ਸਭ ਨੇ, ਇੱਥੋਂ ਤੱਕ ਕਿ ਇੱਕ ਸਾਬਕਾ ਗੈਂਗਸਟਰ ਨੇ ਵੀ, ਕੀੜੀ ਅਫ਼ਗਾਨਾ (ਗੁਰਦਾਸਪੁਰ) ਦੀ ਸ਼ਰਾਬ ਫੈਕਟਰੀ ਚੱਢਾ ਸ਼ੂਗਰ ਇੰਡਸਟ੍ਰੀਜ਼ ਵੱਲੋਂ ਪੰਜਾਬ ਦੇ ਪਾਣੀਆਂ ਅਤੇ ਜਲ ਜੀਵਨ ਨਾਲ ਕੀਤੇ ਵਿਸਾਹਘਾਤ ਅਤੇ ਲਿਆਂਦੀ ਆਫ਼ਤ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਹੈ। ਇਸ ਘਟਨਾ ਨੂੰ ਮਹਿਜ਼ ਹਾਦਸਾਗਰਦਾਨ ਕੇ ਅਤੇ ਜੁਰਮਾਨਾ ਭਰ ਕੇ ਗ਼ਲਤੀ ਸੁਧਾਰਨ ਬਾਰੇ ਆਖ ਕੇ, ਧਿਆਨ ਹੋਰ ਪਾਸੇ ਲਾਉਣ ਨਾਲ ਅਜਿਹੀਆਂ ਘਟਨਾਵਾਂ ਲਈ ਜ਼ਿੰਮੇਵਾਰ ਹੋਰ ਲੋਕਾਂ ਦਾ ਰਾਹ ਸੁਖਾਲਾ ਕਰਨਾ ਹੀ ਹੈ। ਕੁਝ ਕੁ ਜੂਨੀਅਰ ਮੁਲਾਜ਼ਮ ਮੁਅੱਤਲ ਕਰ ਦਿੱਤੇ ਗਏ ਹਨ ਅਤੇ ਲੋਕਾਂ ਤੋਂ ਇਹ ਸਫ਼ਾਈ ਸਵੀਕਾਰ ਕਰਨ ਦੀ ਉਮੀਦ ਕੀਤੀ ਜਾ ਰਹੀ ਹੈ ਕਿ ਜ਼ਿੰਮੇਵਾਰ ਸ਼ਖ਼ਸਾਂ ਖ਼ਿਲਾਫ਼ ਕਾਨੂੰਨਾਂ ਤਹਿਤ ਕਾਰਵਾਈ ਕਰ ਦਿੱਤੀ ਗਈ ਹੈ। ਹਾਲਾਂਕਿ ਜਲ ਜੀਵਨ ਨਾਲ ਸਬੰਧਤ ਮਾਹਿਰ ਆਖ ਰਹੇ ਹਨ ਕਿ ਜੋ ਨੁਕਸਾਨ ਹੋਇਆ ਹੈ, ਉਸ ਦੀ ਭਰਪਾਈ ਕਦੀ ਵੀ ਨਹੀਂ ਹੋ ਸਕਦੀ।

ਜਦੋਂ ਤੁਹਾਨੂੰ ਇਲਮ ਹੋਵੇ ਕਿ ਸੰਭਾਵੀ ਖ਼ਤਰਨਾਕ ਹਾਲਾਤ ਪੈਦਾ ਹੋ ਰਹੇ ਹਨ, ਤੇ ਤੁਸੀਂ ਇਨ੍ਹਾਂ ਨੂੰ ਵਧ ਲੈਣ ਦਿੰਦੇ ਹੋ (ਹਾਲਾਂਕਿ ਇਨ੍ਹਾਂ ਨੂੰ ਰੋਕਣਾ ਸੰਭਵ ਹੁੰਦਾ ਹੈ), ਤਾਂ ਇਸ ਦਾ ਅਗਾਂਹ ਨਤੀਜਾ ਫਿਰ ਆਫ਼ਤ ਦੇ ਰੂਪ ਵਿੱਚ ਨਿਕਲਦਾ ਹੈ। ਇਸ ਨੂੰ ਫਿਰ ਹਾਦਸਾ ਨਹੀਂ ਕਿਹਾ ਜਾ ਸਕਦਾ। ਇਹ ਜਾਣ-ਬੁੱਝ ਕੇ ਕੀਤਾ ਅਜਿਹਾ ਫ਼ੌਜਦਾਰੀ ਅਪਰਾਧ ਹੈ ਜਿਸ ਦੀ ਪੈਮਾਇਸ਼ ਇਸ ਨਾਲ ਹੋਏ ਨੁਕਸਾਨ ਮੁਤਾਬਕ ਹੀ ਮਾਪੀ ਜਾ ਸਕਦੀ ਹੈ। ਕੀੜੀ ਅਫ਼ਗਾਨਾ ਵਿੱਚ ਲੰਘੀ 15 ਮਈ ਨੂੰ ਇਹੀ ਕੁਝ ਵਾਪਰਿਆ ਹੈ।

ਮਿੱਲ ਦੀਆਂ ਸਾਰੀਆਂ ਹੌਦੀਆਂ ਦੀ ਹਾਲਤ ਠੀਕ ਨਾ ਹੋਣ ਬਾਰੇ ਮਿੱਲ ਅਧਿਕਾਰੀਆਂ ਨੇ ਮਿੱਲ ਮਾਲਕਾਂ ਨੂੰ ਦੱਸਿਆ ਹੀ ਹੋਵੇਗਾ। ਸੀਰੇ ਦੀ ਮਿਕਦਾਰ ਇੰਨੀ ਜ਼ਿਆਦਾ ਸੀ ਕਿ ਇਸ ਨੂੰ ਸੰਭਾਲਿਆ ਨਹੀਂ ਸੀ ਜਾ ਸਕਦਾ; ਇਹ ਅਸਲ ਵਿਚ, ਕਾਫ਼ੀ ਸਮੇਂ ਤੋਂ ਜਮ੍ਹਾਂ ਹੋ ਰਿਹਾ ਸੀ। ਆਬਕਾਰੀ, ਪ੍ਰਦੂਸ਼ਣ ਤੇ ਸਨਅਤ ਨਾਲ ਸਬੰਧਤ ਅਫ਼ਸਰਾਂ, ਇੱਥੋਂ ਤੱਕ ਕਿ ਜ਼ਿਲ੍ਹਾ ਅਫ਼ਸਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਰੋਕਥਾਮ ਲਈ ਵੱਖ ਵੱਖ ਪੱਖਾਂ 'ਤੇ ਨਿਗ੍ਹਾ ਰੱਖਦੇ।



ਜੇ ਉਹ ਆਪਣੀ ਡਿਊਟੀ ਤੋਂ ਗ਼ੈਰਹਾਜ਼ਿਰ ਨਹੀਂ ਸਨ, ਤਾਂ ਹੁਣ ਇਹ ਮੰਨ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਮੁੱਚੇ ਹਾਲਾਤ ਬਾਰੇ ਪਤਾ ਸੀ। ਫਿਰ ਵੀ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਲਈ ਫ਼ੌਜਦਾਰੀ ਐਕਟ ਤਹਿਤ ਇਨ੍ਹਾਂ ਸਾਰਿਆਂ ਦਾ ਨਾਂ ਸਾਜ਼ਿਸ਼ਕਾਰਾਂ ਵਜੋਂ ਸ਼ੁਮਾਰ ਕੀਤਾ ਜਾਣਾ ਚਾਹੀਦਾ ਹੈ।

ਇਹ ਉਹ ਕਹਾਣੀ ਹੈ ਜੋ ਕਾਲਾ ਅਫ਼ਗਾਨਾ ਵਿਚ ਵਾਪਰੀ। ਇਸ ਤੋਂ ਅਗਲੇ ਹਫ਼ਤੇ ਜੋ ਕੁਝ ਵਾਪਰਿਆ, ਉਸ ਨੂੰ ਜੇ ਕਿਸੇ ਨੇ ਅਪਰਾਧ ਨਹੀਂ ਮੰਨਣਾ ਤਾਂ ਅਗਲੇ ਦੀ ਮਰਜ਼ੀ; ਪਰ ਇਹ ਵੀ ਕੋਈ ਘੱਟ ਹੈਰਾਨ ਤੇ ਪ੍ਰੇਸ਼ਾਨ ਕਰਨ ਵਾਲੀ ਘਟਨਾ ਨਹੀਂ। ਇਸ ਹਾਦਸੇ ਤੋਂ ਅਗਲੇ ਹੀ ਦਿਨ ਡਿਪਟੀ ਕਮਿਸ਼ਨਰ (ਡੀਸੀ) ਨੇ ਐਲਾਨ ਕਰ ਦਿੱਤਾ ਕਿ ਪਾਣੀ ਮੱਛੀਆਂ ਲਈ ਸੁਰੱਖਿਅਤ ਹੈ। ਦੋ ਦਿਨਾਂ ਬਾਅਦ, ਫ਼ਰੀਦਕੋਟ ਵਿਚ ਮੋਈਆਂ ਮੱਛੀਆਂ ਨਾਲ ਨਹਿਰ ਭਰ ਗਈ। ਕਈ ਕਸਬਿਆਂ ਨੂੰ ਸਪਲਾਈ ਕੀਤਾ ਜਾ ਰਿਹਾ ਪਾਣੀ ਪ੍ਰਦੂਸ਼ਿਤ ਹੋ ਗਿਆ। ਲਗਦਾ ਇਹ ਸੀ ਜਿਵੇਂ ਸਭ ਅਥਾਰਟੀਜ਼, ਬੋਰਡ, ਸਰਕਾਰੀ ਅਫ਼ਸਰ ਅਤੇ ਸਿਆਸੀ ਲੀਡਰਸ਼ਿਪ, ਇਹ ਆਫ਼ਤ ਮੁੱਕ ਗਈ ਐਲਾਨਣ ਲਈ ਕੁਝ ਜ਼ਿਆਦਾ ਹੀ ਕਾਹਲੀ ਸੀ। ਵੱਖ-ਵੱਖ ਲੈਬਾਰਟ੍ਰੀਜ਼ ਵੱਲੋਂ ਤੁਰਤ-ਫੁਰਤ ਕਲੀਨ ਚਿੱਟਾਂ ਵੀ ਆ ਗਈਆਂ। ਉਂਜ, ਉਸ ਬਾਰੇ ਭਲਾ ਕੀ ਸਫ਼ਾਈ ਦਿੱਤੀ ਜਾ ਸਕਦੀ ਸੀ ਜਿਹੜਾ ਸਭ ਨੂੰ ਸ਼ਰੇਆਮ ਦਿਖਾਈ ਦੇ ਰਿਹਾ ਸੀ: ਕਾਲਾ ਪਾਣੀ, ਮੋਈਆਂ-ਸੜੀਆਂ ਮੱਛੀਆਂ, ਬਿਮਾਰ ਲੋਕ।

ਇਸ ਘਟਨਾ ਨੇ ਪੰਜਾਬ ਦੇ ਪ੍ਰਦੂਸ਼ਿਤ ਪਾਣੀਆਂ ਦੇ ਵਿਸਾਰ ਦਿੱਤੇ ਗਏ ਮੁੱਦੇ ਨੂੰ ਇਕ ਵਾਰ ਫਿਰ ਚਰਚਾ ਵਿਚ ਲੈ ਆਂਦਾ ਹੈ। ਹਾਲ ਹੀ ਵਿਚ ਸ਼ਰਾਬ ਫੈਕਟਰੀਆਂ ਵੱਲੋਂ ਲਾਗਲੇ ਪਿੰਡਾਂ ਵਿੱਚ ਮਚਾਈ ਤਬਾਹੀ ਅਤੇ ਕੀਤੇ ਜਾ ਰਹੇ ਉਜਾੜੇ ਬਾਰੇ ਰਿਪੋਰਟਾਂ ਮੀਡੀਆ ਵਿੱਚ ਨਸ਼ਰ ਹੋਈਆਂ ਹਨ ਪਰ ਇਸ ਤੋਂ ਵੀ ਵਧੇਰੇ ਫ਼ਿਕਰ ਵਾਲੀ ਗੱਲ ਇਹ ਹੈ ਕਿ ਇੱਕ ਤੋਂ ਬਾਅਦ ਇੱਕ ਅਫ਼ਸਰ ਇਹੀ ਕਹਿ ਰਿਹਾ ਹੈ ਕਿ ਕਿਤੇ ਕੋਈ ਗੜਬੜ ਨਹੀਂ ਹੈ, ਹਰ ਥਾਂ ਸਾਰੇ ਨੇਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ। ਹੁਣ ਜਾਂ ਤਾਂ ਇਹ ਲੋਕ ਝੂਠ ਬੋਲ ਰਹੇ ਹਨ, ਜਾਂ ਨੇਮ ਹੀ ਇਸ ਤਰ੍ਹਾਂ ਦੇ ਹਨ ਜਿਹੜੇ ਪ੍ਰਦੂਸ਼ਣ ਦਾ ਕਾਰਨ ਬਣ ਰਹੇ ਹਨ। ਰਿਕਾਰਡਾਂ ਨੂੰ ਝੁਠਲਾਉਣਾ ਜਾਂ ਗ਼ਲਤਬਿਆਨੀ ਕਰਨਾ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਫ਼ਸਰਾਂ ਵੱਲੋਂ ਇਸ ਸਾਰੇ ਕੁਝ ਤੋਂ ਅੱਖਾਂ ਬੰਦ ਕਰਨ ਵਾਲਾ ਧੰਦਾ ਚਿਰਾਂ ਤੋਂ ਇੱਕ ਤਰ੍ਹਾਂ ਨਾਲ ਨੇਮ ਬਣਿਆ ਹੋਇਆ ਹੈ। ਸੂਬੇ ਦੇ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਣ ਵਾਲੇ ਵੱਡੇ ਸ਼ਹਿਰਾਂ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਸਨਅਤਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ ਹੈ। ਸਿੱਟੇ ਵਜੋਂ ਸੂਬੇ ਦੀ ਜਿੰਦ-ਪ੍ਰਾਣ, ਸਤਲੁਜ ਦਰਿਆ, ਹੁਣ ਦੁਖਾਂ ਦਾ ਦਰਿਆ ਬਣ ਚੁੱਕਾ ਹੈ।

ਇਹ ਕਿਆਸਣਾ ਕੋਈ ਮੁਸ਼ਕਿਲ ਨਹੀਂ ਕਿ ਇਹ ਸਭ ਕੁਝ ਕਿਸ ਤਰ੍ਹਾਂ ਸੰਭਵ ਹੈ। ਸ਼ਰਾਬ ਫੈਕਟਰੀਆਂ ਦਾ ਸਭ ਤੋਂ ਵਿਲੱਖਣ ਗੁਣ ਇਨ੍ਹਾਂ ਦੀ ਮਾਲਕੀ ਹੈ, ਜਿਹੜੀ ਬਹੁਤੇ ਕੇਸਾਂ ਵਿਚ ਸਿਆਸਤਦਾਨਾਂ ਜਾਂ ਸਿਆਸੀ ਤੌਰ 'ਤੇ ਮਜ਼ਬੂਤ ਲੋਕਾਂ ਨੂੰ ਹੱਥ ਵਿਚ ਰੱਖਦੀ ਹੈ। ਅਜਿਹਾ ਇਸ ਕਰ ਕੇ ਕਿਉਂਕਿ ਲਾਇਸੈਂਸ ਤੋਂ ਲੈ ਕੇ ਪਰਮਿਟ ਲੈਣ ਤੇ ਫਿਰ ਕੱਚਾ ਮਾਲ ਖਰੀਦਣ ਤੇ ਪੈਦਾ ਕੀਤਾ ਮਾਲ ਵੇਚਣ ਤੱਕ ਦਾ ਸਾਰਾ ਕੁਝ ਸਰਕਾਰ ਦੇ ਕੰਟਰੋਲ ਹੇਠ ਹੈ। ਆਮ ਕਾਰੋਬਾਰੀ ਤਾਂ ਇਹ ਸਭ ਬੰਦੋਬਸਤ ਕਰ ਹੀ ਨਹੀਂ ਸਕਦਾ। ਇਸ ਧੰਦੇ ਵਿਚ ਬੇਸ਼ੁਮਾਰ ਪੈਸਾ ਲੱਗਿਆ ਹੋਇਆ ਹੈ ਅਤੇ ਇਸੇ ਕਰ ਕੇ ਪ੍ਰਦੂਸ਼ਣ ਰੋਕੂ ਨੇਮਾਂ ਦੀ ਉਲੰਘਣਾ ਬਸ ਮਾਮੂਲੀ ਜਿਹਾ ਮਸਲਾ ਜਾਪਦਾ ਹੈ। ਇਸ ਬੇਸ਼ੁਮਾਰ ਪੈਸੇ ਵਿਚੋਂ ਹੀ ਚੋਣ ਫੰਡ ਵੀ ਨਿਕਲਦੇ ਹਨ। ਇਉਂ ਸਰਕਾਰ ਚਲਾਉਣ ਵਾਲੀਆਂ ਉੱਚ ਸ਼ਖ਼ਸੀਅਤਾਂ ਨਰਮ ਪੈ ਜਾਂਦੀਆਂ ਹਨ। ਇਸ ਲਈ ਇਸ ਫ਼ੌਜਦਾਰੀ ਸਾਜ਼ਿਸ਼ ਦੀ ਮਾਰ ਇਸ ਪ੍ਰਸੰਗ ਵਿਚ ਹੀ ਦੇਖਣੀ ਚਾਹੀਦੀ ਹੈ।

ਜਿੱਥੋਂ ਤੱਕ ਕੀੜੀ ਅਫ਼ਗਾਨਾ ਮਸਲੇ ਦਾ ਸਬੰਧ ਹੈ, ਅਪਰਾਧ ਦੀ ਸ਼ਨਾਖ਼ਤ ਤੇ ਜਿਸ ਢੰਗ ਨਾਲ ਇਹ ਪੇਸ਼ ਕੀਤਾ ਗਿਆ ਅਤੇ ਮੌਜੂਦਾ ਕਾਨੂੰਨ-ਵਿਵਸਥਾ ਅੰਦਰ ਜੋ ਸਜ਼ਾ ਦਿੱਤੀ ਗਈ, ਉਸ ਤੋਂ ਭਾਈ-ਭਤੀਜਾਵਾਦ ਤੇ ਲੰਗੋਟੀਆ ਪੂੰਜੀਵਾਦ ਦੀ ਸੜਿਹਾਂਦ ਹੀ ਸਾਹਮਣੇ ਆਈ ਹੈ। ਇਸ ਘਟਨਾ ਲਈ ਜ਼ਿੰਮੇਵਾਰ ਬੰਦੇ ਕੁਝ ਰਾਤਾਂ ਲਈ ਸੀਖਾਂ ਤੋਂ ਪਿਛੇ ਭੇਜੇ ਜਾਣੇ ਚਾਹੀਦੇ ਹਨ। ਜੇ ਕਾਨੂੰਨ ਵਿਚ ਅਜਿਹਾ ਕੋਈ ਪ੍ਰਬੰਧ ਨਹੀਂ ਹੈ ਤਾਂ ਇਸ ਬਾਰੇ ਵੀ ਨਜ਼ਰਸਾਨੀ ਹੋਣੀ ਚਾਹੀਦੀ ਹੈ ਅਤੇ ਤੁਰੰਤ ਹੋਣੀ ਚਾਹੀਦੀ ਹੈ।

# 'ਆਪ': ਫੂਲਕਾ ਨੇ ਦਿਖਾਏ ਬਾਗੀ ਤੇਵਰ, ਭਗਵੰਤ ਪ੍ਰਧਾਨਗੀ ਛੱਡਣ ਲਈ ਬਜ਼ਿੱਦ

**ਚੰਡੀਗੜ੍ਹ/ ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਮੋਦੀ ਦੇ 'ਜੇਤੂ ਰੱਥ' ਨੂੰ ਰੋਕਣ ਲਈ ਕਾਂਗਰਸ ਦੀ ਸ਼ਮੂਲੀਅਤ ਵਾਲੇ ਉਭਰ ਰਹੇ ਸਿਆਸੀ ਗੱਠਜੋੜ ਨਾਲ ਹੱਥ ਮਿਲਾਉਣ ਦੇ ਯਤਨਾਂ ਵਿਰੁੱਧ ਪਾਰਟੀ ਦੇ ਅੰਦਰੋਂ ਹੀ ਵਿਰੋਧ ਉਠਣ ਲੱਗਾ ਹੈ। ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਇਕ ਐਚ.ਐਸ. ਫੂਲਕਾ ਨੇ ਕਿਹਾ ਕਿ 'ਆਪ' ਵੱਲੋਂ ਕਾਂਗਰਸ ਦੀ ਸ਼ਮੂਲੀਅਤ ਵਾਲੇ ਗੱਠਜੋੜ ਵਿਚ ਸ਼ਾਮਲ ਹੋਣ 'ਤੇ ਉਹ ਪਾਰਟੀ ਤੋਂ ਅਸਤੀਫ਼ਾ ਦੇ ਦੇਣਗੇ। ਉਂਜ ਪੰਜਾਬ ਦੇ ਬਹੁਤੇ ਵਿਧਾਇਕ ਅਤੇ ਲੀਡਰਸ਼ਿਪ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਜਾਪਦਾ।

ਸ੍ਰੀ ਫੂਲਕਾ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਕਾਂਗਰਸ ਦੀ ਸ਼ਮੂਲੀਅਤ ਵਾਲੇ ਗੱਠਜੋੜ ਵਿਚ ਸ਼ਾਮਲ ਨਹੀਂ ਹੋ ਸਕਦੇ ਕਿਉਂਕਿ ਉਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਮਿਸ਼ਨ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣਾ ਹੈ। ਜੇ ਉਹ ਕਾਂਗਰਸ ਨਾਲ ਸਿਆਸੀ ਹੱਥ ਮਿਲਾਉਂਦੇ ਹਨ ਤਾਂ ਇਸ ਦਾ ਸਿੱਧਾ ਮਤਲਬ 'ਕਾਂਗਰਸ ਨੂੰ ਕਤਲੇਆਮ ਲਈ ਮੁਆਫ਼ ਕਰਨਾ' ਹੋਵੇਗਾ। ਉਹ ਘੱਟੋ-ਘੱਟ ਇਸ ਜ਼ਿੰਦਗੀ ਵਿਚ ਕਾਂਗਰਸ ਨਾਲ ਸਾਂਝ ਨਹੀਂ ਪਾ ਸਕਦੇ।

ਪਹਿਲਾਂ ਸ੍ਰੀ ਫੂਲਕਾ ਨੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਵੀ ਇਹ ਕਹਿ ਕੇ ਅਸਤੀਫ਼ਾ ਦੇ ਦਿੱਤਾ ਸੀ ਕਿ ਉਹ ਸਿੱਖ ਕਤਲੇਆਮ ਦੇ ਕੇਸ ਦੀ ਪੈਰਵੀ ਨੂੰ ਪਹਿਲ ਦੇਣਾ ਚਾਹੁੰਦੇ ਹਨ। ਉਨ੍ਹਾਂ 'ਆਪ' ਦੀਆਂ ਸਿਆਸੀ ਸਰਗਰਮੀਆਂ ਤੋਂ ਵੀ ਲੰਮੇ ਸਮੇਂ ਤੋਂ ਫ਼ਾਸਲਾ ਬਣਾਇਆ ਹੋਇਆ ਹੈ। ਉਨ੍ਹਾਂ ਆਪਣੇ ਆਪ ਨੂੰ ਆਪਣੇ ਵਿਧਾਨ ਸਭਾ ਹਲਕਾ ਦਾਖਾ ਤੱਕ ਹੀ ਸੀਮਤ ਰੱਖਿਆ ਹੈ।

ਸੂਤਰਾਂ ਅਨੁਸਾਰ ਉਂਜ ਪੰਜਾਬ ਦੇ ਬਹੁਤੇ 'ਆਪ' ਵਿਧਾਇਕਾਂ ਅਤੇ ਲੀਡਰਸ਼ਿਪ ਨੂੰ ਕਾਂਗਰਸ ਦੀ ਸ਼ਮੂਲੀਅਤ ਵਾਲੇ ਗੱਠਜੋੜ ਨਾਲ ਸਾਂਝ ਪਾਉਣ ਵਿਚ ਇਤਰਾਜ਼ ਨਹੀਂ ਜਾਪਦਾ। ਸੰਪਰਕ ਕਰਨ 'ਤੇ ਪਾਰਟੀ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਇਕੱਲੇ ਤੌਰ 'ਤੇ ਮੋਦੀ ਨੂੰ ਰੋਕਣਾ ਔਖਾ ਹੈ। ਜੇ ਪਾਰਟੀ ਨੂੰ ਕਾਂਗਰਸ ਦੀ ਸ਼ਮੂਲੀਅਤ ਵਾਲੇ ਗੱਠਜੋੜ ਨਾਲ ਸਿਆਸੀ ਸਾਂਝ ਦੀ ਲੋੜ ਜਾਪਦੀ ਹੈ ਤਾਂ ਇਸ ਵਿਚ ਕੋਈ ਹਰਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹੇ ਗੱਠਜੋੜ ਵਿਚ ਸ਼ਮੂਲੀਅਤ ਦੇ ਬਾਵਜੂਦ ਪਾਰਟੀ ਨੂੰ ਆਪਣੇ ਅਸੂਲਾਂ ਤੇ ਵਿਚਾਰਧਾਰਾ ਨੂੰ ਕਾਇਮ ਰੱਖਣਾ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਕੇਜਰੀਵਾਲ ਜਿਹੜਾ ਵੀ ਫੈਸਲਾ ਲੈਣਗੇ, ਉਹ (ਸ੍ਰੀ ਸੰਧਵਾਂ) ਉਸ ਉਪਰ ਪਹਿਰਾ ਦੇਣਗੇ। 'ਆਪ' ਦੀ ਪੰਜਾਬ ਇਕਾਈ ਦੇ ਸਹਿ ਪ੍ਰਧਾਨ ਡਾ. ਬਲਬੀਰ ਸਿੰਘ



ਨੇ ਕਿਹਾ ਕਿ ਫਿਲਹਾਲ ਪਾਰਟੀ ਨੇ ਅਜਿਹੇ ਗੱਠਜੋੜ ਵਿਚ ਸ਼ਾਮਲ ਹੋਣ ਦਾ ਕੋਈ ਫੈਸਲਾ ਨਹੀਂ ਕੀਤਾ। ਜਦੋਂ ਕੋਈ ਅਜਿਹਾ ਫੈਸਲਾ ਲੈਣ ਦਾ ਸਮਾਂ ਆਵੇਗਾ ਤਾਂ ਉਹ ਮੌਕੇ ਮੁਤਾਬਕ ਹੀ ਪ੍ਰਤੀਕਿਰਿਆ ਕਰਨਗੇ।

ਗ਼ੌਰਤਲਬ ਹੈ ਕਿ ਸ੍ਰੀ ਕੇਜਰੀਵਾਲ ਲੰਮੇ ਸਮੇਂ ਤੋਂ ਕੌਮੀ ਪੱਧਰ 'ਤੇ ਭਾਜਪਾ ਵਿਰੁੱਧ ਸਾਂਝਾ ਗੱਠਜੋੜ ਬਣਾਉਣ ਲਈ ਸਰਗਰਮ ਹਨ। ਉਹ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀਆਂ ਸਿਆਸੀ ਸਰਗਰਮੀਆਂ ਦਾ ਕਈ ਵਾਰ ਹਿੱਸਾ ਵੀ ਬਣ ਚੁੱਕੇ ਹਨ। ਉਧਰ ਆਮ ਆਦਮੀ ਪਾਰਟੀ ('ਆਪ') ਪੰਜਾਬ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਸੰਸਦ ਮੈਂਬਰ ਭਗਵੰਤ ਮਾਨ ਨੇ ਹਾਈਕਮਾਂਡ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦਾ ਅਸਤੀਫ਼ਾ ਪ੍ਰਵਾਨ ਕਰਕੇ ਕਿਸੇ ਹੋਰ ਆਗੂ ਨੂੰ ਇਹ ਜ਼ਿੰਮੇਵਾਰੀ ਸੌਂਪੀ ਜਾਵੇ।

ਕੁਝ ਦਿਨਾਂ ਦੇ ਵਿਦੇਸ਼ ਦੌਰੇ ਤੋਂ ਵਾਪਸ ਪਰਤੇ ਸ੍ਰੀ ਮਾਨ ਨੇ ਗੱਲਬਾਤ ਕਰਦਿਆਂ ਉਨ੍ਹਾਂ ਬਾਰੇ ਫੈਲੀਆਂ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਦਾ ਅੰਤ ਕਰਦਿਆਂ ਕਿਹਾ ਕਿ ਉਹ 'ਆਪ' ਦੀ ਟਿਕਟ ਤੋਂ ਹੀ ਸਾਲ 2019 ਦੀ ਲੋਕ ਸਭਾ ਚੋਣ ਆਪਣੇ ਪੁਰਾਣੇ ਹਲਕੇ ਸੰਗਰੂਰ ਤੋਂ ਹੀ ਲੜਨਗੇ ਅਤੇ ਪਿਛਲੇ ਰਿਕਾਰਡ ਨੂੰ ਤੋੜਨਗੇ। ਸ੍ਰੀ ਮਾਨ ਨੇ ਕਿਹਾ ਕਿ ਉਹ ਪਹਿਲਾਂ ਸੁੱਚਾ ਸਿੰਘ ਛੋਟੇਪੁਰ ਅਤੇ ਗੁਰਪ੍ਰੀਤ ਘੁੱਗੀ ਦੀ ਪ੍ਰਧਾਨਗੀ ਹੇਠ ਵੀ ਕੰਮ ਕਰ ਚੁੱਕੇ ਹਨ ਅਤੇ ਹੁਣ ਵੀ ਪਾਰਟੀ ਜਿਸ ਨੂੰ ਵੀ ਪ੍ਰਧਾਨ ਬਣਾਏਗੀ, ਉਹ ਪੂਰੀ ਸਮਰਪਣ ਭਾਵਨਾ ਨਾਲ ਉਸ ਦੀ ਅਗਵਾਈ ਹੇਠ ਹਰ ਜ਼ਿੰਮੇਵਾਰੀ ਨਿਭਾਉਣਗੇ। ਦੱਸਣਯੋਗ ਹੈ ਕਿ ਪਿਛਲੇ ਸਮੇਂ ਤੋਂ ਸ੍ਰੀ ਮਾਨ ਦੇ ਸੰਗਰੂਰ ਦੀ ਥਾਂ ਬਠਿੰਡਾ ਤੋਂ ਚੋਣ ਲੜਨ ਅਤੇ ਹੋਰ ਪਾਰਟੀ ਵਿੱਚ ਸ਼ਾਮਲ ਹੋਣ ਦੀ ਚਰਚਾ ਚੱਲਦੀ ਆ ਰਹੀ ਸੀ।

ਸ੍ਰੀ ਮਾਨ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਪੰਜਾਬ ਦੇ ਲੋਕਾਂ ਕੋਲ ਇਹ ਸੁਨੇਹਾ ਪਹੁੰਚਾਉਣਾ ਹੈ ਕਿ ਕਾਂਗਰਸ ਅਤੇ ਅਕਾਲੀ ਦਲ ਅੰਦਰੂਨੀ ਤੌਰ 'ਤੇ ਇੱਕ ਹੋ ਕੇ ਵਾਰੋ-ਵਾਰੀ ਪੰਜਾਬ ਨੂੰ ਲੁੱਟ ਰਹੇ ਹਨ ਅਤੇ ਉਹ ਇਹ ਜ਼ਿੰਮੇਵਾਰੀ 'ਆਪ' ਦੇ ਪਲੇਟਫਾਰਮ ਤੋਂ ਬੇਰੋਕ ਨਿਭਾਉਂਦੇ ਰਹਿਣਗੇ। ਉਹ ਹੋਰ ਕਿਤੇ ਨਹੀਂ ਜਾ ਰਹੇ ਅਤੇ 'ਆਪ' ਵਿੱਚ ਰਹਿ ਕੇ ਹੀ ਪੰਜਾਬ ਦੀ ਬਿਹਤਰੀ ਲਈ ਯਤਨਸ਼ੀਲ ਰਹਿਣਗੇ। ਸ੍ਰੀ ਮਾਨ ਨੇ ਕਿਹਾ ਕਿ ਉਹ ਸੰਗਰੂਰ ਛੱਡ ਕੇ ਕਿਤੇ ਨਹੀਂ ਜਾ ਸਕਦੇ ਕਿਉਂਕਿ ਸੰਗਰੂਰ ਦੀ ਜਨਤਾ ਨੇ ਉਨ੍ਹਾਂ ਨੂੰ ਸਾਲ 2014 ਵਿੱਚ ਰਿਕਾਰਡ ਵੋਟਾਂ ਪਾ ਕੇ ਜਿਤਾਇਆ ਹੈ ਅਤੇ ਸਾਲ 2019 ਦੀ ਚੋਣ ਵੀ ਉਹ ਇੱਥੋਂ ਦੇ ਲੋਕਾਂ ਦੇ ਹੁਕਮ ਅਨੁਸਾਰ ਹੀ ਲੜਨਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਬਾਰੇ ਨਿਰਆਧਾਰ ਸਿਆਸੀ ਅਫਵਾਹਾਂ ਫੈਲ ਰਹੀਆਂ ਹਨ। ਜੇ ਉਹ ਕਿਸੇ ਹੋਰ ਹਲਕੇ ਵਿੱਚ ਸਿਆਸੀ ਦੌਰੇ 'ਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਉਸੇ ਹਲਕੇ ਨਾਲ ਜੋੜ ਕੇ ਮਨਘੜਤ ਚਰਚਾ ਸ਼ੁਰੂ ਕਰ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰੀ ਮੰਤਰੀ ਅਤੇ ਅਕਾਲੀ ਦਲ ਦੀ ਆਗੂ ਬੀਬੀ ਹਰਸਿਮਰਤ ਕੌਰ ਬਾਦਲ ਉਨ੍ਹਾਂ (ਮਾਨ) ਵਿਰੁੱਧ ਚੋਣ ਲੜਨਾ ਚਾਹੁੰਦੇ ਹਨ ਤਾਂ ਉਹ ਹਲਕਾ ਸੰਗਰੂਰ ਤੋਂ ਚੋਣ ਲੜ ਸਕਦੇ ਹਨ।

# ਸ਼ਾਹਕੋਟ ਜ਼ਿਮਨੀ ਚੋਣ : 76.6 ਫ਼ੀਸਦੀ ਪੋਲਿੰਗ ਦੌਰਾਨ ਰਿਹਾ ਅਮਨ-ਅਮਾਨ

## *31 ਮਈ ਨੂੰ ਆਉਣ ਵਾਲੇ ਨਤੀਜੇ 'ਤੇ ਟਿਕੀਆਂ ਸਭ ਦੀਆਂ ਨਜ਼ਰਾਂ*

**ਸ਼ਾਹਕੋਟ/ਬਿਊਰੋ ਨਿਊਜ਼ :**

ਸ਼ਾਹਕੋਟ ਹਲਕੇ ਦੀ ਉਪ ਚੋਣ ਲਈ ਛੋਟੀਆਂ-ਮੋਟੀਆਂ ਘਟਨਾਵਾਂ ਨੂੰ ਛੱਡ ਕੇ ਚੋਣ ਅਮਨ ਅਮਾਨ ਨਾਲ ਮੁਕੰਮਲ ਹੋਈ। ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਨੇ ਦੱਸਿਆ ਕਿ ਹਲਕੇ 'ਚ 76.6 ਫ਼ੀਸਦੀ ਪੋਲਿੰਗ ਹੋਈ ਹੈ। ਵੋਟਰਾਂ ਨੇ 12 ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਿੱਚ ਬੰਦ ਕਰ ਦਿੱਤਾ। ਵੋਟਾਂ ਦੀ ਗਿਣਤੀ ਅਤੇ ਨਤੀਜਾ 31 ਮਈ ਨੂੰ ਆਵੇਗਾ। ਮੁੱਖ ਮੁਕਾਬਲਾ ਕਾਂਗਰਸ ਦੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਅਤੇ ਅਕਾਲੀ ਦਲ ਦੇ ਨਾਇਬ ਸਿੰਘ ਕੋਹਾੜ ਵਿਚਕਾਰ ਹੈ।ਸਵੇਰੇ 7 ਵਜੇ ਤੋਂ ਵੋਟਾਂ ਪੈਣ ਦਾ ਕੰਮ ਤੇਜ਼ੀ ਨਾਲ ਸ਼ੁਰੂ ਹੋਇਆ ਸੀ ਪਰ ਜਿਵੇਂ-ਜਿਵੇਂ ਗਰਮੀ ਵਧਦੀ ਗਈ ਤਾਂ ਵੋਟਾਂ ਪੈਣ ਦੀ ਰਫ਼ਤਾਰ ਵੀ ਘੱਟ ਹੋ ਗਈ। ਕਈ ਪੋਲਿੰਗ ਬੂਥਾਂ 'ਤੇ ਤਾਂ ਸਵੇਰੇ 11: 30 ਵਜੇ ਤੱਕ 50 ਫ਼ੀਸਦੀ ਪੋਲਿੰਗ ਹੋ ਚੁੱਕੀ ਸੀ। ਦੁਪਹਿਰ ਵੇਲੇ ਚੋਣ ਕਰਵਾਉਣ ਵਾਲਾ ਸਟਾਫ਼ ਵਿਹਲਾ ਬੈਠਾ ਰਿਹਾ। ਇਕ ਸਾਲ ਪਹਿਲਾਂ ਜਿਸ ਆਮ ਆਦਮੀ ਪਾਰਟੀ ਦਾ ਉਭਾਰ ਤੇਜ਼ੀ ਨਾਲ ਹੋਇਆ ਸੀ, ਉਸ ਦੇ ਪੋਲਿੰਗ ਬੂਥ ਟਾਵੇਂ ਟਾਵੇਂ ਹੀ ਨਜ਼ਰ ਆਏ। ਹੈਰਾਨੀ ਵਾਲੀ ਗੱਲ ਇਹ ਵੀ ਸੀ ਕਿ 'ਝਾੜੂ' ਵਾਲਿਆਂ ਦਾ ਪੋਲਿੰਗ ਦੌਰਾਨ ਨਾ ਤਾਂ ਕਿਤੇ ਜੋਸ਼ ਨਜ਼ਰ ਆਇਆ ਅਤੇ ਨਾ ਹੀ 'ਆਪ' ਦੀ ਕੋਈ ਚਰਚਾ ਕਰ ਰਿਹਾ ਸੀ।

ਸ਼ਾਹਕੋਟ ਉਪ ਚੋਣ ਦੌਰਾਨ ਕਈ ਪੋਲਿੰਗ ਬੂਥਾਂ 'ਤੇ ਈਵੀਐਮਜ਼ 'ਚ ਖ਼ਰਾਬੀ ਕਾਰਨ ਵੋਟਿੰਗ ਵਿੱਚ ਰੁਕਾਵਟ ਆਈ। ਇਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।



ਇਸੇ ਦੌਰਾਨ ਪਿੰਡ ਮਲਸੀਆਂ ਦੀ ਪੱਤੀ ਸਾਹਲਾ ਨਗਰ ਵਿੱਚ ਉਸ ਸਮੇਂ ਭਾਰੀ ਹੰਗਾਮਾ ਹੋ ਗਿਆ, ਜਦੋਂ 10 ਦਿਨ ਪਹਿਲਾਂ ਕਾਂਗਰਸ ਛੱਡ ਕੇ ਅਕਾਲੀ ਦਲ ਵਿੱਚ ਜਾਣ ਵਾਲੇ ਬ੍ਰਿਜ ਭੁਪਿੰਦਰ ਸਿੰਘ ਲਾਲੀ ਨੇ ਕਥਿਤ ਤੌਰ 'ਤੇ ਧੱਕੇ ਨਾਲ ਬੂਥ ਨੰਬਰ 90-91 ਦੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ। ਡਿਊਟੀ 'ਤੇ ਤਾਇਨਾਤ ਮੁਲਾਜ਼ਮਾਂ ਨੇ ਜਦੋਂ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ ਲਾਇਸੰਸੀ ਰਿਵਾਲਵਰ ਬਰਾਮਦ ਹੋਇਆ। ਉਨ੍ਹਾਂ ਨੂੰ ਧਾਰਾ 132, 134 ਬੀ ਅਤੇ 188 ਤਹਿਤ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ। ਲਾਲੀ ਵੱਲੋਂ ਰਿਵਾਲਵਰ ਜਮ੍ਹਾਂ ਨਾ ਕਰਵਾਏ ਜਾਣ ਕਾਰਨ ਇਹ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਵੀ ਉਲੰਘਣਾ ਮੰਨਿਆ ਜਾ ਰਿਹਾ ਹੈ। ਪੁਲੀਸ ਉਨ੍ਹਾਂ ਨੂੰ ਚੌਕੀ ਮਲਸੀਆਂ ਵਿੱਚ ਲੈ ਗਈ। ਚੋਣ ਲੜ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਾਇਬ ਸਿੰਘ ਕੋਹਾੜ ਵੀ ਬ੍ਰਿਜ ਭੁਪਿੰਦਰ ਸਿੰਘ ਕੋਲੋਂ ਰਿਵਾਲਵਰ ਬਰਾਮਦ ਹੋਣ ਸਮੇਂ ਮੌਕੇ 'ਤੇ ਪਹੁੰਚੇ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਲਾਲੀ ਨੇ ਰਿਵਾਲਵਰ ਆਪਣੀ ਸੁਰੱਖਿਆ ਲਈ ਰੱਖਿਆ ਹੋਇਆ ਸੀ ਅਤੇ ਇਸ ਵਿੱਚ ਕੋਈ ਵੀ ਗਲਤ ਗੱਲ ਨਹੀਂ ਹੈ।

ਜ਼ਿਕਰਯੋਗ ਹੈ ਕਿ ਜਦੋਂ ਮਲਸੀਆਂ ਚੌਕੀ ਵਿੱਚ ਬ੍ਰਿਜ ਭੁਪਿੰਦਰ ਸਿੰਘ ਲਾਲੀ ਨੂੰ ਰੱਖਿਆ ਗਿਆ ਸੀ ਤਾਂ ਕੋਈ ਵੀ ਅਕਾਲੀ ਵਰਕਰ ਉਨ੍ਹਾਂ ਦੀ ਹਮਾਇਤ ਲਈ ਉਥੇ ਨਹੀਂ ਪੁੱਜਾ। ਸਿਰਫ਼ ਮੀਡੀਆ ਕਰਮੀ ਹੀ ਬਾਹਰ ਉਨ੍ਹਾਂ ਦੀ ਲੰਮਾ ਸਮਾਂ ਉਡੀਕ ਕਰਦੇ ਰਹੇ। ਜ਼ਿਲ੍ਹਾ ਦਿਹਾਤੀ ਦੇ ਐਸਐਸਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਲਾਲੀ ਕੋਲੋਂ 32 ਬੋਰ ਦਾ ਰਿਵਾਲਵਰ ਬਰਾਮਦ ਕੀਤਾ ਗਿਆ ਹੈ। ਉਸ ਦੀ ਜ਼ਮਾਨਤ ਕਰਵਾਉਣ ਲਈ ਉਸ ਦਾ ਵਕੀਲ ਮੌਕੇ 'ਤੇ ਪੁਲੀਸ ਚੌਕੀ ਪੁੱਜ ਗਿਆ ਸੀ, ਇਸ ਕਰਕੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਗਈ ਹੈ।

# ਦਸਤਾਰ ਦੇ ਨਿਰਾਦਰ ਖਿਲਾਫ਼ ਪੰਥਕ ਤਾਲਮੇਲ ਸੰਗਠਨ ਵਲੋਂ ਅਕਾਲ ਤਖ਼ਤ ਵਿਖੇ ਕੀਤੀ ਗਈ ਅਰਦਾਸ



ਅਕਾਲ ਤਖ਼ਤ ਸਾਹਿਬ 'ਤੇ ਸਿੰਘ ਸਾਹਿਬ ਗਿਆਨੀ ਕੇਵਲ ਦੀ ਅਗਵਾਈ 'ਚ ਅਰਦਾਸ ਕਰਦੇ ਹੋਏ ਪੰਥਕ ਜਥੇਬੰਦੀਆਂ ਦੇ ਆਗੂ

- **ਵਿਚਾਰਧਾਰਕ ਵਖਰੇਵੇਂ ਦੂਰ ਕਰਨ ਲਈ ਹਿੰਸਾ ਦਾ ਰਾਹ ਚੁਣਨਾ ਸਹੀ ਨਹੀਂ : ਗਿਆਨੀ ਕੇਵਲ ਸਿੰਘ**
- **ਗਿਆਨੀ ਗੁਰਬਚਨ ਸਿੰਘ ਕੋਲ ਸ਼ਿਕਾਇਤ ਕਰਨ ਦੀ ਥਾਂ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਅੱਗੇ ਕੀਤੀ ਜੋਦੜੀ**

**ਅੰਮ੍ਰਿਤਸਰ/ਬਿਊਰੋ ਨਿਊਜ਼:**
ਇੰਗਲੈਂਡ ਦੇ ਲੰਡਨ ਸ਼ਹਿਰ ਵਿਚਲੇ ਗੁਰਦੁਆਰਾ ਸਾਹਿਬ ਸਾਊਥ ਹਾਲ ਵਿਖੇ ਪਿਛਲੇ ਦਿਨੀਂ ਸਿੱਖ ਪ੍ਰਚਾਰਕ ਭਾਈ ਅਮਰੀਕ ਸਿੰਘ ਦੀ ਦਸਤਾਰ ਉਤਾਰੇ ਜਾਣ ਅਤੇ ਕੀਤੀ ਗਈ ਮਾਰਕੁੱਟ ਦੇ ਮਾਮਲੇ ਨੂੰ ਲੈ ਕੇ ਪੰਥਕ ਤਾਲਮੇਲ ਸੰਗਠਨ ਦੇ ਬੈਨਰ ਹੇਠ ਵੱਡੀ ਗਿਣਤੀ ਪੰਥਕ ਜਥੇਬੰਦੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਅਰਦਾਸ ਜੋਦੜੀ ਕੀਤੀ। ਪੰਥਕ ਤਾਲਮੇਲ ਸੰਗਠਨ ਦੇ ਬੁਲਾਰੇ ਪਰਮਿੰਦਰਪਾਲ ਸਿੰਘ ਖਾਲਸਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਪੰਥਕ ਸੰਕਟ ਦੌਰਾਨ ਪੰਥਕ ਤਾਲਮੇਲ ਸੰਗਠਨ ਨੇ ਗਿਆਨੀ ਗੁਰਬਚਨ ਸਿੰਘ ਕਥਿਤ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਰੱਦ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਮੀਰੀ ਪੀਰੀ ਦੇ ਮਾਲਕ ਦੀ ਛੱਤਰ ਛਾਇਆ ਨੂੰ ਗ੍ਰਹਿਣ ਕੀਤਾ ਹੈ।

ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੰਬੋਧਨ ਹੋ ਕੇ ਕੀਤੀ ਗਈ ਅਰਦਾਸ ਵਿਚ ਕਿਹਾ ਗਿਆ ਹੈ ਕਿ 'ਹੇ ਮੀਰੀ ਪੀਰੀ ਦੇ ਮਾਲਕ ਆਪ ਪਾਸ ਸਿਧਾਂਤਹੀਣ ਹੋ ਚੁੱਕੇ ਤਖ਼ਤਾਂ ਦੇ ਜਥੇਦਾਰਾਂ ਬਾਰੇ ਸ਼ਿਕਾਇਤ ਹੈ ਕਿ ਇਹ ਲੋਕ ਕੁਝ ਅਖੌਤੀ ਸਿਆਸਤਦਾਨਾਂ ਦੀ ਗ਼ੈਰ ਸਿਧਾਂਤਕ ਸੋਚ ਦੀ ਪੈਰਵਾਈ ਕਰਦੇ ਨੇ। ਇਹ ਜਥੇਦਾਰ ਲੋਕ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਤੇ ਸੰਕਲਪ ਨੂੰ ਰੋਲ ਰਹੇ ਹਨ। ਹੇ ਸੱਚੇ ਪਾਤਸ਼ਾਹ! ਮੀਰੀ ਪੀਰੀ ਦੇ ਮਾਲਕ ਸਿੱਖ ਦੇ ਸਿਰ 'ਤੇ ਸੋਂਹਦੀ ਦਸਤਾਰ ਆਪ ਜੀ ਵਲੋਂ ਬਖ਼ਸ਼ੀ ਹੋਈ ਹੈ, ਪਰ ਕੁਝ ਸਿਧਾਂਤਹੀਣ ਮਨਮੁੱਖ ਲੋਕ ਆਪ ਜੀ ਦਾ ਗੁਰਮਤਿ ਮਾਰਗ ਤਿਆਗ ਕੇ ਆਪ ਦੀ ਦਸਤਾਰ ਰੋਲ ਰਹੇ ਹਨ ਅਤੇ ਹਿੰਸਾ ਰਾਹੀਂ ਦਹਿਸ਼ਤ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਪੰਥ ਵਿਚ ਵੱਖੋ ਵੱਖਰੇ ਵਿਚਾਰ ਪੈਦਾ ਹੁੰਦੇ ਰਹੇ ਹਨ, ਪਰ ਧਮਕੀ ਦੇ ਲਹਿਜੇ ਤੇ ਹਥਿਆਰਾਂ ਦੀ ਸ਼ਕਤੀ ਨਾਲ ਕਦੇ ਵੀ ਕਿਸੇ ਵੀ ਪੰਥਕ ਧਿਰ ਨੇ ਦੂਜੀ ਪੰਥਕ ਧਿਰ ਨੂੰ ਨਾ ਦਬਾਇਆ ਹੈ ਤੇ ਨਾ ਹੀ ਆਪਣੇ ਵਿਚਾਰ ਠੋਸੇ ਹਨ। ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਤੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਇਕ ਹੱਥ ਦਸਤਾਰ ਫੜ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਨਮੁਖ ਅਰਦਾਸ ਕਰਦਿਆਂ ਤੇ ਅਜੋਕੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਰੱਦ ਕਰਦਿਆਂ ਛੇਵੇਂ ਪਾਤਸ਼ਾਹ ਹਰਿਗੋਬਿੰਦ ਸਾਹਿਬ ਪਾਸੋਂ ਮੰਗ ਕੀਤੀ ਕਿ ਸਿੱਖ ਪੰਥ ਨੂੰ ਆਪਣੀ ਦਸਤਾਰ ਬਚਾਉਣ ਦੇ ਲਈ ਸ਼ਕਤੀ ਪ੍ਰਦਾਨ ਕਰੋ ਜੀ ਤੇ ਦਸਤਾਰ ਦੀ ਬੇਅਦਬੀ ਕਰਨ ਵਾਲਿਆਂ ਨੂੰ ਅਕਲ ਦਾਨ ਬਖ਼ਸ਼ੋ ਜੀ। ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਵਿਦੇਸ਼ ਵਿਚ ਗੁਰਮਤਿ ਪ੍ਰਚਾਰ ਲਏ ਗਏ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਦੀ ਕੁਝ ਲੋਕਾਂ ਵਲੋਂ ਦਸਤਾਰ ਉਤਾਰੀ ਗਈ, ਉਨ੍ਹਾਂ ਦੀ ਕੁੱਟਮਾਰ ਕੀਤੀ ਗਈ, ਕੁਝ ਸਿੱਖ ਭੇਸ ਵਿਚ ਲੋਕ ਆਪਸੀ ਵਿਚਾਰਧਾਰਕ ਵਖਰੇਵਾਂ ਹੱਲ ਕਰਨ ਦੀ ਬਜਾਏ ਹਿੰਸਾ ਦਾ ਸਹਾਰਾ ਲੈ ਕੇ ਆਪਣੀ ਈਨ ਮਨਾਉਣ ਦੇ ਰਾਹ ਤੁਰ ਪਏ ਹਨ, ਜੋ ਕਿ ਗੁਰੂ ਨੂੰ ਬੇਦਾਵਾ ਦੇਣ ਵਾਲੀ ਗੱਲ ਹੈ। ਇਸ ਹਿੰਸਕ ਹਰਕਤ ਨਾਲ ਵਿਦੇਸ਼ਾਂ ਵਿਚ ਸਿੱਖਾਂ ਦੀ ਸਰਦਾਰੀ ਤੇ ਅਕਸ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਇਸ ਮੌਕੇ ਪਰਮਿੰਦਰਪਾਲ ਸਿੰਘ ਖਾਲਸਾ ਨੇ ਕਿਹਾ ਕਿ ਇਸ ਸਭ ਲੜਾਈ ਝਗੜੇ ਤੇ ਹਿੰਸਾ ਪਿੱਛੇ ਆਰ ਐਸ ਐਸ ਤੇ ਬਾਦਲ ਦੀ ਸਿਆਸਤ ਸਰਗਰਮ ਹੈ। ਉਨ੍ਹਾਂ ਕਿਹਾ ਕਿ ਦੇਸਾਂ ਵਿਦੇਸ਼ਾਂ ਵਿਚ ਇਨ੍ਹਾਂ ਲੋਕਾਂ ਦਾ ਦਖਲ ਵਧ ਰਿਹਾ ਹੈ, ਜੋ ਪੰਥ ਦੇ ਅਕਸ ਨੂੰ ਹਿੰਸਾ ਰਾਹੀਂ ਠੇਸ ਪਹੁੰਚਾ ਰਹੇ ਹਨ ਤੇ ਵਿਦੇਸ਼ੀ ਦੀਆਂ ਸਰਕਾਰਾਂ ਦੀਆਂ ਨਜ਼ਰਾਂ ਵਿਚ ਸਿੱਖ ਪੰਥ ਨੂੰ ਹਿੰਸਕ ਕੌਮ ਵਜੋਂ ਪੇਸ਼ ਕਰਨਾ ਚਾਹੁੰਦੇ ਹਨ। ਸ਼੍ਰੋਮਣੀ ਕਮੇਟੀ ਤੇ ਬਾਦਲ ਅਕਾਲੀ ਦਲ ਦੇ ਬਿਆਨ ਇਸ ਮੌਕੇ ਨਾ ਆਉਣੇ ਤੇ ਅਕਾਲ ਤਖ਼ਤ ਸਾਹਿਬ ਦੇ ਕਥਿਤ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਪੀੜਤ ਧਿਰ ਨੂੰ ਦੋਸ਼ੀ ਠਹਿਰਾਉਣਾ ਗ਼ੈਰ ਸਿਧਾਂਤਕ, ਅਗਿਆਨਤਾ ਭਰਪੂਰ ਤੇ ਮੁਜ਼ਰਮਾਨਾ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਖਾਲਸਾ ਪੰਥ ਬਾਦਲ ਦਲ ਤੇ ਗਿਆਨੀ ਗੁਰਬਚਨ ਸਿੰਘ ਦਾ ਬਾਈਕਾਟ ਜਾਰੀ ਰੱਖੇ। ਪਰਮਿੰਦਰਪਾਲ ਸਿੰਘ ਨੇ ਦੱਸਿਆ ਕਿ ਉਹ ਇਸ ਸੰਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਦੀ ਅਗਵਾਈ ਵਿਚ ਵਫ਼ਦ ਲੈ ਕੇ ਮਿਲੇ ਸਨ ਤੇ ਖਾਲਸਾ ਪੰਥ ਵਲੋਂ ਉਨ੍ਹਾਂ ਨੂੰ ਦੱਸ ਦਿੱਤਾ ਗਿਆ ਸੀ ਕਿ ਜੇਕਰ ਇਹ ਗਤੀਵਿਧੀਆਂ ਜਾਰੀ ਰਹੀਆਂ ਤਾਂ ਖਾਲਸਾ ਪੰਥ ਬਾਦਲ ਦਲ ਦੀ ਸਿਆਸਤ ਦਾ ਭੋਗ ਪਾ ਦੇਵੇਗਾ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਹਮੇਸ਼ਾ ਪੰਥਕ ਏਕਤਾ ਨੂੰ ਤਰਜੀਹ ਦਿੱਤੀ ਹੈ, ਪਰ ਅੱਜ ਕੁਝ ਲੋਕ ਸੰਤਾਂ ਤੇ ਦਮਦਮੀ ਟਕਸਾਲ ਦੇ ਪੰਥਕ ਮਾਰਗ ਨੂੰ ਖਤਮ ਕਰਨ ਦੇ ਯਤਨਾਂ ਵਿਚ ਹਨ। ਉਨ੍ਹਾਂ ਕਿਹਾ ਕਿ ਅਸੀਂ ਗੁਰੂਆਂ ਦੀ ਸੋਚ ਨੂੰ ਬਚਾਉਣ ਦੇ ਲਈ ਵਿਸ਼ਵ ਪੱਧਰ ਦੇ ਲਹਿਰ ਚਲਾਵਾਂਗੇ ਤੇ ਆਪਣੇ ਨਾਲ ਗਰੀਬ ਸਿੱਖਾਂ ਤੇ ਦਲਿਤ ਭਾਈਚਾਰੇ ਨੂੰ ਜੋੜ ਕੇ ਤੇ ਗੁਰੂਆਂ ਦੀ ਰਾਜਨੀਤੀ ਕਾਇਮ ਰੱਖਾਂਗੇ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਮੁਲਾਕਾਤ ਕਰਦੇ ਹੋਏ ਸਿੰਘ ਸਾਹਿਬ ਗਿਆਨੀ ਕੇਵਲ, ਪਰਮਿੰਦਰਪਾਲ ਸਿੰਘ ਖਾਲਸਾ ਤੇ ਸੁਰਿੰਦਰਪਾਲ ਸਿੰਘ ਗੋਲਡੀ

## ਗੁਰੂ ਹਰਿਗੋਬਿੰਦ ਜੀ ਦੇ ਚਰਨਾਂ 'ਚ ਭੇਟ ਕੀਤੀ ਚਿੱਠੀ

ਹੇ ਮੀਰੀ ਪੀਰੀ ਦੇ ਮਾਲਕ ਸੱਚੇ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀਓ,

ਅੱਜ ਅਸੀਂ ਸਿੱਖ ਧਰਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਸਿਧਾਂਤ ਨੂੰ ਭੁੱਲ ਚੁੱਕੇ ਹਾਂ। ਅਖੌਤੀ ਸਿੱਖ ਸਿਆਸਤਦਾਨਾਂ ਦੀ ਗ਼ੈਰ ਸਿਧਾਂਤਕ ਸੋਚ ਤੇ ਮੀਰੀ ਪੀਰੀ ਸਿਧਾਂਤਾਂ ਨੂੰ ਪਿੱਠ ਦੇ ਕੇ ਖਲੌਤੇ ਜਥੇਦਾਰਾਂ ਨੇ ਸਿੱਖ ਇਤਿਹਾਸ ਤੇ ਸਿੱਖ ਫਲਸਫੇ ਨੂੰ ਪੁੱਠਾ ਗੇੜਾ ਦੇਣਾ ਸ਼ੁਰੂ ਕਰ ਦਿੱਤਾ ਹੈ ਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਢਾਹ ਲਗਾ ਕੇ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਤੇ ਸੰਕਲਪ ਨੂੰ ਇਤਿਹਾਸ ਵਿਚ ਰੋਲ ਕੇ ਰੱਖ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਿਧਾਂਤ ਹੈ ਕੋਈ ਗੱਦੀ ਨਹੀਂ। ਇਸ ਦੇ ਮੁੱਖ ਸੇਵਾਦਾਰ ਦੀ ਤੁਲਨਾ 'ਪੋਪ' ਜਾਂ 'ਬਾਦਸ਼ਾਹ' ਨਾਲ ਵੀ ਨਹੀਂ ਕੀਤੀ ਜਾ ਸਕਦੀ। ਸ੍ਰੀ ਅਕਾਲ ਤਖਤ ਸਾਹਿਬ ਦਾ ਮੀਰੀ ਪੀਰੀ ਦਾ ਸਿਧਾਂਤ ਹਮੇਸ਼ਾਂ ਗੁਰਮਤਿ ਨੂੰ ਪ੍ਰਣਾਈ ਸਿੱਖ ਸੰਗਤ ਦੀ ਸਹਿਮਤੀ ਤੇ ਬਿਪਰਨੀ ਅਤੇ ਭ੍ਰਿਸ਼ਟ ਵਰਤਾਰੇ ਦੇ ਉਲਟ ਰਿਹਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦਾ ਮਾਲਕ ਸੱਚਾ ਪਾਤਸ਼ਾਹ ਅਕਾਲ ਪੁਰਖ ਹੈ ਜਾਂ ਤੁਹਾਡੀ ਸੋਚ ਤੇ ਸਿਧਾਂਤ ਨੂੰ ਪ੍ਰਣਾਈ ਹੋਈ ਸੰਗਤ ਹੈ, ਜਿਸ ਵਿਚ ਪੁਜਾਰੀ ਵਰਗ ਦੀ ਕੋਈ ਥਾਂ ਨਹੀਂ ਤੇ ਨਾ ਹੀ ਉਸ ਨੂੰ ਕੋਈ ਅਧਿਕਾਰ ਹੈ ਕਿ ਉਹ ਤੁਹਾਡਾ ਸ਼ਰੀਕ ਬਣ ਕੇ ਆਪਣੀ ਮਨਮਰਜ਼ੀ ਨਾਲ ਤਖ਼ਤ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿੱਖ ਧਰਮ ਦੇ ਫੈਸਲੇ ਕਰੇ ਤੇ ਅਕਾਲ ਤਖਤ ਦੇ ਮਾਲਕ ਹੋਣ ਦਾ ਭਰਮ ਪਾਲੇ। ਸਾਡੀ ਤੁਹਾਡੇ ਕੋਲ ਇਨ੍ਹਾਂ ਜਥੇਦਾਰਾਂ ਤੇ ਸਿਧਾਂਤਹੀਣ ਕਥਿਤ ਅਕਾਲੀ ਸਿਆਸਤਦਾਨਾਂ ਦੀ ਸ਼ਿਕਾਇਤ ਹੈ ਕਿ ਇਹ ਤੁਹਾਡਾ ਸਿਧਾਂਤ ਮੀਰੀ-ਪੀਰੀ ਨੂੰ ਮੇਟ ਰਹੇ ਹਨ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਉਣ ਤੇ ਸੌਦਾ ਸਾਧ ਵਰਗੇ ਸਾਧਾਂ ਨੂੰ ਉਭਾਰਨ ਦੇ ਜ਼ਿੰਮੇਵਾਰ ਹਨ ਤੇ ਆਰ ਐਸ ਐਸ ਦੇ ਭਗਵੇਂਕਰਨ ਨੂੰ ਉਤਸ਼ਾਹਿਤ ਕਰਕੇ ਖਾਲਸਾ ਪੰਥ ਨੂੰ ਇਸੇ ਰੰਗ ਵਿਚ ਰੰਗਣਾ ਚਾਹੁੰਦੇ ਹਨ ਤਾਂ ਜੋ ਸਿੱਖ ਪੰਥ ਦੀ ਵੱਖਰੀ ਹੋਂਦ ਮਿਟ ਜਾਵੇ ਤੇ ਉਹ ਆਰ ਐਸ ਐਸ ਦੇ ਫਲਸਫੇ ਅਨੁਸਾਰ ਹਿੰਦੂ ਧਰਮ ਦਾ ਅੰਗ ਬਣ ਜਾਣ। ਇਹੀ ਕਾਰਨ ਹੈ ਕਿ ਨਾਗਪੁਰੀ ਤਿਲਕਧਾਰੀਆਂ ਦੀ ਸੋਚ ਅਨੁਸਾਰ ਤੁਹਾਡੇ ਸੱਚੇ ਤਖ਼ਤ ਤੋਂ ਕੂੜ ਦੇ ਹੁਕਮਨਾਮੇ ਜਾਰੀ ਹੋ ਰਹੇ ਹਨ।

ਅੰਗਰੇਜ਼ ਹਕੂਮਤ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਤੇ ਗੋਰੀ ਸਰਕਾਰ ਦੇ ਟੋਡੀ ਅਰੂੜ ਸਿੰਘ ਨੇ ਬੀੜੀ ਪੀਣੇ ਜਲਿਆਂ ਵਾਲੇ ਬਾਗ ਦੇ ਕਤਲੇਆਮ ਦੇ ਜ਼ਿੰਮੇਵਾਰ ਜਰਨਲ ਡਾਇਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾ ਦੇ ਕੇ ਤੇ ਸਨਮਾਨਿਤ ਕਰਕੇ ਇਹੀ ਇਤਿਹਾਸ ਦੁਹਰਾਇਆ ਸੀ। ਜੋ ਅਜੋਕੇ ਜਥੇਦਾਰ ਤੇ ਇਨ੍ਹਾਂ ਨੂੰ ਚਲਾਉਣ ਵਾਲੇ ਅਕਾਲੀ ਸਿਆਸਤਦਾਨ ਦੁਹਰਾ ਰਹੇ ਹਨ। ਇਹ ਸਿਖ ਸੰਗਤ ਦੀ ਗੋਲਕ ਤੇ ਪਲ ਰਹੀ ਨਵ ਬ੍ਰਾਹਮਣਵਾਦੀ ਜਮਾਤ 'ਇਲਤਿ ਕਾ ਨਾਉ ਚਉਧਰੀ' ਸਿੱਖ ਧਰਮ ਦੇ ਹਿਤ ਵਿਚ ਫੈਸਲੇ ਕਿਵੇਂ ਕਰ ਸਕਦੇ ਹਨ?

ਅਸੀਂ ਤੁਹਾਡੇ ਕੋਲ ਦਸਤਾਰ ਦਾ ਮਸਲਾ ਲੈ ਕੇ ਵੀ ਆਏ ਹਾਂ ਕਿ ਕੁਝ ਸਿੱਖ ਗੁਰੂਆਂ ਦੇ ਸੰਵਾਦ ਤੇ ਗੋਸ਼ਟ ਦੀ ਵਿਧੀ ਤਿਆਗ ਕੇ ਆਪਸੀ ਵਾਦ-ਵਿਵਾਦ ਹੱਲ ਕਰਨ ਦੀ ਥਾਂ ਹਿੰਸਾ ਨਾਲ ਮਸਲੇ ਹੱਲ ਕਰਨਾ ਚਾਹੁੰਦੇ ਹਨ। ਇਹ ਭਰਾ ਮਾਰੂ ਜੰਗ ਵਾਲੀ ਕਾਰਵਾਈ ਹੈ। ਬੀਤੇ ਦਿਨੀਂ ਇੰਗਲੈਂਡ ਵਿਖੇ ਪ੍ਰਚਾਰ ਯਾਤਰਾ 'ਤੇ ਆਏ ਕਥਾਵਾਚਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਨਾਲ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਚ ਕੁਝ ਲੋਕਾਂ ਵਲੋਂ ਗੁਰੂ ਘਰ ਵਿੱਚ ਹੀ ਕੁੱਟ ਮਾਰ ਕੀਤੀ ਗਈ। ਅੱਜ ਤੱਕ ਸਿੱਖ ਪੰਥ ਦਾ ਇਤਿਹਾਸ ਇਹੀ ਰਿਹਾ ਹੈ ਵਾਦ-ਵਿਵਾਦ ਹਮੇਸ਼ਾ ਸੰਵਾਦ ਦੇ ਰਾਹੀਂ ਤੇ ਗੱਲਬਾਤ ਰਾਹੀਂ ਮਿਟਾਏ ਜਾਂਦੇ ਹਨ। ਗੁਰੂ ਨਾਨਕ ਸਾਹਿਬ ਨੇ ਵੀ ਸਾਨੂੰ ਇਹੀ ਰਾਹ ਦੱਸਿਆ ਸੀ। ਪਰ ਇਸ ਦਸਤਾਰ ਬੇਅਦਬੀ ਕਾਂਡ ਦੇ ਨਾਲ ਸਿਖਾਂ ਦੇ ਅਕਸ ਦਾ ਨੁਕਸਾਨ ਹੋਇਆ ਹੈ। ਸਿਖ ਦੀ ਦਸਤਾਰ ਗੁਰੂ ਦੀ ਦਸਤਾਰ ਹੈ। ਫਿਰ ਦਸਤਾਰ ਦੀ ਬੇਇਜ਼ਤੀ ਕਿੱਦਾਂ ਕੀਤੀ ਜਾ ਸਕਦੀ ਹੈ। ਇਸ ਲਈ ਹੇ ਸੱਚੇ ਪਾਤਸ਼ਾਹ ਇਨ੍ਹਾਂ ਨੂੰ ਅਕਲ ਦਾਨ ਬਖ਼ਸ਼ੋ ਜੀ ਤੇ ਗੱਲਬਾਤ ਰਾਹੀਂ ਮਸਲੇ ਸੁਲਝਾਉਣ ਦੀ ਵਿਧੀ ਤੇ ਸੋਝੀ ਬਖ਼ਸ਼ੋ।

ਸੱਚੇ ਪਾਤਸ਼ਾਹ ਜੀ! ਇਸ ਪੁਜਾਰੀਵਾਦ ਨੂੰ ਰੱਦ ਕਰਨ ਲਈ ਸੰਗਤ ਨੂੰ ਸ਼ਕਤੀ ਬਖ਼ਸ਼ੋ। ਅਸੀਂ ਚਾਹੁੰਦੇ ਹਾਂ ਕਿ ਜਿਸ ਪੁਜਾਰੀਵਾਦ ਦੇ ਜੰਜਾਲ ਵਿਚੋਂ ਤੁਸੀਂ ਸਮਾਜ ਨੂੰ ਮੁਕਤ ਕੀਤਾ ਸੀ, ਉਸ ਵਿਚੋਂ ਅਸੀਂ ਦੁਬਾਰਾ ਅਜ਼ਾਦ ਹੋਣਾ ਚਾਹੁੰਦੇ ਹਾਂ। ਸਾਨੂੰ ਚੇਤੇ ਹੈ ਕਿ ਸਾਡੇ ਬਜ਼ੁਰਗ ਅਠਾਰਵੀਂ ਸਦੀ ਦੌਰਾਨ ਤੁਹਾਡੇ ਸਿਧਾਂਤਾਂ ਉਤੇ ਪਹਿਰਾ ਦੇ ਕੇ ਸਫਾਂ ਵਿਛਾ ਕੇ ਆਪਸੀ ਵਿਵਾਦ ਭੁਲ ਕੇ ਪੰਥਕ ਫੈਸਲੇ ਲੈਂਦੇ ਰਹੇ ਹਨ। ਪਰ ਹੁਣ ਅਸੀਂ ਤੁਹਾਡੇ ਸਿਧਾਂਤਾਂ ਨੂੰ ਭੁੱਲ ਕੇ ਗੁਰੂ ਘਰ ਦੇ ਠੱਗਾਂ ਅਗੇ ਟੇਕ ਕਿਉਂ ਰਖੀ ਹੋਈ ਹੈ ਤੇ ਸੰਗਮਰਮਰ ਰੂਪੀ ਬੁੱਤ ਵਰਗੇ ਜਥੇਦਾਰਾਂ ਨੂੰ ਆਪਣੇ ਸਿਰਾਂ ਉਤੇ ਚੁਕ ਰਹੇ ਹਾਂ। ਸਾਨੂੰ ਅਸੀਸ ਦੇਵੋ ਤੇ ਸਾਨੂੰ ਆਪਣੇ ਫੈਸਲੇ ਖੁਦ ਕਰਨ ਦੀ ਜਾਚ ਸਿਖਾਓ। ਅਸੀਂ ਸਮਝਦੇ ਹਾਂ ਕਿ ਖਾਲਸਾ ਪੰਥ ਨੂੰ ਇਹਨਾਂ ਸੰਗਮਰਮਰੀ ਬੁਤਾਂ ਦੀ ਲੋੜ ਨਹੀਂ। ਇਹ ਬੁਤ ਨਾਗਪੁਰ ਦੇ ਅਜਾਇਬ ਘਰ ਵਿਚ ਹੀ ਸਥਾਪਿਤ ਕੀਤੇ ਸ਼ੋਭਦੇ ਹਨ ਤਾਂ ਜੋ ਇਹ ਭਗਵੇਂਵਾਦੀਆਂ ਦੇ ਦੇਵਤੇ ਬਣੇ ਰਹਿਣ ਤੇ ਖਾਲਸਾ ਪੰਥ ਨਾਲ ਇਨ੍ਹਾਂ ਦਾ ਦੂਰ ਦਾ ਵੀ ਵਾਸਤਾ ਨਾ ਹੋਵੇ।

ਸੱਚੇ ਪਾਤਸ਼ਾਹ ਜੀ ਅਸੀਂ ਤੁਹਾਡੇ ਰਾਹੀਂ ਇਨਸਾਫ਼ ਦੀ ਮੰਗ ਕਰਦੇ ਹਾਂ! ਇਨ੍ਹਾਂ ਅਖੌਤੀ ਜਥੇਦਾਰਾਂ ਤੇ ਅਕਾਲੀ ਦਲ 'ਤੇ ਕਬਜ਼ਾ ਕਰਕੇ ਬੈਠੇ ਕਥਿਤ ਲੀਡਰਾਂ ਨੂੰ ਕਟਹਿਰੇ ਵਿਚ ਖੜਾ ਕਰਕੇ ਸਜ਼ਾ ਦੇਵੋ। ਇਨ੍ਹਾਂ 'ਤੇ ਦੋਸ਼ ਹਨ –

1. ਅਕਾਲੀ ਦਲ ਦੇ ਪ੍ਰਧਾਨ ਦੇ ਸਿੱਧੇ ਹੁਕਮਾਂ ਥੱਲੇ ਜਿਸ ਤਰੀਕੇ ਨਾਲ ਬੰਦ-ਕਮਰਾ ਕਾਰਵਾਈ ਕਰਕੇ, ਜਥੇਦਾਰਾਂ ਨੇ ਸੌਦਾ ਸਾਧ ਨੂੰ ਬਿਨ ਮੰਗਿਆਂ 'ਮਾਫੀ ਦੇਣ' ਦਾ ਬੱਜਰ ਗੁਨਾਹ ਕੀਤਾ, ਉਸ ਨੇ ਦੁਨੀਆਂ ਭਰ ਵਿੱਚ ਬੈਠੀ ਸਿੱਖ ਕੌਮ ਦਾ ਸਿਰ ਨੀਵਾਂ ਕਰਾਇਆ। ਸੌਦਾ ਸਾਧ ਦੇ ਖਿਲਾਫ, ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਗੁਰਮਤੇ ਉਤੇ ਅਮਲ ਕਰਦਿਆਂ ਭਾਈ ਕੰਵਲਜੀਤ ਸਿੰਘ ਸੰਗਰੂਰ, ਭਾਈ ਹਰਮਿੰਦਰ ਸਿੰਘ ਡੱਬਵਾਲੀ ਤੇ ਭਾਈ ਬਲਕਾਰ ਸਿੰਘ ਜਾਮਾਰਾਏ ਨੇ ਸ਼ਹੀਦੀਆਂ ਪਾਈਆਂ। ਸੈਂਕੜੇ ਸਿੱਖ ਜ਼ਖਮੀ ਹੋਏ ਅਤੇ ਸੈਂਕੜਿਆਂ ਸਿੱਖਾਂ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਗਿਆ। ਪਰ ਜਥੇਦਾਰਾਂ ਨੇ ਇਹ ਪੱਥਰ ਦੇ ਬੁੱਤ ਬਣ ਕੇ ਮੂਕ ਧਾਰ ਕੇ ਤੁਹਾਨੂੰ ਪਿੱਠ ਦਿਖਾ ਕੇ ਪੰਥ ਦੀ ਸ਼ਾਨ ਰੋਲੀ।

ਗੁਰੂ ਮਹਾਰਾਜ ਜੀ! ਸੰਗਤ ਨੂੰ ਸ਼ਕਤੀ ਦੇਵੋ ਜੀ ਤਾਂ ਜੋ ਇਨ੍ਹਾਂ ਪੰਥਕ ਸਿਧਾਂਤ ਰੋਲਣ ਵਾਲਿਆਂ ਨੂੰ ਰਾਜਨੀਤਕ ਸ਼ਕਤੀ ਤੋਂ ਹੀਣਾ ਕੀਤਾ ਜਾ ਸਕੇ। ਇਹੀ ਇਨ੍ਹਾਂ ਲਈ ਸਭ ਤੋਂ ਵੱਡੀ ਸਜ਼ਾ ਹੋਵੇਗੀ।

2. ਸੱਚੇ ਪਾਤਸ਼ਾਹ ਜੀ! 1985 ਵਿੱਚ ਜਾਰੀ ਕੀਤੇ ਗਏ ਹੁਕਮਨਾਮੇ ਵਿੱਚ ਕਿਹਾ ਗਿਆ ਸੀ, ਕਿ 'ਕੋਈ ਸਿੰਘ ਜਾਂ ਸਿੰਘਣੀ ਆਪਣੇ ਨਾਮ ਨਾਲ ਜਾਤ ਗੋਤ ਦੀ ਵਰਤੋਂ ਨਾ ਕਰੇ, ਇਹ ਮਨਮਤਿ ਹੈ।' ਪਰ ਇਸ ਹੁਕਮਨਾਮੇ ਨੂੰ ਲਾਗੂ ਨਾ ਕਰਕੇ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਨੀਵਾਂ ਦਿਖਾਇਆ ਗਿਆ।

3. ਸੱਚੇ ਪਾਤਸ਼ਾਹ ਜੀ! ਅਜੋਕੇ ਕਥਿਤ ਅਕਾਲੀ ਸਿਆਸਤਦਾਨ ਆਰ ਐਸ ਐਸ ਦੇ ਗੁਲਾਮ ਹਨ। ਜੋ ਸਿੱਖ ਸਭਿਆਚਾਰ ਤੇ ਗੁਰੂਆਂ ਦੇ ਫਲਸਫੇ ਨੂੰ ਬ੍ਰਾਹਮਣੀ ਸਿਧਾਂਤਾਂ ਅਧੀਨ ਕੁਚਲਣਾ ਚਾਹੁੰਦੇ ਹਨ। ਇਸੇ ਕਰਕੇ ਆਰ.ਐਸ.ਐਸ. ਇਨ੍ਹਾਂ ਜਥੇਦਾਰਾਂ ਰਾਹੀਂ ਤੇ ਸ਼੍ਰੋਮਣੀ ਅਕਾਲੀ ਦਲ ਰਾਹੀਂ ਸ਼ਰੇਆਮ ਸਿੱਖ ਧਰਮ ਵਿੱਚ ਦਖਲ ਅੰਦਾਜੀ ਕਰਦੀ ਰਹਿੰਦੀ ਹੈ। 9 ਦਸੰਬਰ 2000 ਦੇ ਪੰਜਾਬੀ ਟ੍ਰਿਬਿਊਨ ਵਿਚ 'ਅਕਾਲੀ ਦਲ' ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਦਾ ਬਿਆਨ ਸੀ ਕਿ ਆਰ.ਐਸ.ਐਸ. ਵਿਰੁੱਧ ਬਿਆਨ ਦੇਣ ਵਾਲੇ ਪੰਜਾਬ ਦੇ ਦੁਸ਼ਮਣ ਤੇ ਅਮਨ ਨੂੰ ਅੱਗ ਲਾਉਣ ਵਾਲੇ ਹਨ। ਇਸ ਦਾ ਸਾਫ਼ ਅਰਥ ਹੈ ਕਿ ਤੁਹਾਡੇ ਪੰਥ ਨੂੰ ਹਨੇਰੀ ਖੱਡ ਵਿਚ ਕਥਿਤ ਅਕਾਲੀ ਦਲ ਵਲੋਂ ਧਕੇਲਿਆ ਜਾ ਰਿਹਾ ਹੈ।

4. ਲੁਧਿਆਣਾ ਵਿੱਚ 5 ਦਸੰਬਰ 2009 ਨੂੰ ਆਸ਼ੂਤੋਸ਼ ਦੇ ਹੋ ਰਹੇ ਸਮਾਗਮ ਨੂੰ ਰੁਕਵਾਉਣ ਲਈ ਸ਼ਾਂਤਮਈ ਰੋਸ ਮਾਰਚ ਕਰ ਰਹੇ ਸਿੰਘਾਂ ਉਪਰ ਬਾਦਲ ਸਰਕਾਰ ਨੇ ਗੋਲੀਆਂ ਚਲਵਾਈਆਂ ਜਿਸ ਵਿੱਚ ਇੱਕ ਸਿੰਘ ਸ਼ਹੀਦ ਹੋ ਗਿਆ ਤੇ ਦਰਜਨਾਂ ਸਿੰਘ ਜਖਮੀ ਹੋ ਗਏ। ਬਾਦਲ ਪਰਿਵਾਰ ਫਰੀਜ਼ਰ ਵਿਚ ਤਪੱਸਿਆ ਕਰ ਰਹੇ ਆਸ਼ੂਤੋਸ਼ ਦਾ ਸੇਵਕ ਹੈ। ਸੁਰਿੰਦਰ ਕੌਰ ਬਾਦਲ ਆਸ਼ੂਤੋਸ਼ ਸਾਧ ਦੀਆਂ ਚੌਂਕੀਆਂ ਭਰਦੀ ਰਹੀ ਹੈ ਅਤੇ ਜਿਸਨੇ ਡੇਰੇ ਬਣਾਉਣ ਲਈ ਉਸਨੂੰ ਜਮੀਨ ਵੀ ਲੈ ਕੇ ਦਿੱਤੀ। ਬਾਦਲ ਪਰਿਵਾਰ ਸ਼ਰੇਆਮ ਸਿਰਸੇ ਡੇਰੇ ਦੇ ਸੌਦਾ ਸਾਧ ਤੋਂ ਆਸ਼ੀਰਵਾਦ ਲੈਂਦੇ ਰਹੇ ਤੇ ਮੀਰੀ ਪੀਰੀ ਸਿਧਾਂਤਾਂ ਦੇ ਉਲਟ ਸਨਾਤਨੀ ਰੀਤਾਂ ਦੀ ਪਾਲਨਾ ਕਰਕੇ ਹਵਨ ਕਰਦੇ ਰਹੇ ਹਨ। ਗੁਰਮਤਿ ਵਿਰੋਧੀ ਹਰ ਡੇਰੇ ਵਿੱਚ ਇਹ ਕਥਿਤ ਅਕਾਲੀ ਮਹਾਂਰਥੀ ਹਾਜ਼ਰੀ ਭਰਦੇ ਰਹਿੰਦੇ ਹਨ। ਸ੍ਰੀ ਅਕਾਲ ਤਖਤ ਦੇ ਜਥੇਦਾਰ ਵਲੋਂ ਕਦੇ ਇਸ ਮਨਮਤਿ ਦਾ ਵਿਰੋਧ ਨਹੀਂ ਕੀਤਾ।

5. 13 ਅਪ੍ਰੈਲ 1994 ਨੂੰ ਅਕਾਲ ਤਖ਼ਤ ਦੇ ਜਥੇਦਾਰ ਪ੍ਰੋ: ਮਨਜੀਤ ਸਿੰਘ ਨੇ ਹੁਕਮਨਾਮਾ ਜਾਰੀ ਕੀਤਾ ਕਿ ਅਕਾਲ ਤਖ਼ਤ ਸਾਹਿਬ ਦੀ ਵਫ਼ਾਦਾਰੀ ਲਈ ਸਾਰੇ ਅਕਾਲੀ ਦਲਾਂ ਦੇ ਪ੍ਰਧਾਨ ਆਪਣੇ ਅਸਤੀਫ਼ੇ ਲਿਖ ਕੇ ਭੇਜਣ। ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਨੇ ਅਸਤੀਫ਼ੇ ਦੇ ਦਿੱਤੇ ਪਰ ਸ: ਬਾਦਲ ਨੇ ਆਪਣਾ ਅਸਤੀਫ਼ਾ ਦੇਣ ਤੋਂ ਇਨਕਾਰ ਕਰਦਿਆਂ ਜਥੇਦਾਰ ਨੂੰ ਚਿੱਠੀ ਲਿਖੀ ਕਿ ਤੁਸੀਂ ਸਾਡੇ ਕੰਮ ਵਿੱਚ ਦਖ਼ਲ ਨਾ ਦੇਵੋ। 2 ਮਈ 1994 ਨੂੰ ਜਥੇਦਾਰ ਪ੍ਰੋ: ਮਨਜੀਤ ਸਿੰਘ ਨੇ ਪੰਥਕ ਏਕਤਾ ਕਰਵਾਉਣ ਅਤੇ ਪੰਥਕ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਸਾਰੇ ਦਲ ਭੰਗ ਕਰਕੇ ਇੱਕ ਸਾਂਝੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਥਾਪਨਾ ਕੀਤੀ ਤੇ ਨਾਲ ਹੀ ਪ੍ਰਕਾਸ਼ ਸਿੰਘ ਬਾਦਲ ਨੂੰ 6 ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਪੇਸ਼ ਹੋਣ ਲਈ ਕਿਹਾ ਗਿਆ।

ਪ੍ਰਕਾਸ਼ ਸਿੰਘ ਬਾਦਲ ਆਪਣੇ ਹਜ਼ਾਰਾਂ ਬੁਰਛਾਗਰਦਾਂ ਨੂੰ ਨਾਲ ਲੈ ਕੇ ਪਹੁੰਚਿਆ ਜਿਨ੍ਹਾਂ ਨੇ ਜਥੇਦਾਰ ਮਨਜੀਤ ਸਿੰਘ ਨੂੰ ਗਾਲ੍ਹਾਂ ਕੱਢੀਆਂ ਤੇ ਦਰਸ਼ਨੀ ਡਿਉਢੀ ਦੇ ਜਿਸ ਕਮਰੇ ਵਿੱਚ ਉਹ ਆਪਣੀ ਜਾਨ ਬਚਾਉਣ ਲਈ ਛੁਪਿਆ ਸੀ ਉਸ ਦੇ ਦਰਵਾਜ਼ੇ ਨੂੰ ਠੁੱਡੇ ਮਾਰੇ।

6. ਗੁਰੂ ਸਾਹਿਬ ਦੀ ਤਰਜ ਉਤੇ ਆਪਣਾ ਆਗਮਨ-ਪੁਰਬ ਮਨਾਉਣ ਦਾ ਇਸ਼ਤਿਹਾਰ ਦੇਣ ਵਾਲੇ ਗੁਰਇਕਬਾਲ ਸਿੰਘ ਨੂੰ ਨਾਗਪੁਰ ਦੀਆਂ ਹਦਾਇਤਾਂ ਉਤੇ ਗਿਆਨੀ ਗੁਰਬਚਨ ਸਿੰਘ ਨੇ ਪੰਜ ਮਿੰਟਾਂ ਵਿੱਚ ਪਹਿਲਾਂ ਹੀ ਤਹਿ ਪ੍ਰੋਗਰਾਮ ਮੁਤਾਬਿਕ ਕਲੀਨ ਚਿੱਟ ਦੇ ਕੇ ਸੌਦਾ-ਸਾਧ ਦਾ ਕਾਂਡ ਇੱਕ ਵਾਰੀ ਫਿਰ ਸਿਖ ਸੰਗਤਾਂ ਨੂੰ ਯਾਦ ਕਰਵਾ ਦਿੱਤਾ ਹੈ। ਹੁਣ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਸਾਹਿਬਾਨ ਉਪਰ ਕਿੰਤੂ ਪਰੰਤੂ ਕਰਨ ਵਾਲੇ ਪਾਖੰਡੀ ਸਾਧ ਨਰਾਇਣ ਦਾਸ ਨੂੰ ਮਾਫੀ ਦੇਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਤੇ ਸਿੱਖ ਪੰਥ ਨੂੰ ਨੀਵਾਂ ਦਿਖਾਇਆ ਜਾ ਰਿਹਾ ਹੈ। ਤੁਸੀਂ ਬਖਸ਼ਿਸ਼ ਕਰੋ ਤਾਂ ਜੋ ਪੰਥ ਦਾ ਚੋਗਾ ਪਾ ਕੇ ਅਖੌਤੀ ਜਥੇਦਾਰ ਤੇ ਨੀਲੀਆਂ ਪੱਗਾਂ ਵਾਲੇ ਮੀਣੇ ਪੰਥ ਦੇ ਗਲੋਂ ਹਮੇਸ਼ਾ ਲਈ ਲਹਿ ਜਾਣ। ਇਸ ਲਈ ਸੰਗਤ ਨੂੰ ਸ਼ਕਤੀ ਬਖਸ਼ੋ। ਹੇ ਸੱਚੇ ਪਾਤਸ਼ਾਹ! ਆਪਣੇ ਪੰਥ ਉੱਪਰ ਮਿਹਰ ਭਰਿਆ ਹੱਥ ਰੱਖੋ।

### ਗੁਰੂ ਪੰਥ ਦੇ ਦਾਸ

ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਸ੍ਰੀ ਦਮਦਮਾ ਸਾਹਿਬ, ਪਰਮਿੰਦਰਪਾਲ ਸਿੰਘ ਖਾਲਸਾ ਸੂਬਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਜਸਵਿੰਦਰ ਸਿੰਘ ਐਡਵੋਕੇਟ ਅਕਾਲ ਪੁਰਖ ਕੀ ਫ਼ੌਜ, ਕੁਲਜੀਤ ਸਿੰਘ ਅਕਾਲ ਪੁਰਖ ਕੀ ਫ਼ੌਜ, ਸੁਰਿੰਦਰਪਾਲ ਸਿੰਘ ਗੋਲਡੀ, ਸੀਨੀਅਰ ਮੀਤ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਗੁਰਬਚਨ ਸਿੰਘ ਦੇਸ ਪੰਜਾਬ ਮੈਂਬਰ ਗਿਆਨੀ ਦਿੱਤ ਸਿੰਘ ਸਾਹਿਤ ਸਭਾ, ਪ੍ਰੋ. ਬਲਵਿੰਦਰਪਾਲ ਸਿੰਘ ਮੈਂਬਰ ਗਿਆਨੀ ਦਿੱਤ ਸਿੰਘ ਸਾਹਿਤ ਸਭਾ, ਇੰਦਰਜੀਤ ਸਿੰਘ ਰਾਣਾ, ਅਮਰਜੀਤ ਸਿੰਘ ਚੋਤਾਂ ਕਲਾਂ, ਪ੍ਰਭਸ਼ਰਨ ਸਿੰਘ ਲੁਧਿਆਣਾ, ਮਨਪ੍ਰੀਤ ਸਿੰਘ ਹੁਸ਼ਿਆਰਪੁਰ, ਰਛਪਾਲ ਸਿੰਘ ਹੁਸ਼ਿਆਰਪੁਰ, ਗੁਰਚਰਨ ਸਿੰਘ ਬਸਿਆਲਾ, ਸਤਨਾਮ ਸਿੰਘ ਦੁਆਬਾ, ਖੁਸ਼ਹਾਲ ਸਿੰਘ ਚੰਡੀਗੜ੍ਹ।

*ਮਾਮਲਾ ਭਾਰਤ ਵਿਚ ਘੱਟ ਰਹੀ ਸਿੱਖਾਂ ਦੀ ਆਬਾਦੀ ਦਾ*

# ਘੱਟ ਗਿਣਤੀ ਕਮਿਸ਼ਨ ਨੇ ਪ੍ਰਗਟਾਈ ਗੰਭੀਰ ਚਿੰਤਾ

**ਲੁਧਿਆਣਾ/ਬਿਊਰੋ ਨਿਊਜ਼:**
ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਮਨਜੀਤ ਸਿੰਘ ਰਾਏ ਨੇ ਇੱਥੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਉਚ-ਪੱਧਰੀ ਮੀਟਿੰਗ ਕਰਨ ਤੋਂ ਬਾਅਦ ਕਿਹਾ ਕਿ 1941 ਦੀ ਜਨਗਣਨਾ ਦੌਰਾਨ ਦੇਸ਼ ਵਿਚ ਸਿੱਖਾਂ ਦੀ ਗਿਣਤੀ 1.89 ਫ਼ੀਸਦੀ ਸੀ, ਪਰ ਹੁਣ 2011 ਦੀ ਜਨਗਣਨਾ ਅਨੁਸਾਰ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਣ ਦੀ ਬਜਾਏ ਆਬਾਦੀ ਘਟ ਕੇ 1.72 ਫ਼ੀਸਦੀ (2.08 ਕਰੋੜ) ਰਹਿ ਗਈ ਹੈ, ਜੋ ਗੰਭੀਰ ਚਿੰਤਾ ਵਾਲੀ ਗੱਲ ਹੈ।
ਸ. ਰਾਏ ਨੇ ਕਿਹਾ ਕਿ ਦੇਸ਼ ਵਿਚ 2011 ਦੀ ਜਨਗਣਨਾ ਅਨੁਸਾਰ ਘੱਟ ਗਿਣਤੀਆਂ ਦੀ ਆਬਾਦੀ 20.20 ਫ਼ੀਸਦੀ ਹੈ, ਜਿਸ ਵਿਚ ਮੁਸਲਮਾਨਾਂ ਦੀ ਆਬਾਦੀ 17.22 ਕਰੋੜ (14.23 ਫ਼ੀਸਦੀ), ਇਸਾਈਆਂ ਦੀ ਆਬਾਦੀ 2.78 ਕਰੋੜ (2.30 ਫ਼ੀਸਦੀ), ਬੋਧੀਆਂ ਦੀ 84.43 ਲੱਖ (0.70 ਫ਼ੀਸਦੀ), ਜੈਨੀਆਂ ਦੀ ਆਬਾਦੀ 44.52 ਲੱਖ (0.37 ਫ਼ੀਸਦੀ) ਤੇ ਪਾਰਸੀਆਂ ਦੀ ਆਬਾਦੀ 57 ਹਜ਼ਾਰ 264 ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੋ ਵੀ ਦੇਸ਼ ਦੇ ਘੱਟ ਗਿਣਤੀ ਲੋਕਾਂ ਦੀ ਸਹੂਲਤ ਲਈ ਯੋਜਨਾਵਾਂ ਤੇ ਸਕੀਮਾਂ ਲਿਆਂਦੀਆਂ ਗਈਆਂ ਹਨ, ਉਨ੍ਹਾਂ ਨੂੰ ਲੋਕਾਂ ਤੱਕ ਸਹੀ ਤਰੀਕੇ ਨਾਲ ਪੁੱਜਦਾ ਕਰਨ ਲਈ ਦੇਸ਼ ਭਰ ਵਿਚ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ।

# ਸਿੱਖ ਦਲਿਤਾਂ ਨੂੰ ਪੰਜਾਬੋਂ ਬਾਹਰਲੇ ਸੂਬਿਆਂ ਵਿਚ ਨਹੀਂ ਮਿਲੀ ਸਹੂਲਤ

*ਪ੍ਰਧਾਨ ਮੰਤਰੀ ਕੋਲ ਮਾਮਲਾ ਉਠਾਉਣਗੇ ਗੁਲਜ਼ਾਰ ਸਿੰਘ ਰਾਣੀਕੇ*

**ਜਲੰਧਰ/ਬਿਊਰੋ ਨਿਊਜ਼ :**
ਸਿੱਖਾਂ ਨਾਲ ਸਬੰਧਿਤ ਦਲਿਤ ਸਮਾਜ ਨੂੰ ਰਾਂਖਵੇਕਰਨ ਸਮੇਤ ਹਰ ਤਰ੍ਹਾਂ ਕੋਈ ਵੀ ਸਹੂਲਤ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਨਹੀਂ ਮਿਲਦੀ। ਪੰਜਾਬ ਅੰਦਰ ਰਾਮਦਾਸੀਆ ਸਿੱਖ, ਰਵਿਦਾਸੀਆ ਸਿੱਖ, ਮਜ਼੍ਹਬੀ ਸਿੱਖ ਤੇ ਰਾਏ ਸਿੱਖ ਆਦਿ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਹਨ ਤੇ ਉਨ੍ਹਾਂ ਸਾਰਿਆਂ ਨੂੰ ਅਨੁਸੂਚਿਤ ਜਾਤੀਆਂ ਵਾਲੀਆਂ ਸਹੂਲਤਾਂ ਹਾਸਲ ਹਨ। ਭਾਰਤ ਅੰਦਰ ਵੱਖ-ਵੱਖ ਰਾਜਾਂ ਵਿਚ ਰਾਜ ਸਰਕਾਰਾਂ ਵੱਖ-ਵੱਖ ਜਾਤਾਂ ਨੂੰ ਦਰਜਾਬੰਦ ਕਰਦੀਆਂ ਹਨ। ਹਾਸਲ ਜਾਣਕਾਰੀ ਅਨੁਸਾਰ 1950 ਵਿਚ ਭਾਰਤੀ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਪੰਜਾਬ ਸਮੇਤ ਪੂਰੇ ਦੇਸ਼ ਵਿਚ ਸਿੱਖ ਕਹਾਉਣ ਵਾਲੇ ਕਿਸੇ ਵੀ ਨਾਗਰਿਕ ਨੂੰ ਅਨੁਸੂਚਿਤ ਜਾਤੀਆਂ ਵਾਲੀ ਸਹੂਲਤ ਨਹੀਂ ਸੀ। ਪਤਾ ਲੱਗਾ ਹੈ ਕਿ ਪੰਜਾਬ ਅੰਦਰ ਸਿੱਖਾਂ ਨਾਲ ਸਬੰਧਿਤ ਪਛੜੇ ਵਰਗਾਂ ਅੰਦਰ ਜਦ ਇਸ ਗੱਲ ਨੂੰ ਲੈ ਕੇ ਚਿੰਤਾ ਤੇ ਰੋਸ ਪੈਦਾ ਹੋਇਆ ਤਾਂ ਉਸ ਸਮੇਂ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੇ ਦਲਿਤ ਸਿੱਖਾਂ

**ਬਾਕੀ ਸਫ਼ਾ 32 'ਤੇ**

# ਕੈਨੇਡਾ ਵਿਚਲੇ 9 ਨਸ਼ਾ ਸਮੱਗਲਰਾਂ ਨੂੰ ਭਾਰਤ ਲਿਆਉਣ ਦੀ ਤਿਆਰੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿੱਚ ਨਸ਼ੇ ਦੇ ਹਜ਼ਾਰਾਂ ਕਰੋੜ ਦੇ ਕਾਰੋਬਾਰ ਮਾਮਲੇ ਵਿਚ ਸੁਣਵਾਈ ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਕੈਨੇਡਾ ਤੋਂ ਇਹ ਕਾਰੋਬਾਰ ਚਲਾ ਰਹੇ ਨੌਂ ਤਸਕਰਾਂ ਦੇ ਹਵਾਲੇ ਦੇ ਲਈ ਕੇਂਦਰ ਨੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਵਿਦੇਸ਼ ਵਿਭਾਗ ਵਿਚ ਅੰਡਰ ਸੈਕੇਟਰੀ ਨੇ ਹਾਈ ਕੋਰਟ ਵਿਚ ਹਲਫਨਾਮਾ ਦਾਇਰ ਕਰਕੇ ਇਸ ਬਾਰੇ ਵਿਚ ਜਾਣਕਾਰੀ ਦਿੱਤੀ ਹੈ। ਇਸ 'ਤੇ ਹਾਈਕੋਰਟ ਨੇ ਹਵਾਲੇ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ ਹਨ।
ਮਾਮਲੇ ਦੀ ਸੁਣਵਾਈ ਆਰੰਭ ਹੁੰਦੇ ਹੀ ਹਾਈ ਕੋਰਟ ਵਿਚ ਐਸ. ਆਈ.ਟੀ. ਵੱਲੋਂ ਮਜੀਠੀਆ ਦੇ ਬਾਰੇ ਵਿਚ ਸੌਂਪੀ ਗਈ ਰਿਪੋਰਟ 'ਤੇ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਪੰਜਾਬ ਦੇ ਗ੍ਰਹਿ ਸਕੱਤਰ ਐਨ.ਐਸ. ਕਲਸੀ ਤੇ ਡੀ.ਜੀ.ਪੀ. ਸੁਰੇਸ਼ ਅਰੋੜਾ ਦੇ ਸੀਲਬੰਦ ਓਪੀਨੀਅਨ ਸੌਂਪ ਦਿੱਤੇ। ਇਸ ਰਿਪੋਰਟ ਵਿਚ ਪੰਜਾਬ ਸਰਕਾਰ ਦੀ ਰਾਏ ਅਤੇ ਇਸ ਮਾਮਲੇ ਵਿਚ ਅੱਗੇ ਦੀ ਕੀ ਕਾਰਵਾਈ ਕਰਨ ਦੀ ਯੋਜਨਾ ਹੈ, ਇਸ ਦੀ ਜਾਣਕਾਰੀ ਦਿੱਤੀ ਗਈ ਹੈ। ਈ.ਡੀ. ਨੇ ਹੀ ਆਪਣੀ ਰਿਪੋਰਟ ਵਿਚ ਮਜੀਠੀਆ ਤੋਂ ਅੱਗੇ ਪੁੱਛਗਿਛ ਕੀਤੀ ਅਤੇ ਐਸ.ਟੀ.ਐਫ ਨੇ ਵੀ ਈ.ਡੀ. ਦੀ ਰਾਏ 'ਤੇ ਸਹਿਮਤੀ ਜਤਾਈ ਸੀ। ਹਾਈਕੋਰਟ ਨੇ ਇਸ 'ਤੇ ਪੰਜਾਬ ਤੋਂ ਜਵਾਬ ਮੰਗਿਆ ਸੀ ਜੋ ਬੁੱਧਵਾਰ ਨੂੰ ਪੰਜਾਬ ਨੇ ਸੀਲਬੰਦ ਲਿਫਾਫੇ ਵਿਚ ਸੌਂਪ ਦਿੱਤੀ। ਜਸਟਿਸ ਸੂਰਯਕਾਂਤ ਅਤੇ ਜਸਟਿਸ ਸ਼ੇਖਰ ਧਵਨ ਦੇ ਬੈਂਚ ਨੇ ਇਸ ਨੂੰ ਪੜ੍ਹ ਕੇ ਫਿਰ ਸੀਲ ਕਰਨ ਦੇ ਆਦੇਸ਼ ਦਿੱਤੇ ਗਏ। ਇਸ ਦੌਰਾਨ ਵਿਦੇਸ਼ਾਂ ਵਿਚ ਬੈਠੇ ਨਸ਼ੇ ਦੇ ਤਸਕਰਾਂ ਦਾ ਮੁੱਦਾ ਚੁੱਕਿਆ ਗਿਆ ਤਾਂ ਕੇਂਦਰ ਸਰਕਾਰ ਨੇ ਦੱਸਿਆ ਕਿ ਕੈਨੇਡਾ ਪ੍ਰਸ਼ਾਸਨ ਤੋਂ ਰੰਜੀਤ ਸਿੰਘ ਓਜਲਾ, ਗੁਰਸੇਵਕ ਸਿੰਘ, ਢਿਲੋਂ ਨਿਰੰਕਾਰ ਸਿੰਘ ਢਿਲੋ, ਸਰਬਜੀਤ ਸਿੰਘ, ਆਦਿ ਦੇ ਬਾਰੇ ਵਿਚ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਇਸ 'ਤੇ ਜਲਦ ਤੋਂ ਜਲਦ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ।




## ਡੀਜੀਪੀ ਚਟੋਪਾਧਿਆਏ ਨੇ ਹਾਈ ਕੋਰਟ ਨੂੰ ਸੌਂਪੀ ਰਿਪੋਰਟ

ਪੰਜਾਬ ਵਿੱਚ ਨਸ਼ਾ ਤਸਕਰੀ ਵਿੱਚ ਪੁਲੀਸ ਅਧਿਕਾਰੀਆਂ ਦੀ ਸ਼ਮੂਲੀਅਤ ਸਬੰਧੀ ਜਾਂਚ ਰਿਪੋਰਟ ਪੰਜਾਬ ਪੁਲੀਸ ਦੇ ਡੀਜੀਪੀ ਸਿਧਾਰਥ ਚਟੋਪਾਧਿਆਏ ਨੇ ਮੋਹਰਬੰਦ ਲਿਫਾਫੇ ਵਿੱਚ ਹਾਈ ਕੋਰਟ ਨੂੰ ਸੌਂਪ ਦਿੱਤੀ ਹੈ। ਡੀਜੀਪੀ ਨੇ ਦਾਅਵਾ ਕੀਤਾ ਸੀ ਕਿ ਉਸ ਦੇ ਵੱਲੋਂ ਐੱਸਐੱਸਪੀ ਵਿਰੁੱਧ ਆਰੰਭੀ ਜਾਂਚ ਉਸ ਨੂੰ ਪੰਜਾਬ ਪੁਲੀਸ ਦੇ ਹੋਰ ਸੀਨੀਅਰ ਅਧਿਕਾਰੀਆਂ ਤੱਕ ਲੈ ਗਈ ਹੈ। ਇਸ ਰਿਪੋਰਟ ਉੱਤੇ ਸਿਰਫ ਡੀਜੀਪੀ ਦੇ ਹੀ ਹਸਤਾਖ਼ਰ ਹਨ। ਇਸ ਤੋਂ ਪਹਿਲਾਂ ਵੀ ਉਨ੍ਹਾਂ ਦੀ ਅਗਵਾਈ ਵਿੱਚ ਨਸ਼ਾ ਤਸਕਰੀ ਬਾਰੇ ਇੱਕ ਜਾਂਚ ਰਿਪੋਰਟ ਹਾਈ ਕੋਰਟ ਵਿੱਚ ਸੌਂਪੀ ਗਈ ਹੈ। ਇਹ ਰਿਪੋਰਟ ਪਹਿਲੀ ਰਿਪੋਰਟ ਦਾ ਵਾਧਾ ਹੀ ਹੈ।
ਦੋਵੇਂ ਰਿਪੋਰਟਾਂ ਹੀ 8 ਮਈ ਨੂੰ ਅਦਾਲਤ ਵਿੱਚ ਸੁਣਵਾਈ ਲਈ ਪੇਸ਼ ਕੀਤੀਆਂ ਗਈਆਂ ਹਨ। ਇਹ ਰਿਪੋਰਟਾਂ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਸ਼ੇਖਰ ਧਵਨ ਦੇ ਬੈਂਚ ਹਵਾਲੇ ਕੀਤੀਆਂ ਗਈਆਂ ਹਨ। ਅਦਾਲਤ ਨੇ ਆਪਣੇ ਹੁਕਮਾਂ ਵਿੱਚ ਦਰਜ ਕੀਤਾ ਹੈ ਕਿ ਚਟੋਪਾਧਿਆਏ ਵੱਲੋਂ ਦਰਜ ਕਰਵਾਈ ਰਿਪੋਰਟ ਵਿੱਚ ਵਿਸ਼ੇਸ਼ ਜਾਂਚ ਟੀਮ ਦੇ ਬਾਕੀ ਦੇ ਦੋ ਮੈਂਬਰਾਂ ਦੇ ਹਸਤਾਖ਼ਰ ਨਹੀ ਹਨ। ਅਦਾਲਤ ਨੇ ਕਿਹਾ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਇਸ ਤੋਂ ਪਹਿਲਾਂ ਵੀ ਪਹਿਲੀ ਫਰਵਰੀ ਅਤੇ 15 ਮਾਰਚ ਨੂੰ ਦੋ ਜਾਂਚ ਰਿਪੋਰਟਾਂ ਅਦਾਲਤ ਵਿੱਚ ਸੌਂਪੀਆਂ ਹਨ। ਸਾਰੀਆਂ ਰਿਪੋਰਟਾਂ ਦੀ ਪੜਤਾਲ ਕੀਤੇ ਜਾਣ ਦੀ ਲੋੜ ਹੈ ਕਿ ਇਨ੍ਹਾਂ ਰਿਪੋਰਟਾਂ ਵਿੱਚ ਹਾਈ ਕੋਰਟ ਵੱਲੋਂ ਉਠਾਏ ਮੁੱਦੇ ਅਤੇ ਵਿਸ਼ੇਸ਼ ਜਾਂਚ ਟੀਮ ਨੂੰ ਦਿੱਤੇ ਕਾਰਜ ਉੱਤੇ ਕੀ ਪ੍ਰਗਤੀ ਹੋਈ ਹੈ। ਹਾਈ ਕੋਰਟ ਨੇ ਸ੍ਰੀ ਚਟੋਪਾਧਿਆਏ ਸਮੇਤ ਦੋ ਹੋਰ ਪੁਲੀਸ ਅਧਿਕਾਰੀਆਂ ਨੂੰ ਐੱਸਐੱਸਪੀ ਰਾਜਜੀਤ ਸਿੰਘ ਹੁੰਦਲ ਦੀ ਨਸ਼ਾ ਤਸਕਰੀ ਵਿੱਚ ਕਥਿਤ ਸ਼ਮੂਲੀਅਤ ਦੀ ਜਾਂਚ ਕਰਨ ਦੀ ਜਿੰਮੇਵਾਰੀ ਸੌਂਪੀ ਸੀ। ਇਸ ਦੌਰਾਨ ਉਸਦੀ ਇੰਸਪੈਕਟਰ ਇੰਦਰਜੀਤ ਸਿੰਘ ਦੇ ਨਾਲ ਕਥਿਤ ਸਬੰਧਾਂ ਦੀ ਵੀ ਜਾਂਚ ਕੀਤੀ ਜਾਣੀ ਸੀ।

# ਪੰਜਾਬੀ ਅਮਰੀਕਨ ਹੈਰੀਟੇਜ ਸੋਸਾਇਟੀ ਯੂਬਾ ਸਿਟੀ ਦੇ ਸਭਿਆਚਾਰਕ ਮੇਲੇ 'ਚ ਲੱਗੀਆਂ ਖ਼ੂਬ ਰੌਣਕਾਂ



**ਯੂਬਾ ਸਿਟੀ/ਹੁਸਨ ਲੜੋਆ ਬੰਗਾ :**
ਹਰ ਵਰ੍ਹੇ ਕਰਵਾਏ ਜਾਂਦੇ ਯੂਬਾ ਸਿਟੀ ਵਿਚ ਸਭਿਆਚਾਰਕ ਮੇਲੇ ਦੌਰਾਨ ਐਤਕਾਂ ਵੀ ਕਾਫ਼ੀ ਕੁਝ ਵੇਖਣ ਨੂੰ ਮਿਲਿਆ। ਮੁੱਖ ਕਲਾਕਾਰਾਂ ਨੇ ਵੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਪੰਜਾਬੀ ਅਮਰੀਕਨ ਹੈਰੀਟੇਜ ਸੋਸਾਇਟੀ ਵਲੋਂ ਕਰਵਾਏ ਜਾਂਦੇ ਇਸ ਸਭਿਆਚਾਰਕ ਪ੍ਰੋਗਰਾਮ ਵਿਚ ਸ਼ੁਰੂਆਤ ਨੈਸ਼ਨਲ ਐਂਥਮ ਤੋਂ ਹੋਈ ਅਤੇ ਸ਼ਬਦ ਗਾਇਨ ਕੀਤਾ ਗਿਆ। ਇਸ ਤੋਂ ਬਾਅਦ ਸਭਿਆਚਾਰਕ ਵੰਨਗੀਆਂ ਦੀ ਸ਼ੁਰੂਆਤ ਰੰਗਲਾ ਪੰਜਾਬ ਯੂਬਾ ਸਿਟੀ ਤੋਂ ਹੋਈ ਜਿਸ ਨੂੰ ਹਰਲੀਨ ਕੌਰ ਅਤੇ ਹਰਜੀਤ ਸਿੰਘ ਨੇ ਤਿਆਰ ਕੀਤਾ ਸੀ। ਗੱਭਰੂ ਪੰਜਾਬ ਦੇ ਜਿਸ ਨੂੰ ਹਰਸਿਮਰਨ ਕੌਰ ਅਤੇ ਹਰਜੀਤ ਸਿੰਘ ਨੇ ਤਿਆਰ ਕੀਤਾ ਸੀ। ਪੰਜਾਬ ਦਾ ਮਾਣ ਰੋਜ਼ਵਿਲ ਵਲੋਂ ਆਈਟਮ ਤਿਆਰ ਕੀਤੀ ਗਈ ਜਿਸ ਨੂੰ ਰੇਜ਼ੁਲ ਬੈਂਸ ਅਤੇ ਜੀਵਨਜੋਤ ਭੁੱਲਰ ਨੇ ਤਿਆਰ ਕੀਤਾ ਸੀ। ਰੌਣਕ ਪੰਜਾਬ ਦੀ ਯੂਬਾ ਸਿਟੀ ਦੇ ਬੱਚਿਆਂ ਵਲੋਂ ਪੇਸ਼ ਕੀਤੀ ਗਈ। ਨੱਚਦਾ ਸੰਸਾਰ ਯੂਬਾ ਸਿਟੀ ਦੇ ਬੱਚਿਆਂ ਵਲੋਂ ਪੇਸ਼ ਕੀਤਾ ਗਿਆ। ਨੱਚ ਦੀਆਂ ਕਲੀਆਂ ਆਈਟਮ ਬੱਚੀਆਂ ਵਲੋਂ ਪੇਸ਼ ਕੀਤੀ ਗਈ। ਇਸ ਦੌਰਾਨ ਪੰਜਾਬ ਦੀਆਂ ਮੁਟਿਆਰਾਂ ਆਈਟਮ ਰੋਜ਼ਵਿਲ ਦੀਆਂ ਕੁੜੀਆਂ ਵਲੋਂ ਪੇਸ਼ ਕੀਤੀ ਗਈ, ਜਿਸ ਨੂੰ ਸੁਮਨ ਕੰਗ ਨੇ ਪੇਸ਼ ਕੀਤਾ। ਮਾਣ ਪੰਜਾਬ ਦਾ ਯੂਬਾ ਸਿਟੀ ਦੇ ਲੜਕਿਆਂ ਦੀ ਆਈਟਮ ਸਲਾਹੁਣਯੋਗ ਸੀ। ਸਾਡਾ ਵਿਰਸਾ ਯੂਬਾ ਸਿਟੀ ਦੇ ਮੁੰਡਿਆਂ ਵਲੋਂ ਪੇਸ਼ ਕੀਤੀ ਗਈ। ਸ਼ੌਕੀਨ ਮਜਾਜਣਾਂ ਕੁੜੀਆਂ ਦੀ ਆਈਟਮ ਨੇ ਦਰਸ਼ਕਾਂ ਵਿਚ ਚੰਗੀ ਛਾਪ ਛੱਡੀ। ਇਸ ਤੋਂ ਇਲਾਵਾ ਮਹਿਕ ਪੰਜਾਬ ਦੀ, ਅਣਖ-ਏ-ਪੰਜਾਬ, ਨੈਕਸਟ ਜਨਰੇਸ਼ਨ, ਭੰਗੜਾ ਬੇ-ਏਰੀਆ, ਵਿਰਸਾ ਪੰਜਾਬ ਦਾ ਰੋਜ਼ਵਿਲ, ਯਾਰ ਅਣਮੁੱਲੇ ਯੂਬਾ ਸਿਟੀ, ਅੱਡੀ ਟੱਪਾ ਯੂਬਾ ਸਿਟੀ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਸਮਾਗਮ ਵਿਚ ਜੋ ਖਿੱਚ ਦਾ ਕੇਂਦਰ ਬਣਿਆ 'ਯੂਬਾ ਸਿਟੀ ਦੀਆਂ ਮੁਟਿਆਰਾਂ ਦਾ ਗਿੱਧਾ' ਨੇ ਪੰਜਾਬ ਵਿਚ ਪੈਂਦੇ ਗਿੱਧਿਆਂ ਦੀ ਧਮਾਲ ਨੂੰ ਯਾਦ ਕਰਵਾ ਦਿੱਤਾ। ਇਸ ਦੌਰਾਨ ਵੱਖ-ਵੱਖ ਮਹਿਮਾਨਾਂ ਨੂੰ ਅਤੇ ਸਮਾਜ ਵਿਚ ਵੱਖ ਵੱਖ ਕਾਰਜਾਂ ਰਾਹੀਂ ਹਿੱਸਾ ਪਾਉਣ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਸਟੇਜ ਤੋਂ ਸਨਮਾਨਿਤ ਕੀਤਾ ਗਿਆ। ਇਸ ਵਾਰ ਸਟੇਜ ਦੀ ਕਾਰਵਾਈ ਬੀਬੀ ਹਰਜੀਤ ਉੱਪਲ ਨੇ ਬਾਖੂਬੀ ਨਿਭਾਉਂਦਿਆਂ ਕਲਾਕਾਰਾਂ ਅਤੇ ਮਹਿਮਾਨਾਂ ਨੂੰ ਪੇਸ਼ ਕੀਤਾ। ਸਭਿਆਚਾਰਕ ਪ੍ਰੋਗਰਾਮ ਦੇ ਅਖੀਰਲੇ ਪੜਾਅ ਵਿਚ ਮੁੱਖ ਕਲਾਕਾਰਾਂ ਨੂੰ ਪੇਸ਼ ਕੀਤਾ ਗਿਆ, ਜਿਨ੍ਹਾਂ ਵਿਚ ਕੁਲਵਿੰਦਰ ਬਿੱਲਾ, ਰਾਜਵੀਰ ਜਵੰਦਾ ਨੇ ਆਪਣੇ ਲੋਕ ਪ੍ਰੀਆ ਅਤੇ ਚਰਚਿਤ ਗੀਤ ਗਾਏ। ਪਰ ਇਹ ਸਮਝ ਤੋਂ ਬਾਹਰ ਸੀ ਕਿ ਰੁਪਾਲੀ ਤੇ ਸ਼ਿਵਜੋਤ ਨੇ ਬਾਕੀ ਕਲਾਕਾਰਾਂ ਦੇ ਗਾਏ ਗੀਤ ਅਤੇ ਉਨ੍ਹਾਂ ਦੀਆਂ ਧੁਨਾਂ ਸੁਣਾ ਕੇ ਚਲਦੇ ਬਣੇ। ਇਨ੍ਹਾਂ ਕਲਾਕਾਰਾਂ ਨੇ ਪੁਰਾਣੇ ਗਾਇਕਾਂ ਦੇ ਗੀਤ ਹੀ ਗਾਏ। ਇਨ੍ਹਾਂ ਕਲਾਕਾਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਜਦੋਂ ਉਹ ਸੱਤ ਸਮੁੰਦਰੋਂ ਪਾਰ ਆਉਣ ਤਾਂ ਆਪਣੇ ਗੀਤਾਂ ਦੀ ਤਿਆਰੀ ਕਰਕੇ ਬਾਹਰਲੇ ਦਰਸ਼ਕਾਂ ਦਾ ਜੋ ਪੈਸੇ ਖਰਚ ਕੇ ਉਨ੍ਹਾਂ ਨੂੰ ਸੁਣਨ ਜਾਂਦੇ ਹਨ, ਦਾ ਨਵੇਂ ਗੀਤਾਂ ਨਾਲ ਮਨੋਰੰਜਨ ਕਰਨ। ਇਸ ਵਾਰ ਦਰਸ਼ਕਾਂ ਦੀ ਗਿਣਤੀ ਵੀ ਪਿਛਲੇ ਸਾਲਾਂ ਨਾਲੋਂ ਘੱਟ ਰਹੀ ਜਿਸ ਦਾ ਮੁੱਖ ਕਾਰਨ ਪ੍ਰਬੰਧਕੀ ਢਾਂਚਾ ਅਤੇ ਪੰਜਾਬੀ ਮੀਡੀਏ ਵਿਚ ਮੇਲੇ ਦਾ ਨਾਮਾਤਰ ਪ੍ਰਚਾਰ ਹੈ।

# ਪੁੱਤਰ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸੁਖਮਨੀ ਸਾਹਿਬ ਦੇ ਪਾਠ ਕਰਵਾਏ





**ਮਿਲਪੀਟਸ/ਬਿਊਰੋ ਨਿਊਜ਼ :** ਸਿੱਖ ਭਾਈਚਾਰੇ ਦੇ ਜਾਣੇ ਪਛਾਣੇ ਸ. ਦਲਜੀਤ ਸਿੰਘ ਮਾਵੀ ਵਲੋਂ ਆਪਣੇ ਸਪੁੱਤਰ ਸ. ਰੁਬਲਪ੍ਰੀਤ ਸਿੰਘ ਦੇ 18ਵੇ ਜਨਮ ਦਿਨ ਦੀ ਖੁਸ਼ੀ ਵਿੱਚ ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਰਤਨ ਤੇ ਢਾਡੀ ਦਰਬਾਰ ਸਜਾਏ ਗਏ ਜਿਸ ਵਿੱਚ ਮਾਵੀ ਪਰਿਵਾਰ ਦੇ ਸੱਦੇ ਤੇ ਬੇ ਏਰੀਆ ਦੀਆਂ ਸੰਗਤਾਂ ਨੇ ਹੁੰਮ ਹੁਮਾ ਕੇ ਹਾਜ਼ਰੀਆਂ ਭਰੀਆਂ ਤੇ ਸ ਰੁਬਲਪ੍ਰੀਤ ਸਿੰਘ ਦੇ ਭਵਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕੀਤੀ ਗਈ।
ਇਸ ਵਿਸ਼ੇਸ਼ ਮੌਕੇ ਤੇ ਕੈਲੀਫੋਰਨੀਆ ਦੇ ਗਵਰਨਰ ਦੇ ਅਹੁਦੇ ਲਈ ਚੋਣਲੜ ਰਹੀ ਬੀਬੀ ਮਿਸ ਇਲੇਨੀ ਕੌਨਾਲਾਕਿਸ (Miss Eleni Kounalakis) ਤੇ ਸਟੇਟ ਇੰਸ਼ੋਰੈਂਸ ਕਮਿਸ਼ਨਰ ਲਈ ਇਲੈਕਸ਼ਨ ਲੜ ਰਹੇ ਜਨਾਬ ਆਸਿਫ਼ ਮਹਿਮੂਦ ਦਾ ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

# 'ਰੋਇਲ ਕਿੰਗ' ਯੂ.ਐਸ.ਏ. ਨੇ ਕੈਨੇਡਾ ਨੂੰ ਹਰਾ ਕੇ ਜਿੱਤਿਆ ਯੂਬਾ ਸਿਟੀ ਕਬੱਡੀ ਕੱਪ

**ਯੂਬਾ ਸਿਟੀ/ਹੁਸਨ ਲੜੋਆ ਬੰਗਾ :** ਯੂਬਾ ਸਿਟੀ 'ਚ ਤੀਸਰੇ ਕਬੱਡੀ ਕੱਪ ਦੌਰਾਨ ਐਤਕਾਂ ਵੀ ਫਸਵੀਂ ਕਬੱਡੀ ਦੇਖਣ ਨੂੰ ਮਿਲੀ। ਖਾਸ ਤੌਰ 'ਤੇ ਚਾਰ ਟੀਮਾਂ ਸੀਨੀਅਰ ਜਿਨ੍ਹਾਂ 'ਚ ਰੋਇਲ ਕਿੰਗ ਅਮਰੀਕਾ, ਕੈਨੇਡਾ, ਟੀਮ ਮਿਡਵੈਸਟ, ਟੀਮ ਇੰਡੀਆ ਨੇ ਹਿੱਸਾ ਲਿਆ। ਇਸ ਤੋਂ ਇਲਾਵਾ ਅੰਡਰ 25 ਟੀਮਾਂ ਨੇ ਵੱਖਰੇ ਤੌਰ 'ਤੇ ਭਾਗ ਲਿਆ। ਓਪਨ ਕਬੱਡੀ ਵਿਚ ਰੋਇਲ ਕਿੰਗ ਨੇ ਕੈਨੇਡਾ ਨੂੰ ਫਸਵੇਂ ਮੈਚ ਦੌਰਾਨ ਹਰਾਇਆ ਅਤੇ ਕੈਨੇਡਾ ਨੂੰ ਦੂਜੇ ਥਾਂ 'ਤੇ ਹੀ ਸਬਰ ਕਰਨਾ ਪਿਆ। ਇਸ ਤੋਂ ਇਲਾਵਾ ਅੰਡਰ 25 ਵਿਚ ਖ਼ਾਲਸਾ ਸਪੋਰਟਸ ਕਲੱਬ ਨੇ ਖ਼ਾਲਸਾ ਵੌਰੀਅਰਜ਼ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ 21 ਵਿਚ ਕੈਲੀ ਸਪੋਰਟਸ ਕਲੱਬ ਨੇ ਖ਼ਾਲਸਾ ਵੌਰੀਅਰਜ਼ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਇਹ ਕਬੱਡੀ ਕੱਪ ਸਰਬਜੀਤ ਥਿਆੜਾ, ਯੂਨੀਅਰ ਥਿਆੜਾ ਅਤੇ ਹਰਮਨ ਥਿਆੜਾ ਅਤੇ ਥਿਆੜਾ ਪਰਿਵਾਰ ਵਲੋਂ ਹਰ ਸਾਲ ਕਰਵਾਇਆ ਜਾਂਦਾ ਹੈ।
ਇਸ ਵਾਰ ਇਸ ਕਬੱਡੀ ਕੱਪ ਨੂੰ ਦੇਖਣ ਲਈ ਵਿਸ਼ੇਸ਼ ਮਹਿਮਾਨਾਂ ਵਿਚ ਐਸ.ਪੀ. ਕੁਲਵੰਤ ਸਿੰਘ ਹੀਰ, ਸੁਰਜਨ ਸਿੰਘ ਚੱਠਾ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ, ਸੁਰਿੰਦਰ ਸਿੰਘ ਅਟਵਾਲ, ਅਮਰੀਕਾਂ ਕਬੱਡੀ ਫੈਡਰੇਸ਼ਨ, ਕੁਲਵੰਤ ਖਹਿਰਾ ਪ੍ਰਧਾਨ ਅਕਾਲੀ ਦਲ ਯੂ.ਐਸ.ਏ., ਰਜਿੰਦਰ ਸਿੰਘ ਚੌਹਾਨ, ਮਹਿੰਦਰ ਸਿੰਘ ਥਿਆੜਾ, ਜੋਗਾ ਸਿੰਘ ਥਿਆੜਾ, ਸੰਨੀ ਸਮਰਾ, ਲੀਜੈਂਡ ਟਰੱਕਿੰਗ, ਸਰਬਜੀਤ ਸਿੰਘ ਸਾਬ੍ਹੀ, ਹਰਜੀਤ ਗਿੱਲ, ਅਜੈਬ ਮੱਲ੍ਹੀ, ਕੁਲਤਾਰ ਸਿੰਘ, ਗੁਰਮੀਤ ਤੱਖਰ, ਹਰਮਨ ਬਸਰਾ, ਪਿੰਦਰ ਸਿੰਘ ਕੰਗ ਅਤੇ ਹਰਬੰਸ ਪੰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।
ਸਰਬਜੀਤ ਥਿਆੜਾ ਅਤੇ ਪਤਵੰਤਿਆਂ ਵਲੋਂ ਪਹਿਲੇ ਅਤੇ ਦੂਜੇ ਸਥਾਨ 'ਤੇ ਆਉਣ ਵਾਲੀਆਂ ਟੀਮਾਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੈਸਟ ਰੇਡਰ ਜੌਨੀ ਗਿੱਲ, ਬੰਨਾ ਧਾਲੀਵਾਲ, ਗੁਰਪ੍ਰੀਤ ਬੁਰਜ ਅਤੇ ਸਟਾਪਰਾਂ ਵਿਚ ਮੀਕ ਸਿਆਟਲ ਨੂੰ ਚੁਣਿਆ ਗਿਆ। ਜਿੱਤਣ ਵਾਲੀਆਂ ਟੀਮਾਂ ਵਿਚ ਰੋਇਲ ਕਿੰਗ ਨੂੰ 15 ਹਜ਼ਾਰ ਡਾਲਰ, ਕੈਨੇਡਾ ਨੂੰ 11 ਹਜ਼ਾਰ ਡਾਲਰ, ਮਿਡਵੈਸਟ ਦੀ ਟੀਮ ਨੂੰ 9 ਹਜ਼ਾਰ ਅਤੇ ਇੰਡੀਆ ਟੀਮ ਨੂੰ 7 ਹਜ਼ਾਰ ਡਾਲਰ ਨਗਦ ਇਨਾਮ ਦਿੱਤੇ ਗਏ ਜੋ ਸਿਰਫ਼ ਥਿਆੜਾ ਪਰਿਵਾਰ ਵਲੋਂ ਹੀ ਦਿੱਤੇ ਗਏ।
ਇਸ ਮੌਕੇ ਸਰਬਜੀਤ ਥਿਆੜਾ ਨੇ ਕਿਹਾ ਕਿ ਅਗਲੇ ਵਰ੍ਹੇ ਵੀ ਇਸ ਤੋਂ ਵਧੀਆ ਪ੍ਰਬੰਧਾਂ ਅਧੀਨ ਕਬੱਡੀ ਕੱਪ ਕਰਵਾਇਆ ਜਾਵੇਗਾ। ਇਸ ਟੂਰਨਾਮੈਂਟ ਦੀ ਕੁਮੈਂਟਰੀ ਮੱਖਣ ਅਲੀ ਅਤੇ ਰਾਜਵਿੰਦਰ ਰੰਡਿਆਲਾ ਨੇ ਕੀਤੀ।





# ਏਡਜ਼ ਦੇ ਮਰੀਜ਼ਾਂ ਲਈ ਖੁਸ਼ਖਬਰੀ



ਡਾ. ਗੁਰੁਮੇਲ ਸਿੱਧੂ

**ਜਪਾਨ ਦੇ ਵਿਗਿਆਨੀਆਂ ਨੇ ਨਵੀਂ ਤਕਨੀਕ ਰਾਹੀਂ ਏਡਜ਼ ਕਰਨ ਵਾਲੀ ਵਾਇਰਸ, ਹਿਵ', (HIV) ਦੇ ਜੀਨਾਂ (Genes) ਨੂੰ ਸਦਾ ਲਈ ਨਿਕਾਰਾ ਕਰਨ ਦਾ ਰਾਹ ਲੱਭ ਲਿਆ ਹੈ। ਨਵੀਂ ਤਕਨੀਕ ਬਾਰੇ ਲਿਖਣ ਤੋਂ ਪਹਿਲਾਂ, ਸੰਖੇਪ ਵਿਚ ਇਹ ਜਾਨਣਾ ਜ਼ਰੂਰੀ ਹੈ ਕਿ ਏਡਜ਼ ਕੀ ਹੈ ਅਤੇ ਇਹ ਬੰਦੇ ਨੂੰ ਹੁੰਦੀ ਕਿਸ ਤਰ੍ਹਾਂ ਹੈ।**

## ਏਡਜ਼ ਮਰੀਜ਼ ਨੂੰ ਕਿਵੇਂ ਮਾਰਦੀ ਹੈ ?

ਮੁੱਖ ਤੌਰ 'ਤੇ ਸਰੀਰ ਦੇ ਲਹੂ ਵਿਚ ਦੋ ਕਿਸਮ ਦੇ ਕੋਸ਼ ਹਨ, ਲਾਲ (Red) ਅਤੇ ਚਿੱਟੇ (White=CD4) । ਲਾਲ ਕੋਸ਼ ਸਰੀਰ ਵਿਚ ਔਕਸੀਜਨ (Oxygen) ਅਤੇ ਖੁਰਾਕ ਪਹੁੰਚਾਉਂਦੇ ਹਨ ਅਤੇ ਚਿੱਟੇ ਕੋਸ਼ ਰੋਗਾਂ ਤੋਂ ਬਚਾਉਂਦੇ ਹਨ। ਰੋਗ ਦੋ ਕਿਸਮ ਦੇ ਹਨ, ਜਮਾਂਦਰੂ (Inhereted) ਅਤੇ ਛੂਤ-ਛਾਤ ਦੇ ਕਟਾਣੂਆਂ (Microorganis = bacteria, fungi, viruses) ਕਾਰਣ ਲੱਗਣ ਵਾਲੇ। ਏਡਜ਼ ਵਾਇਰਸ ਛੂਤ-ਛਾਤ ਦੀਆਂ ਬੀਮਾਰੀਆਂ ਵਿਚ ਗਣੀ ਜਾਂਦੀ ਹੈ। ਇਹ ਚਿੱਟੇ ਕੋਸ਼ਾਂ ਦੇ ਅੰਦਰ ਦਾਖਲ ਹੋ ਕੇ, ਆਪਣੇ ਜੀਨਜ਼ ਰਾਹੀਂ, ਸਰੀਰ ਦੇ ਰੋਗ-ਸੁਰੱਖਿਅਤ ਪ੍ਰਬੰਧ (Disease defense system) ਤੇ ਕਾਬੂ ਪਾ ਲੈਂਦੀ ਹੈ, ਅਰਥਾਤ, ਚਿੱਟੇ ਕੋਸਾਂ ਨੂੰ ਦਾਗੀ ਕਰਦੀ ਹੈ। ਚਿੱਟੇ ਕੋਸ਼ਾਂ ਅੰਦਰ ਹੋਰ ਕਾਪੀਆਂ ਬਣਾਉਂਦੀ ਹੈ। ਜਦ ਚਿੱਟੇ ਕੋਸ਼ ਵਾਇਰਸ ਦੀਆਂ ਕਾਪੀਆਂ ਨਾਲ ਤੂੜੇ ਜਾਂਦੇ ਹਨ ਤਾਂ ਫਟ ਜਾਂਦੇ ਹਨ। ਫਟਣ ਉਪਰੰਤ ਵਾਇਸ ਦੇ ਕਣ ਨਰੋਗ ਚਿੱਟੇ ਕੋਸਾਂ ਅੰਦਰ ਦਾਖਲ ਹੋ ਜਾਂਦੇ ਹਨ। ਇਸ ਤਰ੍ਹਾਂ ਦਾ ਚੱਕਰ ਚਲਦਾ ਰਹਿੰਦਾ ਜਿਸ ਕਰਕੇ ਸਰੀਰ ਵਿਚ ਚਿੱਟੇ ਕੋਸਾਂ ਦੀ ਗਿਣਤੀ ਘਟ ਜਾਂਦੀ ਹੈ। ਸਿਹਤਮੰਦ ਬੰਦੇ ਵਿਚ ਚਿੱਟੇ ਕੋਸ਼ਾਂ ਦੀ ਗਿਣਤੀ 500-1500 ਦੇ ਵਿਚਕਾਰ ਹੁੰਦੀ ਹੈ, ਪਰ ਏਡਜ਼ ਦੇ ਮਰੀਜ਼ ਵਿਚ ਇਹ ਘਟ ਕੇ 200 ਤੋਂ ਹੇਠਾਂ ਰਹਿ ਜਾਂਦੀ ਹੈ। ਜਿਸ ਕਰਕੇ ਸਰੀਰ ਵਿਚ ਛੂਤ-ਛਾਤ ਦੀਆਂ ਬੀਮਾਰੀਆਂ ਪੈਦਾ ਕਰਨ ਵਾਲੇ ਕਟਾਣੂਆਂ ਨੂੰ ਰੋਕਣ ਦੀ ਸ਼ਕਤੀ ਨਹੀਂ ਰਹਿੰਦੀ, ਫਲਸਰੂਪ, ਹਰ ਕਿਸਮ ਦੀ ਬੀਮਾਰੀ ਪੈਦਾ ਕਰਨ ਵਾਲੇ ਕਟਾਣੂ (ਬੈਕਟੇਰੀਆ, ਉੱਲੀ ਅਤੇ ਵਾਇਰਸ ਆਦਿ) ਸਰੀਰ ਨੂੰ ਆ ਚਿੰਬੜਦੇ ਹਨ। ਇਕ ਪ੍ਰਕਾਰ ਨਾਲ ਸਰੀਰ ਬੀਮਾਰੀਆਂ ਦਾ ਕਬਰਸਤਾਨ ਬਣ ਜਾਂਦਾ ਹੈ। ਅਜਿਹੀ ਹਾਲਤ ਕਰਕੇ ਕਿਹਾ ਜਾਂਦਾ ਹੈ ਕਿ ਬੰਦੇ ਨੂੰ ਏਡਜ਼ (AIDS) ਹੋ ਗਈ ਹੈ। ਹਿੱਵ ਵਾਇਰਸ (89ㄋ) ਬਜਾਤੇ ਖੁਦ ਇਨਸਾਨ ਨੂੰ ਨਹੀਂ ਮਾਰਦੀ, ਇਹ ਹੋਰ ਬੀਮਾਰੀਆਂ ਪੈਦਾ ਕਰਨ ਦਾ ਸਾਧਨ ਬਣਦੀ ਹੈ ਜਿਨ੍ਹਾਂ ਕਰਕੇ ਬੰਦਾ ਮੌਤ ਦੇ ਦਰ 'ਤੇ ਢੁੱਕ ਜਾਂਦਾ ਹੈ।

## ਏਡਜ਼ ਹੋਣ ਦੇ ਕਾਰਨ

ਏਡਜ਼ (AIDS=Acquired Immunodeficiency Syndrome) ਦੀ ਨਾਮੁਰਾਦ ਬੀਮਾਰੀ ਇਕ ਵਾਇਰਸ ਰਾਹੀਂ ਹੁੰਦੀ ਹੈ ਜਿਸ ਨੂੰ ਹਿਵ-ਵਾਇਰਸ (HIV-Virus= Human Immunodeficiency Virus) ਕਹਿੰਦੇ ਹਨ। ਇਹ ਬੀਮਾਰੀ ਪਿਤਰੀ ਵਿਰਸੇ 'ਚੋਂ ਨਹੀਂ ਮਿਲਦੀ, ਅਰਥਾਤ, ਪੀੜ੍ਹੀ-ਦਰ-ਪੀੜ੍ਹੀ ਨਹੀਂ ਚਲਦੀ, ਬੰਦੇ ਦੀਆਂ ਆਪਣੀਆਂ ਕਰਤੂਤਾਂ ਕਾਰਨ ਹੁੰਦੀ ਹੈ। ਕਰਤੂਤਾਂ ਵਿਚ ਮੁੱਖ ਕਾਰਨ ਏਡਜ਼ ਦੇ ਮਰੀਜ਼ਾਂ ਨਾਲ ਗੁਦਾ-ਸੰਭੋਗ, ਭਗ-ਸੰਭੋਗ (Anal and Vaginal Copulation) ਅਤੇ ਮੂੰਹ-ਸੰਭੋਗ (Oral Copulation) ਕਰਨਾ ਹੈ। ਮੂਲ ਰੂਪ ਵਿਚ ਏਡਜ਼ ਦੇ ਮਰੀਜ਼ਾਂ ਦੇ ਤਰਲ ਪਦਾਰਥ (Zluid) ਦਾ ਸਰੀਰ ਦੇ ਅੰਦਰ ਜਾਣਾ ਹੈ। ਤਰਲ ਪਦਾਰਥਾਂ ਵਿਚ ਵੀਰਜ (Semen), ਗੁਦਾ ਅਤੇ ਭਗ ਰਸ (Anal and Vaginal Discharge) ਅਤੇ ਦੋਧੀਆਂ ਦਾ ਦੁੱਧ (Breast Milk) ਸ਼ਾਮਿਲ ਹਨ। ਇਨ੍ਹਾਂ ਰਸਾਂ ਦਾ ਬੰਦੇ ਦੇ ਲਹੂ ਵਿਚ ਪ੍ਰਵੇਸ਼ ਕਰਨਾ ਜ਼ਰੂਰੀ ਹੈ ਜੋ ਮਾਰਨ-ਮਰਾਉਣ (Copulation) ਵੇਲੇ ਰਗੜ/ਘਸੜ ਲੱਗਣ ਨਾਲ ਇਕ ਦੂਜੇ ਵਿਚ ਚਲੇ ਜਾਂਦੇ ਹਨ। ਕਾਰਨ ਇਹ ਹੈ ਭਗ, ਗੁਦਾ ਅਤੇ ਮੂੰਹ ਦੀਆਂ ਝਿੱਲੀਆਂ ਨਰਮ ਹੁੰਦੀਆ ਹਨ ਜੋ ਛੇਤੀਂ ਹੀ ਝਰੀਟੀਆਂ ਜਾਂਦੀਆਂ ਹਨ। ਕੁਝ ਹੋਰ ਕਾਰਨ ਵੀ ਹਨ ਜਿਵੇਂ, ਏਡਜ਼ ਵਾਲੇ ਬੰਦੇ ਦੇ ਲਹੂ ਨੂੰ ਤੰਦਰੁਸਤ ਬੰਦੇ ਵਿਚ ਚਾੜ੍ਹਨਾ (Transfusion), ਨਸ਼ੇ-ਪਤੇ ਵਾਲੀਆਂ ਸੂਈਆਂ ਦਾ ਵਰਤਣਾ (Drug Injection Needle) ਅਤੇ ਦੰਦੀ ਵੱਢਣਾ (Biting) ਆਦਿ। ਏਡਜ਼ ਵਾਲੇ ਬੰਦੇ ਦੇ ਥੁੱਕ, ਮੁੜ੍ਹਕੇ, ਅੱਥਰੂ ਅਤੇ ਸੀਂਢ ਵਗੈਰ ਵਿਚ ਵੀ ਏਡਜ਼ ਦੇ ਕਣ ਹੁੰਦੇ ਹਨ, ਪਰ ਇਨ੍ਹਾਂ ਦਾ ਤੰਦਰੁਸਤ ਬੰਦੇ ਦੇ ਸਰੀਰ 'ਤੇ ਪੈਣ/ਲੱਗਣ ਨਾਲ ਏਡਜ਼ ਨਹੀਂ ਹੁੰਦੀ। ਜਿਵੇਂਕਿ ਉਪਰ ਲਿਖਿਆ ਹੈ, ਤਰਲ ਪਦਾਰਥਾਂ ਦਾ ਬੰਦੇ ਦੇ ਲਹੂ ਵਿਚ ਜਾਣਾ ਅਤਿਅੰਤ ਜ਼ਰੂਰੀ ਹੈ।




## ਏਡਜ਼ ਦਾ ਕੱਚਾ ਇਲਾਜ

ਸ਼ੁਰੂ-ਸ਼ੁਰੂ ਵਿਚ ਏਡਜ਼ ਦਾ ਕੋਈ ਇਲਾਜ ਨਹੀਂ ਸੀ, ਬੰਦੇ ਅਕਸਰ ਮਰ ਜਾਂਦੇ ਸਨ। ਸਮੇਂ ਨਾਲ ਕੁੱਝ ਦੁਆਈਆਂ ਹੋਂਦ ਵਿਚ ਆਈਆਂ ਜਿਨ੍ਹਾਂ ਰਾਹੀਂ ਏਡਜ਼ ਤੇ ਕਾਬੂ ਤਾਂ ਨਹੀਂ ਪਿਆ, ਪਰ ਬੰਦੇ ਮਰਨ ਤੋਂ ਬਚਣ ਲੱਗ ਗਏ। ਇਹ ਦੁਆਈਆਂ ਤਿੰਨ ਪੱਧਰ 'ਤੇ ਕੰਮ ਕਰਦੀਆਂ ਹਨ। ਪਹਿਲਾ, ਹਿਵ ਵਾਇਰਸ ਨੂੰ ਚਿੱਟੇ ਕੋਸ਼ ਦੇ ਅੰਦਰ ਦਾਖਲ ਹੋਣ ਤੋਂ ਰੋਕਦੀਆਂ ਹਨ, ਦੂਜਾ, ਵਾਇਰਸ ਦੇ ਚਿੱਟੇ ਕੋਸ਼ਾਂ ਦੇ ਡੀ.ਐਨ.ਏ. ਵਿਚ ਘੁਸਣ 'ਤੇ ਕਾਬੂ ਪਾਉਂਦੀਆਂ ਹਨ ਅਤੇ ਤੀਜਾ, ਬੀਮਾਰੀ-ਰੋਕੂ-ਜੀਨਜ਼ ਨੂੰ ਨਿਕਾਰਾ ਹੋਣ ਤੋਂ ਬਚਾਉਂਦੀਆਂ ਹਨ।ਆਮ ਭਾਸ਼ਾ ਵਿਚ ਇਨਾਂ ਦੁਆਈਆਂ ਦੇ ਸਮੂਹ ਨੂੰ ਏਡਜ਼-ਕੌਕਟੇਲ (Cocktail) ਕਿਹਾ ਜਾਂਦਾ ਹੈ। ਇਨ੍ਹਾਂ ਦੁਆਈਆਂ ਨੂੰ ਖਾਣ ਨਾਲ ਏਡਜ਼ ਵਾਇਸ ਨਸ਼ਟ ਨਹੀਂ ਹੁੰਦੀ, ਚਿੱਟੇ ਕੋਸਾਂ ਵਿਚ ਲੁਕੀ ਰਹਿੰਦੀ ਹੈ। ਭਾਵ ਇਹ ਕਿ ਹੋਰ ਕਾਪੀਆਂ ਨਹੀਂ ਬਣਾਉਂਦੀ ਜਿਸ ਕਰਕੇ ਨਵੇਂ ਚਿੱਟੇ ਕੋਸ਼ ਦਾਗੀ ਨਹੀਂ ਹੁੰਦੇ।

## ਏਡਜ਼ ਦਾ ਪੱਕਾ ਇਲਾਜ

ਹੁਣ ਸਵਾਲ ਇਹ ਬਣ ਜਾਂਦਾ ਹੈ ਕਿ ਜੇ ਹਿਵ-ਵਾਇਰਸ ਦੇ ਬੀਮਾਰੀ ਪੈਦਾ ਕਰਨ ਵਾਲੇ ਜੀਨਜ਼ ਨੂੰ ਨਫਿੱਟ ਕਰ ਦਿੱਤਾ ਜਾਵੇ ਤਾਂ ਏਡਜ਼ ਦਾ ਪੱਕਾ ਇਲਾਜ ਸੰਭਵ ਹੈ। ਜਪਾਨ ਦੇ ਸਾਇੰਸਦਾਨਾਂ ਨੇ ਕੁਝ ਅਜਿਹਾ ਹੀ ਕਰ ਦਿਖਾਇਆ ਹੈ। ਜਪਾਨ ਦੇ ਵਿਗਿਆਨੀ, ਯੋਸ਼ੀਜ਼ੂਮੀ ਇਸ਼ੀਨੋ (Yoshizumi Ishino ) ਨੇ ਸੰਨ 1987 ਵਿਚ ਡੀ.ਐਨ. ਏ. ਦੀ ਇਕ ਛੋਟੀ ਜਿਹੀ ਲੜੀ ਲੱਭੀ ਸੀ ਜਿਸ ਨੂੰ "ਕ੍ਰਿਸਪਰ" (CRISPR) ਦਾ ਨਾਂ ਦਿੱਤਾ। ਇਹ ਨਾਂ ਦੇਣ ਪਿੱਛੇ ਬਹੁਤ ਸਾਰੀ ਗੁੰਝਲਦਾਰ ਗਨੈਟਿਕ ਤਕਨੌਲੋਜੀ ਹੈ ਜੋ ਪਾਠਕਾਂ ਲਈ ਸਮਝਣੀ ਬਹੁਤ ਔਖੀ ਹੈ, ਇਸ ਕਰਕੇ ਨਾਂ ਨੂੰ ਗੋਲੀ ਮਾਰੋ । ਕ੍ਰਿਸਪਰ ਛੋਟੇ-ਮੋਟੇ ਕਟਾਣੂਆਂ ਵਿਚ ਕੁਦਰਤਨ ਪਾਈ ਜਾਂਦੀ ਹੈ ਜੋ ਜੀਵਾਂ ਦੀਆਂ ਬੀਮਾਰੀਆਂ ਨੂੰ ਰੋਕਣ ਦਾ ਕੰਮ ਕਰਦੀ ਹੈ।

ਅਗਲਾ ਸਵਾਲ ਹੈ ਕਿ "ਕ੍ਰਿਸਪਰ" ਬੀਮਾਰੀਆਂ ਨੂੰ ਕਿਵੇਂ ਰੋਕਦੀ ਹੈ ? ਇਹ ਇਕ ਪ੍ਰਕਾਰ ਦੀ ਕੈਂਚੀ ਜਾਂ ਫਾਨਾ ਹੈ ਜੋ ਬੀਮਾਰੀ ਪੈਦਾ ਕਰਨ ਵਾਲੇ ਜੀਨਜ਼ ਨੂੰ ਕੱਟ-ਵੱਡ ਕੇ ਟੁਕੜੇ ਕਰ ਦਿੰਦੀ ਹੈ, ਜਾਂ ਫਾਨੇ ਵਾਂਗ ਡੁਕ ਕੇ ਜੀਨਜ਼ ਦੇ ਕਰਤਵ ਨੂੰ ਨਿਕਾਰਾ ਬਣਾ ਦਿੰਦੀ ਹੈ। ਫਲਸਰੂਪ, ਜੀਨਜ਼ ਕੰਮ ਕਰਨੋ ਹਟ ਜਾਂਦੇ ਹਨ। ਜੇ "ਕ੍ਰਿਸਪਰ" ਨੂੰ ਏਡਜ਼ ਵਾਇਰਸ ਦੇ ਬੀਮਾਰੀ ਪੈਦਾ ਕਰਨ ਵਾਲੇ ਜੀਨਜ਼ ਵਿਚ ਠੋਕ ਦਿੱਤਾ ਜਾਵੇ ਤਾਂ ਇਹ ਸਦਾ ਲਈ ਬੀਮਾਰੀ ਪੈਦਾ ਕਰਨ ਦੇ ਕਾਬਿਲ ਨਹੀਂ ਰਹਿਣਗੇ।



### ਹਿਵ ਵਾਰਿਸ ਦੇ ਜੀਨਜ਼ ਵਿਚ ਠੁਕਿਆ ਹੋਇਆ 'ਕ੍ਰਿਸਪ'

ਵਿਗਿਆਨੀਆਂ ਨੇ ਕੁਝ ਅਜਿਹਾ ਹੀ ਕੀਤਾ ਹੈ। ਹਿਵ ਵਾਇਰਸ ਵਿਚ ਦੋ ਜੀਨਜ਼ ਹਨ ਜਿਨ੍ਹਾਂ ਨੂੰ "ਟਾਟ ਅਤੇ ਰੈਵ" (Tat and Rev) ਦਾ ਨਾਂ ਦਿੱਤਾ ਹੈ। ਇਹ ਜੀਨਜ਼ ਚਿੱਟੇ ਕੋਸ਼ਾਂ ਵਿਚ ਵਾਇਰਸ ਦੀਆਂ ਕਾਪੀਆਂ ਬਨਾਉਣ ਵਿਚ ਸਹਾਈ ਹੁੰਦੇ ਹਨ। "ਕ੍ਰਿਸਪ" ਨੂੰ ਇਨ੍ਹਾਂ ਜੀਨਜ਼ ਵਿਚ ਫਾਨੇ ਵਾਂਗ ਠੋਕ ਕੇ ਏਡਜ਼ ਦੇ ਪੱਕੇ ਇਲਾਜ ਲਈ ਰਾਹ ਖੁੱਲ੍ਹ ਗਿਆ ਹੈ। ਉਹ ਦਿਨ ਦੂਰ ਨਹੀਂ ਜਦ "ਕ੍ਰਿਸਪ" ਨੂੰ ਏਡਜ਼ ਰੋਕਣ ਦੀ ਬੀਮਾਰੀ ਦੀ ਦੁਆਈ ਵਜੋਂ ਵਰਤਿਆ ਜਾਵੇਗਾ।

---

# ਪੰਜਾਬ ਬਾਰੇ ਚਿੰਤਾ ਨਹੀਂ, ਚਿੰਤਨ ਦੀ ਲੋੜ

ਡਾ. ਰਣਜੀਤ ਸਿੰਘ

ਪੰਜਾਬ ਕਦੇ ਦੇਸ਼ ਦਾ ਸਭ ਤੋਂ ਵੱਧ ਵਿਕਸਤ ਸੂਬਾ ਸੀ। ਪੰਜਾਬੀਆਂ ਦਾ ਰਹਿਣ-ਸਹਿਣ ਹੁਣ ਵੀ ਦੂਜਿਆਂ ਤੋਂ ਕਿਤੇ ਬਿਹਤਰ ਹੈ। ਇੱਥੇ ਸਾਰੇ ਪਿੰਡਾਂ ਨੂੰ ਪੱਕੀਆਂ ਸੜਕਾਂ ਜਾਂਦੀਆਂ ਹਨ, ਘਰਾਂ ਵਿੱਚ ਬਿਜਲੀ ਹੈ ਅਤੇ ਪੀਣ ਦੇ ਪਾਣੀ ਦਾ ਪ੍ਰਬੰਧ ਹੈ। ਇੱਥੋਂ ਦੇ ਘਰ ਲਗਭਗ ਪੱਕੇ ਹਨ ਅਤੇ ਬਹੁਤਿਆਂ ਵਿਚ ਅਧੁਨਿਕ ਸਹੂਲਤਾਂ ਹਨ। ਇੱਥੋਂ ਦੀ ਖੇਤੀ ਦਾ ਪੂਰੀ ਤਰ੍ਹਾਂ ਮਸ਼ੀਨੀਕਰਨ ਹੋ ਚੁੱਕਿਆ ਹੈ ਅਤੇ ਕਿਸਾਨ ਹਮੇਸ਼ਾਂ ਖੇਤੀ ਦੇ ਨਵੇਂ ਢੰਗ ਅਪਣਾਉਣ ਲਈ ਤਿਆਰ ਰਹਿੰਦਾ ਹੈ।

ਅਫ਼ਸੋਸ ਇਹ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬ ਦੇ ਸਨਅਤੀ ਅਤੇ ਖੇਤੀ ਵਿਕਾਸ ਵਿੱਚ ਖੜੋਤ ਆ ਗਈ ਹੈ। ਨਵੀਆਂ ਸਨਅਤਾਂ ਬਹੁਤ ਘੱਟ ਸਥਾਪਿਤ ਹੋ ਰਹੀਆਂ ਹਨ। ਜਿਹੜੀਆਂ ਹਨ, ਉਹ ਦੂਜੇ ਸੂਬਿਆਂ ਤੋਂ ਆਏ ਕਾਮਿਆਂ ਨੂੰ ਵਧੇਰੇ ਕੰਮ 'ਤੇ ਰੱਖਦੀਆਂ ਹਨ। ਖੇਤੀ ਵਿੱਚ ਵੀ ਕਣਕ-ਝੋਨੇ ਦਾ ਫ਼ਸਲ ਚੱਕਰ ਭਾਰੂ ਹੈ। ਖੇਤੀ ਲੋੜਾਂ ਦੀਆਂ ਲਾਗਤਾਂ ਵਿਚ ਵਾਧੇ ਨਾਲ ਕਿਸਾਨ ਦੀ ਆਮਦਨ ਘਟ ਰਹੀ ਹੈ। ਪਰਿਵਾਰਕ ਵੰਡੀਆਂ ਪੈਣ ਨਾਲ ਜੋਤਾਂ ਛੋਟੀਆਂ ਹੋ ਰਹੀਆਂ ਹਨ। ਸਾਡੀ ਲਾਪਰਵਾਹੀ ਨਾਲ ਧਰਤੀ ਹੇਠਲਾ ਪਾਣੀ ਘਟ ਰਿਹਾ ਹੈ ਅਤੇ ਪ੍ਰਦੂਸ਼ਣ ਵਧ ਰਿਹਾ ਹੈ। ਇੱਥੇ ਕੁਝ ਨਵਾਂ ਕਰਨ ਦੀ ਥਾਂ ਇੱਥੋਂ ਦੀ ਜਵਾਨੀ ਕਿਸੇ ਵੀ ਢੰਗ ਨਾਲ ਵਿਦੇਸ਼ਾਂ ਨੂੰ ਉਡਾਰੀ ਮਾਰਨ ਦੇ ਚੱਕਰ ਵਿੱਚ ਹੈ। ਇੱਥੋਂ ਦੇ ਰਾਜਸੀ ਤੇ ਧਾਰਮਿਕ ਆਗੂ ਪੈਸੇ ਦੀ ਦੌੜ ਵਿੱਚ ਉਲਝ ਰਹੇ ਹਨ। ਪੰਜਾਬ ਬਾਰੇ ਸੋਚਣ ਦੀ ਕਿਸੇ ਕੋਲ ਵਿਹਲ ਨਹੀਂ ਹੈ। ਪੰਜਾਬੀ ਬੋਲੀ ਅਤੇ ਸੱਭਿਆਚਾਰ ਤੋਂ ਦੂਰੀ ਲਈ ਸਾਡੇ ਬੁੱਧੀਜੀਵੀ ਸਾਰਾ ਭਾਂਡਾ ਸਰਕਾਰ ਸਿਰ ਭੰਨ ਕੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋ ਰਹੇ ਹਨ। ਸਨਅਤੀ ਵਿਕਾਸ ਦੇ ਰਾਹ ਵਿਚ ਵੱਡੀ ਰੁਕਾਵਟ ਇੱਥੇ ਫੈਲਿਆ ਭ੍ਰਿਸ਼ਟਾਚਾਰ ਹੈ, ਪਰ ਅਸੀਂ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਕੇ ਆਪਣੀ ਕਮਜ਼ੋਰੀ 'ਤੇ ਪਰਦਾ ਪਾ ਰਹੇ ਹਾਂ। ਇਸੇ ਤਰ੍ਹਾਂ ਧਰਤੀ ਹੇਠਲੇ ਘਟ ਰਹੇ ਪਾਣੀ ਅਤੇ ਪ੍ਰਦੂਸ਼ਣ ਲਈ ਕਿਸਾਨਾਂ ਨੂੰ ਜ਼ਿੰਮੇਵਾਰ ਬਣਾ ਰਹੇ ਹਾਂ ਪਰ ਅਸਲੀ ਜ਼ਿੰਮੇਵਾਰ ਆਪਣੇ ਆਪ ਨੂੰ ਸੁਰਖਰੂ ਕਰ ਲੈਂਦੇ ਹਾਂ। ਬਹੁਤੇ ਪੰਜਾਬੀ ਆਪਣੇ ਬੱਚਿਆਂ ਨੂੰ ਅਖੌਤੀ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਾਉਂਦੇ ਹਨ, ਘਰ ਵਿਚ ਉਨ੍ਹਾਂ ਨਾਲ ਹਿੰਦੀ ਜਾਂ ਅੰਗਰੇਜ਼ੀ ਬੋਲਦੇ ਹਨ। ਆਪਣੇ ਘਰਾਂ, ਦੁਕਾਨਾਂ ਅਤੇ ਦਫ਼ਤਰਾਂ ਦੇ ਬਾਹਰ ਅੰਗਰੇਜ਼ੀ ਵਿੱਚ ਬੋਰਡ ਲਗਾਉਂਦੇ ਹਨ ਪਰ ਪੰਜਾਬੀ ਦੀ ਅਣਦੇਖੀ ਲਈ ਸਰਕਾਰ ਨੂੰ ਜ਼ਿੰਮੇਵਾਰ ਬਣਾ ਕੇ ਧਰਨੇ ਲਗਾਉਂਦੇ ਹਨ।



ਕਿਸੇ ਵੀ ਫੈਕਟਰੀ ਵਿਚ ਘੱਟੋ ਘੱਟ ਦਰਜਨ ਅਧਿਕਾਰੀ ਆਉਂਦੇ ਹਨ, ਉਹ ਗ਼ਲਤ ਸਹੀ ਦੀ ਪਰਖ ਨਹੀਂ ਕਰਦੇ ਸਗੋਂ ਆਪਣਾ ਮਹੀਨਾ ਵਸੂਲਦੇ ਹਨ। ਸ਼ਹਿਰੀ ਵਿਕਾਸ ਲਈ ਪੈਸੇ ਦੀ ਕਮੀ ਨੂੰ ਮੁੱਖ ਕਾਰਨ ਮੰਨਿਆ ਜਾਂਦਾ ਹੈ ਪਰ ਸ਼ਹਿਰਾਂ ਕਸਬਿਆਂ ਵਿੱਚ ਲੱਖਾਂ ਰੇਹੜੀਆਂ ਫੜ੍ਹੀਆਂ ਹਨ, ਇਹ ਸਾਰੇ ਹਫ਼ਤਾ ਭਰਦੇ ਹਨ ਪਰ ਇਹ ਫੀਸ ਸਰਕਾਰੀ ਖ਼ਜ਼ਾਨੇ ਵਿੱਚ ਜਮ੍ਹਾਂ ਨਹੀਂ ਹੁੰਦੀ। ਪੰਜਾਬ ਵਿੱਚ ਧਾਰਮਿਕ ਸਥਾਨਾਂ, ਧਾਰਮਿਕ ਆਗੂਆਂ ਅਤੇ ਅਖੌਤੀ ਪ੍ਰਚਾਰਕਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਪਰ ਪੰਜਾਬੀ ਸੱਚ, ਸੰਤੋਖ, ਸਾਦਗੀ ਅਤੇ ਸੇਵਾ ਵਾਲੇ ਆਪਣੇ ਸੱਭਿਆਚਾਰ ਤੋਂ ਦੂਰ ਹੋ ਰਹੇ ਹਨ।

ਪੰਜਾਬ ਇਸ ਸਮੇਂ ਜਿਹੜੀਆਂ ਵੀ ਮੁਸ਼ਕਿਲਾਂ ਨਾਲ ਜੂਝ ਰਿਹਾ ਹੈ, ਉਨ੍ਹਾਂ ਸਾਰੀਆਂ ਦੀ ਜ਼ਿੰਮੇਵਾਰੀ ਖੇਤੀ ਵਿਕਾਸ ਦੇ ਸਿਰ ਮੜ੍ਹੀ ਜਾ ਰਹੀ ਹੈ। ਧਰਤੀ ਹੇਠਲੇ ਘਟ ਰਹੇ ਪਾਣੀ ਲਈ ਜ਼ਿੰਮੇਵਾਰ ਝੋਨੇ ਨੂੰ ਠਹਿਰਾਇਆ ਜਾ ਰਿਹਾ ਹੈ। ਜਦੋਂਕਿ ਕਿਸਾਨ ਵੱਲੋਂ ਵਰਤੇ ਜਾ ਰਹੇ ਪਾਣੀ ਨਾਲੋਂ ਕਿਤੇ ਵੱਧ ਮਾਤਰਾ ਵਿੱਚ ਪਾਣੀ ਗ਼ੈਰ ਕਾਸ਼ਤਕਾਰੀ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਵਰਤੀਆਂ ਜਾਣ ਵਾਲੀਆਂ ਰਸਾਇਣਾਂ ਤੋਂ ਫੈਲਾਈ ਜਾ ਰਹੀ ਗੰਦਗੀ ਵਾਤਾਵਰਣ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਹੈ। ਜੇਕਰ ਝੋਨਾ ਸਮੇਂ ਸਿਰ ਅਤੇ ਪੂਰੀਆਂ ਹਦਾਇਤਾਂ ਅਨੁਸਾਰ ਬੀਜਿਆ ਜਾਵੇ ਤਾਂ ਇਹ ਪਾਣੀ ਖ਼ਰਾਬ ਕਰਨ ਦੀ ਥਾਂ ਪਾਣੀ ਦੀ ਬੱਚਤ ਕਰਦਾ ਹੈ। ਇਹ ਵੀ ਸੱਚ ਹੈ ਕਿ ਜੇਕਰ ਕਿਸਾਨਾਂ ਦੇ ਘਰ ਚੁੱਲ੍ਹਾ ਮਘਦਾ ਹੈ ਤਾਂ ਉਹ ਝੋਨੇ ਦੀ ਫ਼ਸਲ ਕਾਰਨ ਹੀ ਹੈ। ਜੇਕਰ ਕਿਸਾਨ ਕਣਕ-ਝੋਨੇ ਦੀ ਕਾਸ਼ਤ ਨਾ ਕਰੇ ਤਾਂ ਦੇਸ਼ ਦੀ ਵਧ ਰਹੀ

ਬਾਕੀ ਸਫ਼ਾ 32 'ਤੇ

# ਹਕੀਕਤ-ਏ-ਸਿੱਖਾਂ : ਮਹੱਤਵਪੂਰਨ ਇਤਿਹਾਸਕ ਦਸਤਾਵੇਜ਼

**ਡਾ. ਪਰਮਵੀਰ ਸਿੰਘ**

ਹਕੀਕਤ-ਏ-ਬਿਨਾ-ਵ-ਉਰੂਜ਼-ਏ ਫਿਰਕਾ-ਏ-ਸਿੱਖਾਂ ਫ਼ਾਰਸੀ ਭਾਸ਼ਾ ਦਾ ਇਕ ਅਜਿਹਾ ਸਰੋਤ ਹੈ ਜਿਹੜਾ ਕਿ ਸਿੱਖ ਇਤਿਹਾਸ ਸਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਰਚਨਾ ਅਠਾਰਵੀਂ ਸਦੀ ਦਾ ਇਕ ਮਹੱਤਵਪੂਰਨ ਦਸਤਾਵੇਜ਼ ਹੈ ਜਿਹੜਾ ਕਿ ਸਿੱਖ ਧਰਮ ਦੀ ਸਥਾਪਨਾ ਤੋਂ ਲੈ ਕੇ ਅਠਾਰਵੀਂ ਸਦੀ ਤੱਕ ਦੇ ਸਿੱਖ ਇਤਿਹਾਸ ਦੀਆਂ ਕੁਝ ਝਲਕਾਂ ਪੇਸ਼ ਕਰਦਾ ਹੈ। ਕੁਝ ਸਿੱਖ ਇਤਿਹਾਸਕਾਰਾਂ ਦੀਆਂ ਇਸ ਰਚਨਾ ਸਬੰਧੀ ਮਹੱਤਵਪੂਰਨ ਟਿੱਪਣੀਆਂ ਮਿਲਦੀਆਂ ਹਨ। ਬਾਬਾ ਬੰਦਾ ਸਿੰਘ ਬਹਾਦਰ 'ਤੇ ਖੋਜ ਕਰਦਿਆਂ ਡਾ. ਗੰਡਾ ਸਿੰਘ ਨੇ ਇਸ ਰਚਨਾ ਦੀ ਗਹਿਰ-ਗੰਭੀਰ ਪਰਖ-ਪੜਚੋਲ ਕਰ ਕੇ ਇਸ ਦੇ ਰਚਨਾਕਾਲ ਅਤੇ ਮਹੱਤਵ ਨੂੰ ਖੋਜੀਆਂ ਦੇ ਸਨਮੁਖ ਪੇਸ਼ ਕੀਤਾ ਹੈ। ਮੌਜੂਦਾ ਸਮੇਂ ਵਿਚ ਇਸ ਸਰੋਤ ਪ੍ਰਤੀ ਵਿਧੀਵਤ ਚਿੰਤਨ ਡਾ. ਬਲਵੰਤ ਸਿੰਘ ਢਿੱਲੋਂ ਰਾਹੀਂ ਸਾਹਮਣੇ ਆਇਆ ਹੈ ਜਿਨ੍ਹਾਂ ਨੇ ਇਸ ਰਚਨਾ ਦੇ ਮੂਲ ਪਾਠ ਦਾ ਫ਼ਾਰਸੀ ਤੋਂ ਪੰਜਾਬੀ ਭਾਸ਼ਾ ਵਿਚ ਅਨੁਵਾਦ ਅਤੇ ਸੰਪਾਦਿਤ ਕਰ ਕੇ ਪਾਠਕਾਂ ਦੇ ਸਨਮੁਖ ਪੇਸ਼ ਕੀਤਾ ਹੈ।

ਇਸ ਰਚਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਪਾਦਕ ਦੱਸਦਾ ਹੈ ਕਿ ਇਸ ਦੇ ਦੋ ਹੱਥ-ਲਿਖਤ ਨੁਸਖੇ ਹਾਲੇ ਵੀ ਮੌਜੂਦ ਹਨ ਜਿਹੜੇ ਕਿ ਰਾਇਲ ਏਸ਼ੀਐਟਿਕ ਸੋਸਾਇਟੀ ਆਫ ਗ੍ਰੇਟ ਬ੍ਰਿਟੇਨ ਐਂਡ ਆਇਰਲੈਂਡ, ਲੰਦਨ ਵਿਖੇ ਸੁਰੱਖਿਅਤ ਹਨ ਅਤੇ ਇਹਨਾਂ ਦੀਆਂ ਕਾਪੀਆਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਹ ਸੰਖੇਪ ਜਿਹੀ ਰਚਨਾ ਇਤਿਹਾਸਕ ਤੱਥਾਂ ਸਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਰਚਨਾ ਦਾ ਮੁੱਖ ਉਦੇਸ਼ ਸਿੱਖਾਂ ਸਬੰਧੀ ਜਾਣਕਾਰੀ ਪ੍ਰਦਾਨ ਕਰਨਾ ਹੈ। ਇਹ ਰਚਨਾ ਕਦੋਂ ਅਤੇ ਕਿਸ ਨੇ ਲਿਖੀ ਹੈ? ਇਸ ਬਾਰੇ ਹਾਲੇ ਤੱਕ ਕੋਈ ਪ੍ਰਮਾਣਿਕ ਜਾਣਕਾਰੀ ਮੌਜੂਦ ਨਹੀਂ ਹੈ। ਸੰਭਵ ਹੈ ਕਿ ਇਤਿਹਾਸ ਜਾਂ ਸਰਕਾਰੀ ਲਿਖਤਾਂ ਵਿਚ ਇਸ ਰਚਨਾ ਸਬੰਧੀ ਕੋਈ ਜਾਣਕਾਰੀ ਮੌਜੂਦ ਹੋਵੇ ਜਿਹੜੀਆਂ ਕਿ ਹਾਲੇ ਤੱਕ ਖੋਜਾਰਥੀਆਂ ਦੀ ਨਜ਼ਰ ਤੋਂ ਓਹਲੇ ਹਨ। ਡਾ. ਗੰਡਾ ਸਿੰਘ ਨੇ ਇਸ ਰਚਨਾ ਦੇ ਅੰਦਰੂਨੀ ਤੱਥਾਂ ਦੇ ਹਵਾਲੇ ਨਾਲ ਇਹ ਸਿੱਧ ਕੀਤਾ ਹੈ ਕਿ ਇਸ ਦਾ ਰਚਨਾਕਾਲ 1783-85 ਦੇ ਵਿਚਕਾਰਲਾ ਹੈ। ਇਸ ਪੁਸਤਕ ਦੇ ਅਨੁਵਾਦਕ-ਸੰਪਾਦਕ ਡਾ. ਬਲਵੰਤ ਸਿੰਘ ਢਿੱਲੋਂ ਨੇ ਵੀ ਇਸੇ ਤੱਥ ਦੀ ਪ੍ਰੋੜਤਾ ਕੀਤੀ ਹੈ। ਸੰਪਾਦਕ ਦੱਸਦਾ ਹੈ ਕਿ ਥੋੜ੍ਹੇ ਜਿਹੇ ਫਰਕ ਨਾਲ ਇਸੇ ਤਰ੍ਹਾਂ ਦੇ ਸਿਰਲੇਖ ਨਾਲ ਮਿਲਦੀਆਂ ਜੁਲਦੀਆਂ ਕੁਝ ਹੋਰ ਰਚਨਾਵਾਂ ਵੀ ਮੌਜੂਦ ਹਨ ਜਿਵੇਂ ਹਕੀਕਤ-ਏ-ਬਿਨਾ-ਵ-ਉਰੂਜ਼-ਏ-ਦੌਲਤ-ਏ-ਰਾਜਾਹਾਇ-ਸਿਤਾਰਾ, ਹਕੀਕਤ-ਏ-ਰਾਜਾਹਾਇ ਉਜੈਨ, ਹਕੀਕਤ-ਏ-ਰਾਜਾਹਾਇ ਮੁਤਫਰਿਕਾ-ਏ-ਹਿੰਦੁਸਤਾਨ। ਇਨ੍ਹਾਂ ਸਮੂਹ ਰਚਨਾਵਾਂ ਦਾ ਸੰਗ੍ਰਹਿ-ਕਰਤਾ ਸਰ ਚਾਰਲਸ ਮਾਲੇ ਬਾਰਟ ਸੀ। ਇਸ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਇਹ ਰਚਨਾਵਾਂ ਕਿਸੇ ਵਿਸ਼ੇਸ਼ ਉਦੇਸ਼ ਨਾਲ ਲਿਖਵਾਈਆਂ ਗਈਆਂ ਸਨ ਅਤੇ ਸੰਭਵ ਹੈ ਕਿ ਅੰਗਰੇਜ਼ਾਂ ਨੇ ਵਿਭਿੰਨ ਰਾਜਾਂ ਜਾਂ ਕੌਮਾਂ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਰਚਨਾਵਾਂ ਲਿਖਵਾਈਆਂ ਹੋਣ। ਹਕੀਕਤ-ਏ-ਸਿੱਖਾਂ ਰਚਨਾ ਦਾ ਲੇਖਕ ਕੌਣ ਹੈ? ਰਚਨਾ ਵਿਚੋਂ ਇਸ ਸਬੰਧੀ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਅੰਦਰੂਨੀ ਗਵਾਹੀ ਦੇ ਅਧਾਰ 'ਤੇ ਇਹ ਸਮਝਿਆ ਜਾ ਰਿਹਾ ਹੈ ਕਿ ਇਸ ਰਚਨਾ ਦਾ ਲੇਖਕ ਪੰਜਾਬ ਨਾਲ ਸਬੰਧਿਤ ਕੋਈ ਮੁਸਲਮਾਨ ਹੈ ਤੇ ਉਹ ਮੁਗ਼ਲਾਂ ਦੇ ਰਾਜ ਅਧੀਨ ਲਾਹੌਰ ਦੇ ਸੂਬੇਦਾਰਾਂ ਜ਼ਕਰੀਆ ਖ਼ਾਨ ਅਤੇ ਮੀਰ ਮਨੂੰ ਦਾ ਪ੍ਰਸੰਸਕ ਸੀ। ਜ਼ਕਰੀਆ ਖ਼ਾਨ ਦੀ ਪ੍ਰਸੰਸਾ ਕਰਦੇ ਹੋਏ ਉਹ ਕਹਿੰਦਾ ਹੈ ਕਿ, "ਉਸ (ਜ਼ਕਰੀਆ ਖ਼ਾਨ) ਨੂੰ 'ਖਾਨ ਬਹਾਦੁਰ' ਦਾ ਖਿਤਾਬ ਮਿਲ ਗਿਆ। ਉਸ ਦੇ ਸਮੇਂ ਵਿਚ ਪਰਜਾ ਸੁੱਖ ਆਨੰਦ ਵਿਚ ਹੋ ਗਈ। ਅਨਾਜ ਦਾ ਰੇਟ ਬਹੁਤ ਸਸਤਾ ਤੇ ਫ਼ੌਜ ਆਰਾਮ ਚੈਨ ਵਿਚ ਸੀ। ਪਰਜਾ ਆਨੰਦ ਤੇ ਅਮਨ-ਅਮਾਨ ਨਾਲ ਜੀਵਨ ਬਤੀਤ ਕਰ ਰਹੀ ਸੀ।"

ਵਿਚਾਰ ਅਧੀਨ ਰਚਨਾ ਦਾ ਵਿਸ਼ਾ-ਵਸਤੂ ਜਿੰਨਾ ਵਿਸਤ੍ਰਿਤ ਹੈ, ਘਟਨਾਵਾਂ ਦਾ ਵਿਸਤਾਰ ਓਨਾ ਹੀ ਸੰਖਿਪਤ ਹੈ ਜਿਸ ਕਰ ਕੇ ਬਹੁਤ ਸਾਰੇ ਭਰਮ-ਭੁਲੇਖੇ ਪੈਦਾ ਹੋ ਜਾਂਦੇ ਹਨ। ਸਿੱਖ ਇਤਿਹਾਸ ਦੇ ਅਰੰਭ ਤੋਂ ਲੈ ਕੇ ਮਿਸਲਾਂ ਦੇ ਸਮੇਂ ਤੱਕ ਚਾਰ ਸਦੀਆਂ ਦੇ ਸਿੱਖ ਇਤਿਹਾਸ ਨੂੰ 40 ਤੋਂ ਵੀ ਘੱਟ ਪੰਨਿਆਂ ਵਿਚ ਸਮੇਟਿਆ ਗਿਆ ਹੈ। ਸੰਪਾਦਕ ਦੱਸਦਾ ਹੈ ਕਿ ਇਸ ਸੰਖਿਪਤ ਜਾਣਕਾਰੀ ਵਿਚ ਕੁਝ ਸਿਧਾਂਤਕ ਅਤੇ ਇਤਿਹਾਸਕ ਉਕਾਈਆਂ ਸਪੱਸ਼ਟ ਨਜ਼ਰ ਆਉਂਦੀਆਂ ਹਨ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਜ਼ਮਾਨੇ ਨਾਲੋਂ ਸਬੰਧ ਤੋੜ ਕੇ ਇਕਾਂਤ ਦਾ ਰਸਤਾ ਇਖਤਿਆਰ ਕਰ ਲਿਆ ਸੀ, ਗੁਰੂ ਨਾਨਕ ਦੇਵ ਜੀ ਨੇ ਅਦਵੈਤ ਸਬੰਧੀ ਇਕ ਕਿਤਾਬ ਲਿਖੀ ਸੀ ਜਿਸ ਦਾ ਨਾਉਂ ਗ੍ਰੰਥ ਪੈ ਗਿਆ ਸੀ, ਗੁਰੂ ਨਾਨਕ ਦੇਵ ਜੀ ਦੀ ਔਲਾਦ ਨੂੰ ਭੱਲੇ ਦੱਸਿਆ ਗਿਆ ਹੈ, ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਤੇਗ਼ ਬਹਾਦਰ ਜੀ ਅਤੇ ਬੰਦਾ ਸਿੰਘ ਬਹਾਦਰ ਨੂੰ ਗੁਰੂ ਗੋਬਿੰਦ ਸਿੰਘ ਜੀ ਸਮਝਣ ਦਾ ਟਪਲਾ ਖਾ ਗਿਆ ਹੈ, ਬਾਬਾ ਬੰਦਾ ਸਿੰਘ ਬਹਾਦਰ ਨੂੰ ਜ਼ਾਲਮ ਸਿੱਧ ਕਰਦਾ ਹੈ, ਮਾਖੋਵਾਲ (ਲੋਹਗੜ੍ਹ ਦੀ ਜਗ੍ਹਾ) ਵਿਖੇ ਬੰਦਾ ਸਿੰਘ ਬਹਾਦਰ ਨੇ ਕਿਲਾ ਬਣਵਾਇਆ ਸੀ ਆਦਿ। ਗੁਰਮਤੇ ਨੂੰ ਸਿੱਖਾਂ ਵਿਚ ਸਭ ਤੋਂ ਵਧੇਰੇ ਮਹੱਤਵਪੂਰਨ ਅਤੇ ਪਵਿੱਤਰ ਸੰਸਥਾ ਮੰਨਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿੱਖ ਗੁਰਮਤਾ ਕਰਦੇ ਸਨ ਜਿਸ ਦਾ ਉਦੇਸ਼ ਸਥਿਤੀਆਂ ਦੇ ਸਨਮੁਖ ਲੋਕਾਂ ਦੀ ਅਗਵਾਈ ਅਤੇ ਰਾਖੀ ਕਰਨਾ ਹੁੰਦਾ ਸੀ। ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਨਾਲ ਗੁਰਮਤੇ ਦੀ ਪ੍ਰੋੜਤਾ ਹੋ ਜਾਂਦੀ ਸੀ ਅਤੇ ਸਮੂਹ ਸਿੱਖ ਆਪਣੇ ਨਿਜੀ ਵਿਚਾਰ ਅਤੇ ਮਤਭੇਦ ਭੁਲਾ ਕੇ ਗੁਰਮਤੇ ਨੂੰ ਲਾਗੂ ਕਰਨ ਲਈ ਯਤਨਸ਼ੀਲ ਹੋ ਜਾਂਦੇ ਸਨ। ਇਸ ਮੌਕੇ ਲੇਖਕ ਵੱਲੋਂ ਸਿੱਖਾਂ ਵਿਚ ਗਾਲੀ-ਗਲੋਚ ਦੱਸਣਾ ਇਕ ਸਿਧਾਂਤਕ ਉਕਾਈ ਹੈ ਜਿਹੜੀ ਕਿ ਸੰਸਥਾ ਦੇ ਨਿਯਮਾਂ ਦੇ ਉਲਟ ਹੈ।

ਹਕੀਕਤ-ਏ-ਸਿੱਖਾਂ ਸਿਰਲੇਖ ਅਧੀਨ ਰਚਨਾ ਬਹੁਤ ਸਾਰੇ ਸਿੱਖ ਸਿਧਾਂਤਾਂ ਅਤੇ ਪਰੰਪਰਾਵਾਂ ਨੂੰ ਸਹੀ ਰੂਪ ਵਿਚ ਉਜਾਗਰ ਵੀ ਕਰਦੀ ਹੈ ਜਿਵੇਂ ਗੁਰੂ ਨਾਨਕ ਦੇ ਧਰਮ ਵਿਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ, ਸਿੱਖ ਅਰਦਾਸ ਕਰਦੇ ਹਨ, ਰੱਬੀ ਪ੍ਰੇਮ ਵਧਾਉਣ ਵਾਲੇ ਕਲਾਮ (ਬਾਣੀ) ਨੂੰ ਪੜ੍ਹਦੇ ਹਨ, ਸਿਰ ਅਤੇ ਦਾੜ੍ਹੀ ਦੇ ਵਾਲ ਨਹੀਂ ਕਟਵਾਉਂਦੇ, ਤੰਬਾਕੂ ਨਹੀਂ ਖਾਂਦੇ, ਹੁੱਕੇ ਨਾਲ ਕਮਾਲ ਦੀ ਨਫ਼ਰਤ ਕਰਦੇ ਹਨ, ਲੋਹੇ ਦਾ ਕੜਾ ਪਹਿਨਦੇ ਹਨ, ਸਿਰ 'ਤੇ ਦਸਤਾਰ ਸਜਾਉਂਦੇ ਹਨ, ਖੰਡੇ ਦੀ ਪਾਹੁਲ ਗ੍ਰਹਿਣ ਕਰਦੇ ਹਨ, ਪ੍ਰਸ਼ਾਦ ਨੂੰ ਬਰਕਤ ਵਾਲੀ ਚੀਜ਼ ਸਮਝਦੇ ਹਨ, ਵਾਹਿਗੁਰੂ ਜੀ ਕੀ ਫ਼ਤਹ ਬੁਲਾਉਂਦੇ ਹਨ, ਗੁਰੂ ਦੀ ਸੇਵਾ ਕਰਦੇ ਹਨ ਆਦਿ। ਇਸ ਦੇ ਨਾਲ ਹੀ ਇਸ ਰਚਨਾ ਦਾ ਲੇਖਕ ਦੱਸਦਾ ਹੈ ਕਿ ਸਿੱਖ ਬੰਦੇ ਪ੍ਰਤੀ ਆਸਥਾ ਰੱਖਦੇ ਸਨ ਅਤੇ ਸ਼ਹੀਦ ਹੋਣਾ ਉੱਚਾ ਗੁਣ ਸਮਝਦੇ ਸਨ। ਗੁਰਮਤਾ, ਤਨਖਾਹ ਤੇ ਰਾਖੀ ਸਿਸਟਮ ਸਿੱਖਾਂ ਦੀ ਰਵਾਇਤ ਦਾ ਅੰਗ ਹਨ। ਮਿਸਲਾਂ ਦੇ ਸਮੇਂ ਸਿੱਖ ਪੂਰਨ ਤੌਰ 'ਤੇ ਸਰਦਾਰ ਸਥਾਪਤ ਹੋ ਗਏ ਸਨ, "ਹਰੇਕ ਸਿੱਖ ਆਪਣੀ ਥਾਂ ਮੁਖਤਾਰ ਹੈ। ਜੇ ਕਿਸੇ ਕੋਲ ਦੋ ਘੋੜੇ ਤੇ ਆਪਣੀ ਜਾਗੀਰ ਵਿਚ ਇਕ ਪਿੰਡ ਹੈ ਤਾਂ ਉਹ ਕਿਸੇ ਦੇ ਸਲਾਮ ਦਾ ਮੁਥਾਜ ਨਹੀਂ।" ਕਿਤੇ-ਕਿਤੇ ਲੇਖਕ ਸਿੱਖਾਂ ਦੇ ਗੁਣਾਂ ਨੂੰ ਮੁਸਲਮਾਨਾਂ ਤੋਂ ਵੀ ਵਧੇਰੇ ਉਜਾਗਰ ਕਰ ਜਾਂਦਾ ਹੈ ਜਿਵੇਂ, "ਉਨ੍ਹਾਂ (ਭਾਵ ਸਿੱਖ ਪੰਥ) ਵਿਚ ਮੁਸਲਮਾਨਾਂ ਨਾਲੋਂ ਹਠ-ਧਰਮੀ ਬਹੁਤ ਘੱਟ ਹੁੰਦੀ ਹੈ ਬਲਕਿ ਉਹ ਸਾਰਿਆਂ ਨਾਲ ਕੋਈ ਫ਼ਰਕ ਨਹੀਂ ਕਰਦੇ।" ਇਨ੍ਹਾਂ ਸਮੂਹ ਗੁਣਾਂ ਦੇ ਬਾਵਜੂਦ ਲੇਖਕ ਇਸ ਗੱਲ ਵੱਲ ਸੰਕੇਤ ਕਰ ਜਾਂਦਾ ਹੈ ਕਿ ਮਿਸਲਾਂ ਦੀ ਸਥਾਪਤੀ ਉਪਰੰਤ ਸਿੱਖਾਂ ਵਿਚ ਮਰਯਾਦਾ ਸਬੰਧੀ ਢਿੱਲੜਪੁਣਾ ਪੈਦਾ ਹੋਣ ਲੱਗਾ ਸੀ। ਭਾਵੇਂ ਕਿ ਇਸ ਰਚਨਾ ਦਾ ਲੇਖਕ ਮੁਸਲਮਾਨ ਜਾਪਦਾ ਹੈ ਪਰ ਉਹ ਮੁਗ਼ਲ ਹਾਕਮਾਂ ਵੱਲੋਂ ਸਿੱਖਾਂ 'ਤੇ ਕੀਤੇ ਗਏ ਜ਼ੁਲਮਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰਦਾ। ਸਿੱਖਾਂ 'ਤੇ ਕੀਤੇ ਜਾਣ ਵਾਲੇ ਜ਼ੁਲਮਾਂ ਦਾ ਜ਼ਿਕਰ ਕਰਦਾ ਹੋਇਆ ਉਹ ਕਹਿੰਦਾ ਹੈ, "ਫਿਰ ਉਸ (ਸ਼ਾਹ ਨਵਾਜ਼ ਖ਼ਾਨ) ਨੇ ਸਿੱਖਾਂ ਦੀਆਂ ਜੜ੍ਹਾਂ ਪੁੱਟਣ ਵੱਲ ਵਾਹ ਲਾਈ। ਜਿਸ ਸਮੇਂ ਕਿਸੇ ਸਿੱਖ ਨੂੰ ਫੜ ਕੇ ਲਿਆਉਂਦੇ ਸਨ, ਉਹ ਆਪਣੇ ਸਾਹਮਣੇ ਉਸ ਦਾ ਪੇਟ ਪਾੜਦਾ ਸੀ ਤੇ ਕਦੇ ਉਹ ਮੇਖਾਂ ਠੋਕਣ ਵਾਲੀ (ਹਥੌੜੀ) ਮਾਰ ਕੇ ਉਸ ਦੇ ਸਿਰ ਦਾ ਭੇਜਾ ਬਾਹਰ ਕੱਢ ਦਿੰਦਾ ਸੀ ਤੇ ਉਸ ਭੇਜੇ ਨੂੰ ਆਪਣੇ ਸਾਹਮਣੇ ਰੱਖ ਲੈਂਦਾ ਸੀ। ਉਹ ਅਕਸਰ ਖਾਣਾ ਖਾਣ ਵਿਚ ਰੁੱਝਿਆ ਰਹਿੰਦਾ ਸੀ। ਜਿਉਂ ਹੀ ਕਿਸੇ ਸਿੱਖ ਨੂੰ ਕੈਦੀ ਬਣਾ ਕੇ ਲਿਆਂਦਾ ਜਾਂਦਾ, ਉਹ ਹੁਕਮ ਦਿੰਦਾ ਸੀ ਕਿ ਇਸ ਦਾ ਪਿੱਤਾ ਬਾਹਰ ਕੱਢੋ। ਸੋ ਹਾਜੀ ਕਾਫ਼ਿਰ ਉਸ ਦਾ ਉਸ ਦਾ ਪਿੱਤਾ ਬਾਹਰ ਕੱਢ ਦਿੰਦਾ ਸੀ। ਉਹ ਉਸ ਪਿੱਤੇ ਨੂੰ ਆਪਣੇ ਦਸਤਰਖਾਨ 'ਤੇ ਰੱਖ ਲੈਂਦਾ ਸੀ ਤੇ ਅਤਿਅੰਤ ਪ੍ਰਸੰਨ ਹੋ ਕੇ ਭੋਜਨ ਛਕਦਾ ਸੀ।" ਇਸੇ ਤਰ੍ਹਾਂ ਮੀਰ ਮਨੂੰ ਦੇ ਸਮੇਂ ਸਿੱਖਾਂ 'ਤੇ ਹੋਏ ਜ਼ੁਲਮਾਂ ਦਾ ਵੇਰਵਾ ਦਿੰਦੇ ਹੋਏ ਲੇਖਕ ਦੱਸਦਾ ਹੈ, "ਮੁਗ਼ਲ ਉਨ੍ਹਾਂ ਦੇ ਸਿਰ ਕੱਟ ਕੇ ਲਿਆਉਂਦੇ ਸਨ ਤੇ ਇਨਾਮ ਪ੍ਰਾਪਤ ਕਰਦੇ ਸਨ... ਕੋਈ ਇਕ ਮਹੀਨਾ ਭੀ ਅਜਿਹਾ ਨਹੀਂ ਸੀ ਜਦੋਂ ਸਿੱਖਾਂ ਦੇ ਵੀਹ ਸਿਰ ਕੱਟ ਕੇ ਸ਼ਹਿਰ ਵਿਚ ਨਾ ਲਿਆਂਦੇ ਗਏ ਹੋਣ।"

ਇਸ ਰਚਨਾ ਵਿਚ ਬੰਦਾ ਸਿੰਘ ਬਹਾਦਰ ਦੇ ਅੰਤਿਮ ਸੰਸਕਾਰ ਦਾ ਅਸਥਾਨ ਸਬੰਧੀ ਸਭ ਤੋਂ ਮਹੱਤਵਪੂਰਨ ਸਰੋਤ ਸਾਹਮਣੇ ਆਇਆ ਹੈ। ਹੁਣ ਤੱਕ ਜਿੰਨੇ ਵੀ ਫ਼ਾਰਸੀ ਸਰੋਤ ਗੁਰਮੁਖੀ ਜਾਂ ਅੰਗਰੇਜ਼ੀ ਭਾਸ਼ਾ ਵਿਚ ਮਿਲਦੇ ਹਨ ਉਹ ਸਾਰੇ ਬੰਦਾ ਸਿੰਘ ਬਹਾਦਰ ਦੇ ਜੰਗਜੂ ਕਾਰਨਾਮਿਆਂ, ਉਸ ਦੀ ਗ੍ਰਿਫ਼ਤਾਰੀ, ਉਸ ਦੇ ਸਾਥੀਆਂ ਦੀ ਸ਼ਹਾਦਤ, ਉਸ ਨੂੰ ਤਸੀਹੇ ਦੇਣ ਦਾ ਵਿਸਤਾਰ ਵਰਨਣ ਕਰਦੇ ਹਨ ਪਰ ਉਸ ਨੂੰ ਸ਼ਹੀਦ ਕਰਨ ਉਪਰੰਤ ਉਸ ਦੇ ਸਰੀਰ ਦੀਆਂ ਅੰਤਿਮ ਰਸਮਾਂ ਸਬੰਧੀ ਮੌਨ ਹਨ। ਇਸ ਰਚਨਾ ਵਿਚ ਬੰਦਾ ਸਿੰਘ ਬਹਾਦਰ ਦੇ ਅੰਤਿਮ ਸੰਸਕਾਰ ਦਾ ਵਰਨਣ ਮਿਲਦਾ ਹੈ ਜਿਸ ਸਬੰਧੀ ਉਲੇਖ ਕਰਦੇ ਹੋਏ ਲੇਖਕ ਦੱਸਦਾ ਹੈ ਕਿ, "ਜਿਹੜੇ ਸਿੱਖ ਸ਼ਹਿਰ ਵਿਚ ਦੁਕਾਨਦਾਰੀ ਕਰਦੇ ਸਨ ਤੇ ਪਰਚੂਨੀਏ ਸਨ, ਉਨ੍ਹਾਂ ਨੇ ਪ੍ਰਵਾਨਗੀ ਲੈ ਕੇ, ਉਸ ਦੀ ਲਾਸ਼ ਨੂੰ ਚੁੱਕ ਕੇ ਸ਼ਹਿਰੋਂ ਬਾਹਰ ਲੈ ਜਾ ਕੇ ਬਾਰ੍ਹਾਂ-ਪੁਲਾਂ ਦੇ ਅਸਥਾਨ 'ਤੇ ਉਸ ਕਾਲੇ ਦਿਲ ਵਾਲੇ ਦਾ ਦਾਹ ਸੰਸਕਾਰ ਕਰ ਦਿੱਤਾ।" ਇਸ ਰਚਨਾ ਨੂੰ ਪੜ੍ਹਨ ਉਪਰੰਤ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਜੇਕਰ ਰਚਨਾ ਵਿਚ ਘਟਨਾਵਾਂ ਦੀ ਤਰਤੀਬ ਸਹੀ ਹੋਵੇ ਤਾਂ ਤੱਥਾਂ ਨੂੰ ਸਮਝਣ ਵਿਚ ਸੌਖ ਹੁੰਦੀ ਹੈ। ਜੇਕਰ ਘਟਨਾਵਾਂ ਅੱਗੇ-ਪਿੱਛੇ ਹੋ ਜਾਣ ਤਾਂ ਤੱਥਾਂ ਨੂੰ ਸਮਝਣ ਲਈ ਹੋਰਨਾਂ ਸਰੋਤਾਂ ਦੀ ਲੋੜ ਪੈਂਦੀ ਹੈ। ਕੁਝ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ ਜਿਨ੍ਹਾਂ ਦੀ ਤਰਤੀਬ ਅਤੇ ਤਾਰੀਖ਼ ਗੁਆਚ ਜਾਂਦੀ ਹੈ ਪਰ ਉਹਨਾਂ ਦਾ ਬਿਰਤਾਂਤ ਮਨ 'ਤੇ ਉਕਰਿਆ ਜਾਂਦਾ ਹੈ ਅਤੇ ਜਦੋਂ ਬਿਰਤਾਂਤ ਪੜ੍ਹਿਆ ਜਾਂਦਾ ਹੈ ਤਾਂ ਅਤੀਤ ਦੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਉਸ ਨਾਲ ਜੁੜ ਕੇ ਸਹੀ ਤੱਥ ਤੱਕ ਪਹੁੰਚਣ ਵਿਚ ਸਹਾਈ ਹੋ ਜਾਂਦੀਆਂ ਹਨ। ਇਸ ਵਿਚ ਉਕਾਈ ਇਹ ਹੈ ਕਿ ਜੇਕਰ ਸਧਾਰਨ ਪਾਠਕ ਅਜਿਹੀ ਰਚਨਾ ਪੜ੍ਹ ਰਿਹਾ ਹੈ ਤਾਂ ਉਹ ਭਰਮ-ਭੁਲੇਖਿਆਂ ਦਾ ਸ਼ਿਕਾਰ ਹੋ ਸਕਦਾ ਹੈ। ਸਿੱਖ ਇਤਿਹਾਸ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਇਹ ਇਕ ਮਹੱਤਵਪੂਰਨ ਦਸਤਾਵੇਜ਼ ਹੈ। ਡਾ. ਬਲਵੰਤ ਸਿੰਘ ਢਿੱਲੋਂ ਨੇ ਇਸ ਮਹੱਤਵਪੂਰਨ ਰਚਨਾ ਨੂੰ ਪਾਠਕਾਂ ਦੇ ਸਨਮੁਖ ਪੇਸ਼ ਕੀਤਾ ਹੈ, ਉਹ ਵਧਾਈ ਦੇ ਪਾਤਰ ਹਨ।

(ਸਿੱਖ ਵਿਸ਼ਵਕੋਸ਼ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ)

# ਅੰਸ਼ੂ ਸੇਠ ਦੇ ਅੰਗਰੇਜ਼ੀ ਨਾਵਲ ਨੂੰ ਪਾਇਆ ਸ਼ਬਦਾਂ ਦਾ ਸ਼ਗਨ

## ਵੈਨਕੂਵਰ ਵਿਚਾਰ ਮੰਚ ਵਲੋਂ ਅਨਡਾਈਂਗ ਫਲੇਮ ਉਪਰ ਵਿਚਾਰ ਗੋਸ਼ਟੀ

**ਸਰ੍ਹੀ/ਬਿਊਰੋ ਨਿਊਜ਼:**

ਵੈਨਕੂਵਰ ਵਿਚਾਰ ਮੰਚ ਵਲੋਂ, ਡਾ. ਸਾਧੂ ਸਿੰਘ ਤੇ ਪਤਰਕਾਰ ਸੁਰਿੰਦਰ ਚਾਹਲ ਦੇ ਸਹਿਯੋਗ ਨਾਲ ਨੂੰ ਪ੍ਰੋਗਰੈਸਿਵ ਕਲਚਰਲ ਸੈਂਟਰ ਸਰ੍ਹੀ ਵਿਚ ਲੰਘੇ ਐਤਵਾਰ ਸ੍ਰੀਮਤੀ ਅੰਸ਼ੂ ਸੇਠ ਦੇ ਅੰਗਰੇਜ਼ੀ ਨਾਵਲ, 'The Undying Flame' (ਅਬੁੱਝ ਜੋਤ) ਉਪਰ ਗੋਸ਼ਟੀ ਕਰਵਾਈ ਗਈ। ਸਭ ਤੋਂ ਪਹਿਲਾਂ ਸ. ਜਰਨੈਲ ਸਿੰਘ ਆਰਟਿਸਟ ਨੇ ਵੈਨਕੂਵਰ ਵਿਚਾਰ ਮੰਚ' ਦੇ ਪਿਛੋਕੜ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਸੰਸਥਾ ਦਾ ਮੰਤਵ ਗੋਸ਼ਟੀ ਦੀ ਰੀਤ ਨੂੰ ਕਾਇਮ ਰੱਖਣਾ ਹੈ। ਪਹਿਲਾਂ ਜਰਨੈਲ ਆਰਟਸ ਗੈਲਰੀ ਵਿਚ ਨਾਮਵਰ ਸ਼ਖ਼ਸੀਅਤਾਂ ਨਾਲ ਵਿਚਾਰ ਚਰਚਾਵਾਂ ਹੁੰਦੀਆਂ ਰਹਿੰਦੀਆਂ ਸਨ। ਹੁਣ ਉਸੇ ਲੜੀ ਵਿਚ 'ਵੈਨਕੂਵਰ ਵਿਚਾਰ ਮੰਚ' ਦੇ ਨਾਮ ਹੇਠ ਗੋਸ਼ਟੀ ਪਰੰਪਰਾ ਨੂੰ ਅਗੇ ਤੋਰਿਆ ਜਾ ਰਿਹਾ ਹੈ। ਕਿਸੇ ਵੀ ਵਿਸ਼ੇ ਉਪਰ ਮਿਲ ਬੈਠ ਕੇ, ਬਿਨਾਂ ਕਿਸੇ ਵਿਚਾਰਧਾਰਕ ਭਿੰਨ ਭੇਦ ਦੇ, ਵਿਚਾਰ ਚਰਚਾ ਕਰਨ ਕਰਵਾਉਣ ਲਈ ਵੈਨਕੂਵਰ ਵਿਚਾਰ ਮੰਚ' ਪ੍ਰਤੀਬੱਧ ਹੈ। ਵੈਨਕੂਵਰ ਵਿਚਾਰ ਮੰਚ ਦੀ ਜਾਣ ਪਹਿਚਾਣ ਕਰਵਾਉਣ ਮਗਰੋਂ ਉਹਨਾਂ ਨੇ ਪ੍ਰੋਗਰਾਮ ਨੂੰ ਸੰਚਾਲਤ ਕਰਨ ਲਈ ਸੁਰਿੰਦਰ ਚਾਹਲ ਨੂੰ ਸੱਦਾ ਦਿੱਤਾ।



ਪ੍ਰਧਾਨਗੀ ਮੰਡਲ ਵਿਚ ਡਾ. ਸਾਧੂ ਸਿੰਘ, ਡਾ. ਸੁਰਿੰਦਰ ਧੰਜਲ, ਅੰਸ਼ੂ ਸੇਠ, ਜਰਨੈਲ ਸਿੰਘ ਸੇਖਾ ਤੇ ਸਾਧੂ ਬਿਨਿੰਗ ਸ਼ਾਮਿਲ ਸਨ। ਸੁਰਿੰਦਰ ਚਾਹਲ ਨੇ ਪਹਿਲਾਂ ਨਾਵਲਕਾਰ ਅੰਸ਼ੂ ਸੇਠ ਬਾਰੇ ਸੰਖੇਪ ਜਾਣਕਾਰੀ ਦਿੱਤੀ ਕਿ ਕਿਵੇਂ ਉਸ ਨੇ ਪੱਤਰਕਾਰੀ ਦਾ ਕਿੱਤਾ ਅਪਣਾਇਆ ਅਤੇ ਉਸ ਨੂੰ ਸੱਚੀਆਂ ਖ਼ਬਰਾਂ ਭੇਜਣ ਦਾ ਕੀ ਮੁੱਲ ਤਾਰਨਾ ਪਿਆ। ਕਿਵੇਂ ਉਸ ਨੂੰ ਹਿੰਦਸਤਾਨ ਟਾਈਮਜ਼ ਜਿਹੇ ਨਾਮਵਰ ਅੰਗਰੇਜ਼ੀ ਅਖ਼ਬਾਰ ਦੀ ਚੀਫ ਬਿਊਰੋ ਤੋਂ ਅਸਤੀਫਾ ਦੇਣਾ ਪਿਆ। ਫਿਰ ਉਸ ਨੂੰ ਇਹ ਨਾਵਲ ਲਿਖਣ ਦੀ ਕਿਉਂ ਲੋੜ ਪਈ। ਨਾਵਲ ਉਪਰ ਗੋਸ਼ਟੀ ਦਾ ਅਰੰਭ ਕਰਨ ਲਈ ਸੁਰਿੰਦਰ ਚਾਹਲ ਨੇ ਜਰਨੈਲ ਸਿੰਘ ਸੇਖਾ ਨੂੰ ਸੱਦਾ ਦਿੱਤਾ। ਸੇਖਾ ਨੇ ਆਪਣੇ ਪਰਚੇ ਵਿਚ ਲੋਕ ਰਾਜ ਦੇ ਚਾਰ ਥੰਮਾਂ, ਵਿਧਾਨ ਪਾਲਕਾ, ਕਾਰਜ ਪਾਲਕਾ, ਨਿਆਂ ਪਾਲਕਾ ਅਤੇ ਮੀਡੀਆ ਬਾਰੇ ਦੱਸਿਆ ਕਿ ਲੇਖਕਾ ਨੇ ਆਪਣੇ ਨਾਵਲ ਵਿਚ ਬਖ਼ੂਬੀ ਉਜਾਗਰ ਕੀਤਾ ਹੈ ਕਿ ਲੋਕ-ਤੰਤਰ ਕਿਵੇਂ ਭ੍ਰਿਸ਼ਟ-ਤੰਤਰ ਵਿਚ ਤਬਦੀਲ ਹੋ ਗਿਆ ਹੈ।

ਸਾਧੂ ਬਿਨਿੰਗ ਨੇ ਆਪਣੇ ਪਰਚੇ ਵਿਚ ਹਰਿਆਣਵੀ ਅਰੋੜਾ ਪਰਿਵਾਰ, ਜਿਸ ਦੀ ਕਹਾਣੀ 'ਤੇ ਇਹ ਨਾਵਲ ਆਧਾਰਤ ਹੈ, ਦੇ ਪੰਜਾਂ ਜੀਆਂ ਦੀ ਪਾਤਰ ਉਸਾਰੀ ਬਾਰੇ ਵਧੀਆ

ਬਾਕੀ ਸਫ਼ਾ 32 'ਤੇ

# ਕਾਰ ਹਾਦਸੇ 'ਚ ਇਕੋ ਪਰਿਵਾਰ ਦੇ ਪੰਜ ਜੀਆਂ ਦੀ ਮੌਤ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਸਰਹਿੰਦ-ਪਟਿਆਲਾ ਸੜਕ ਨਜ਼ਦੀਕ ਪਿੰਡ ਰੁੜਕੀ ਕੋਲ ਇਕ ਸਵਿਫ਼ਟ ਡਿਜ਼ਾਇਰ ਕਾਰ (ਪੀਬੀ-10 ਐਫ.ਪੀ. -5427) ਦਰੱਖ਼ਤ ਨਾਲ ਟਕਰਾ ਗਈ। ਇਸ ਹਾਦਸੇ ਦੌਰਾਨ ਕਾਰ ਵਿੱਚ ਸਵਾਰ ਇੱਕੋ ਪਰਿਵਾਰ ਦੇ ਪੰਜ ਜੀਆਂ ਦੀ ਮੌਤ ਹੋ ਗਈ ਜਦੋਂ ਕਿ ਦੋ ਗੰਭੀਰ ਜ਼ਖ਼ਮੀ ਹੋ ਗਏ। ਸੂਚਨਾ ਮਿਲਣ 'ਤੇ ਏ.ਐਸ.ਪੀ. ਡਾ. ਰਵਜੋਤ ਗਰੇਵਾਲ ਅਤੇ ਮੁੱਖ ਥਾਣਾ ਅਫ਼ਸਰ ਮੂਲੇਪੁਰ ਨੇ ਘਟਨਾ ਸਥਾਨ 'ਤੇ ਪੁੱਜ ਕੇ ਸਥਿਤੀ ਦਾ ਜਾਇਜ਼ਾ ਲਿਆ। ਜਾਣਕਾਰੀ ਅਨੁਸਾਰ ਲੁਧਿਆਣਾ ਦੇ ਪਿੰਡ ਦੁੱਗਰੀ ਦਾ ਇਕ ਪਰਿਵਾਰ ਕੈਥਲ (ਹਰਿਆਣਾ) ਤੋਂ ਇਕ ਸਮਾਗਮ ਵਿੱਚ ਸ਼ਮੂਲੀਅਤ ਕਰ ਕੇ ਲੁਧਿਆਣਾ ਪਰਤ ਰਿਹਾ ਸੀ ਕਿ ਅਚਾਨਕ ਇਹ ਹਾਦਸਾ ਵਾਪਰ ਗਿਆ। ਕਾਰ ਦਰੱਖ਼ਤ ਨਾਲ ਟਕਰਾ ਕੇ ਚਕਨਾਚੂਰ ਹੋ ਗਈ। ਕਾਰ ਵਿਚ ਸਵਾਰ ਸੁਨੀਲ ਤੇ ਸੋਨੀਆ (ਦੋਵੇਂ ਪਤੀ ਪਤਨੀ), ਉਨ੍ਹਾਂ ਦੀਆਂ ਦੋ ਪੁੱਤਰੀਆਂ ਦੀਆ (6 ਸਾਲ) ਤੇ ਮਾਨਵੀ (9 ਸਾਲ) ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂ ਕਿ ਬੇਬੀ, ਪਿੰਕੀ ਅਤੇ ਇਕ ਛੋਟੀ ਬੱਚੀ ਗੰਭੀਰ ਜ਼ਖ਼ਮੀ ਹੋ ਗਏ। ਏ.ਐਸ.ਪੀ. ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਜ਼ਖ਼ਮੀਆਂ ਨੂੰ ਚੰਡੀਗੜ੍ਹ ਦੇ ਹਸਪਤਾਲਾਂ ਵਿੱਚ ਰੈਫ਼ਰ ਕਰ ਦਿੱਤਾ ਗਿਆ ਹੈ। ਸ਼ਾਂਤੀ ਦੇਵੀ ਉਰਫ਼ ਪਿੰਕੀ ਪਤਨੀ ਪਾਰਸ ਦੀ ਹਸਪਤਾਲ 'ਚ ਜ਼ੇਰੇ ਇਲਾਜ ਮੌਤ ਹੋ ਗਈ।



# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

## ਭਾਰਤ ’ਤੇ ਮੁੜ ਵਰ੍ਹਿਆ ਕੁਦਰਤ ਦਾ ਕਹਿਰ, 49 ਮੌਤਾਂ

ਤੂਫਾਨ ਅਤੇ ਅਸਮਾਨੀ ਬਿਜਲੀ ਡਿੱਗਣ ਕਾਰਨ ਝਾਰਖੰਡ ਦੇ ਪਾਕੁਰ ਅਤੇ ਚਤਰਾ ਜ਼ਿਲ੍ਹਿਆਂ ਵਿੱਚ ਸੱਤ ਮੌਤਾਂ ਹੋ ਗਈਆਂ ਹਨ। ਪਾਕੁਰ ਜ਼ਿਲ੍ਹੇ ਦੇ ਕਨੀਜਹਾਰਾ ਪਿੰਡ ਵਿੱਚ ਤੂਫਾਨ ਅਤੇ ਬਾਰਸ਼ ਕਾਰਨ ਇਕ ਘਰ ਦੀ ਕੰਧ ਡਿੱਗਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਜਦੋਂ ਕਿ ਉਸ ਦੀ ਪਤਨੀ ਜ਼ਖ਼ਮੀ ਹੋ ਗਈ। ਇਹ ਜਾਣਕਾਰੀ ਇਥੋਂ ਦੀ ਪੁਲੀਸ ਨੇ ਦਿੱਤੀ। ਇਸ ਤੋਂ ਪਹਿਲਾਂ ਚਤਰਾ ਜ਼ਿਲ੍ਹੇ ਵਿੱਚ ਦੋ ਵੱਖ ਵੱਖ ਥਾਵਾਂ ‘ਤੇ ਅਸਮਾਨੀ ਬਿਜਲੀ ਡਿੱਗਣ ਕਾਰਨ ਚਾਰ ਮੌਤਾਂ ਹੋ ਗਈਆਂ ਅਤੇ ਕਈ ਜ਼ਖ਼ਮੀ ਹੋ ਗਏ।

ਉਧਰ ਭਾਰਤੀ ਮੌਸਮ ਵਿਭਾਗ (ਆਈਐਮਡੀ) ਨੇ ਕਿਹਾ ਕਿ ਦੱਖਣ ਪੱਛਮੀ ਮੌਨਸੂਨ ਆਪਣੇ ਮਿੱਥੀ ਆਮਦ ਤੋਂ ਤਿੰਨ ਦਿਨ ਪਹਿਲਾਂ ਕੇਰਲਾ ਤੱਟ ‘ਤੇ ਪਹੁੰਚ ਗਈ ਹੈ। ਇਸ ਦੱਖਣੀ ਰਾਜ ‘ਤੇ ਮੌਨਸੂਨ ਦੀ ਆਮਦ ਨਾਲ ਦੇਸ਼ ਵਿੱਚ ਚਾਰ ਮਹੀਨੇ ਲੰਮੇ ਬਰਸਾਤੀ ਸੀਜ਼ਨ ਦੀ ਸ਼ੁਰੂਆਤ ਹੋ ਗਈ ਹੈ। ਆਮ ਤੌਰ ‘ਤੇ ਦੇਸ਼ ਵਿੱਚ ਮੌਨਸੂਨ ਪਹਿਲੀ ਜੂਨ ਨੂੰ ਦਸਤਕ ਦਿੰਦੀ ਹੈ ਤੇ ਸਮੁੱਚੇ ਦੇਸ਼ ਨੂੰ ਆਪਣੇ ਕਲਾਵੇ ‘ਚ ਲੈਣ ਲਈ ਇਸ ਨੂੰ ਕਰੀਬ ਢਾਈ ਮਹੀਨੇ ਲਗਦੇ ਹਨ। ਆਈਐਮਡੀ ਨੇ ਇਸ ਵਾਰ ਦੇਸ਼ ਭਰ ਵਿੱਚ ਮੌਨਸੂਨ ਆਮ ਰਹਿਣ ਦੀ ਪੇਸ਼ੀਨਗੋਈ ਕੀਤੀ ਸੀ। ਆਈਐਮਡੀ ਅਨੁਸਾਰ ਜੇ 10 ਮਈ ਤੋਂ ਬਾਅਦ ਮਿਨੀਕੋਏ, ਅਮੀਨੀ, ਤਿਰੂਵਨੰਤਪੁਰਮ, ਪੁਨਾਲੁਰ, ਕੌਲਾਮ, ਅਲਾਪੁੜਾ, ਕੋਟਾਯਮ, ਕੋਚੀ, ਤ੍ਰਿਸੁਰ, ਕੋਜ਼ੀਕੋੜ, ਤਲਾਸਰੀ , ਕੰਨੂਰ, ਕੁਡਲੂ ਤੇ ਮੰਗਲੌਰ ਵਿਚਲੇ 14 ਸਟੇਸ਼ਨਾਂ ‘ਚੋਂ 60 ਫ਼ੀਸਦ ਸਟੇਸ਼ਨਾਂ ‘ਤੇ ਲਗਾਤਾਰ ਦੋ ਦਿਨ 2.5 ਐਮਐਮ ਜਾਂ ਇਸ ਤੋਂ ਵੱਧ ਮੀਂਹ ਪੈਣ ਦੀ ਰਿਪੋਰਟ ਮਿਲਦੀ ਹੈ ਤਾਂ ਦੂਜੇ ਦਿਨ ਕੇਰਲਾ ਵਿਚ ਮੌਨਸੂਨ ਦਾ ਐਲਾਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਮੁੰਦਰੀ ਸਤਹਿ ਤੋਂ ਪੱਛਮੀ ਹਵਾਵਾਂ ਦਾ ਰੁਖ਼ ਦੇਖ ਕੇ ਵੀ ਮੌਨਸੂਨ ਦੀ ਆਮਦ ਦਾ ਐਲਾਨ ਕੀਤਾ ਜਾਂਦਾ ਹੈ।

### ‘ਸਿੰਘ ਬਣਿਆ ਫਿਰ ਕਿੰਗ’

ਇਸ ਸੰਬੰਧ ਵਿਚ ਪ੍ਰਸਿੱਧ ਪੱਤਰਕਾਰ ਰਵੀਸ਼ ਕੁਮਾਰ ਲਿਖਦੇ ਹਨ ਕਿ 22 ਮਈ ਨੂੰ ਗਗਨਦੀਪ ਸਿੰਘ ਨੇ ਨੈਨੀਤਾਲ ਦੇ ਗਿਰਜਾ ਦੇਵੀ ਮੰਦਰ ਵਿਚ ਇਕ ਗੱਭਰੂ ਨੂੰ ਹਿੰਸਕ ਭੀੜ ਦਾ ਸ਼ਿਕਾਰ ਹੋਣ ਤੋਂ ਬਚਾਇਆ ਇਹ ਨੌਜਵਾਨ ਮੰਦਰ ਵਿਚ ਆਪਣੀ ਪ੍ਰੇਮਿਕਾ ਦੇ ਨਾਲ ਆਇਆ ਹੋਇਆ ਸੀ। ਮੰਦਰ ਦੀ ਖ਼ੂਬਸੂਰਤ ਲੋਕੇਸ਼ਨ ਦੇ ਕਾਰਨ ਪ੍ਰੇਮੀ ਜੋੜੇ ਇਥੇ ਆਉਂਦੇ ਹਿੰਦੇ ਹਨ। ਮੰਦਰ ਵਿਚ ਉਸ ਵਕਤ ਰੌਲਾ ਰੱਪਾ ਪੈ ਗਿਆ, ਜਦ ਭਗਵੇਂਵਾਦੀਆਂ ਨੂੰ ਪਤਾ ਚੱਲਿਆ ਕਿ ਨੌਜਵਾਨ ਮੁਸਲਮਾਨ ਹੈ ਅਤੇ ਮੁਟਿਆਰ ਹਿੰਦੂ। ਭਗਵੀਂ ਭੀੜ ਇਹ ਜਾਣਦੇ ਹੀ ਉਸ ਗੱਭਰੂ ਨੂੰ ਮਾਰਨ ਦੇ ਲਈ ਹਿੰਸਕ ਹੋ ਗਈ। ਏਨਾ ਹੀ ਨਹੀਂ, ਭੀੜ ਵਿਚ ਮੌਜੂਦ ਕਈ ਲੋਕ ਮੁਟਿਆਰ ਨੂੰ ਵੀ ਮਾਰਨ ’ਤੇ ਉਤਾਰੂ ਸੀ। ਇਸ ਘਟਨਾ ਦਾ ਜੋ ਵੀਡੀਓ ਫੁਟੇਜ ਸਾਹਮਣੇ ਆਇਆ ਉਸ ਵਿਚ ਇਕ ਵਿਅਕਤੀ ਮੁਟਿਆਰ ਨੂੰ ਕਹਿ ਰਿਹਾ ਹੈ ਕਿ ਮੈਂ ਇਸ ਨੂੰ ਗੱਡ ਕੇ ਰੱਖ ਦਿਆਂਗਾ ਤੇ ਤੈਨੂੰ ਵੀ ਵੱਢ ਦਿਆਂਗਾ।

ਸ਼ੁਕਰ ਹੈ ਉਸ ਵਕਤ ਮੰਦਰ ਵਿਚ ਤੈਨਾਤ ਸਬ ਇੰਸਪੈਕਟਰ ਗਗਨਦੀਪ ਸਿੰਘ ਘਟਨਾ ਸਥਾਨ ’ਤੇ ਪਹੁੰਚ ਚੁੱਕੇ ਸਨ। ਉਨ੍ਹਾਂ ਬਿਨਾਂ ਡਰੇ ਹਿੰਸਕ ਭੀੜ ਤੋਂ ਉਸ ਗੱਭਰੂ ਨੂੰ ਬਚਾਇਆ। ਭੀੜ ਏਨੀ ਗੁੱਸੇ ਵਿਚ ਸੀ ਕਿ ਇਕ ਵਾਰ ਲੱਗਿਆ ਕਿ ਇਹ ਗਗਨਦੀਪ ਨੂੰ ਵੀ ਮਾਰਨਾ ਸ਼ੁਰੂ ਕਰ ਦੇਣਗੇ। ਪਰ ਗਗਨਦੀਪ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕੀਤੇ ਬਿਨਾਂ ਉਸ ਗੱਭਰੂ ਨੂੰ ਬਚਾ ਲਿਆ। ਪੂਰੀ ਘਟਨਾ ਦੇ ਦੌਰਾਨ ਗਗਨਦੀਪ ਸਿੰਘ ਨੇ ਉਸ ਗੱਭਰੂ ਨੂੰ ਸੀਨੇ ਨੂੰ ਲਗਾ ਕੇ ਫੜੀ ਰੱਖਿਆ ਤਾਂ ਕਿ ਉਸ ’ਤੇ ਕੋਈ ਹਮਲਾ ਨਾ ਹੋ ਸਕੇ। ਜਦ ਕਿ ਉੱਥੇ ਮੌਜੂਦ ਹੋਰ ਪੁਲੀਸ ਵਾਲੇ ਗਗਨਦੀਪ ਵਰਗੇ ਨਹੀਂ ਸਨ। ਉਨ੍ਹਾਂ ਦਾ ਇਸ ਘਟਨਾ ਦੇ ਬਾਅਦ ਉਹੀ ਰਵੱਈਆ ਸਾਹਮਣੇ ਆਇਆ ਜੋ ਉੱਥੇ ਮੌਜੂਦ ਹਿੰਸਕ ਭੀੜ ਦਾ ਸੀ। ਉਨ੍ਹਾਂ ਵਿਚੋਂ ਸਿਰਫ਼ ਗਗਨਦੀਪ ਹੀ ਅਜਿਹੇ ਸਨ ਜਿਨ੍ਹਾਂ ਨੇ ਆਪਣੀ ਜਾਨ ’ਤੇ ਖੇਡ ਕੇ ਉਸ ਗੱਭਰੂ ਨੂੰ ਬਚਾਇਆ। ਗਗਨਦੀਪ ਦੀ ਬਹਾਦਰੀ ’ਤੇ ਬਹੁਤ ਸਾਰੇ ਪ੍ਰਤੀਕਰਮ ਆ ਰਹੇ ਹਨ। ਕਿਸੇ ਦੇ ਲਈ ਉਹ ਨਾਇਕ ਹੈ ਤੇ ਕਿਸੇ ਦੇ ਲਈ ਖਲਨਾਇਕ। ਪਰ ਇਮਾਨਦਾਰੀ ਨਾਲ ਦੇਖਿਆ ਜਾਵੇ ਤਾਂ ਉਹ ਵਕਤ ਗਗਨਦੀਪ ਫਿਰਕੂ ਹਿੰਸਾ ਨਾਲ ਜੂਝ ਰਹੇ ਭਾਰਤ ਵਿਚ ਬਿਹਤਰੀ ਦੀ ਇਕ ਆਸ ਦੇ ਰੂਪ ਵਿਚ ਉਭਰਿਆ ਹੈ। ਅੱਜ ਜਿੱਥੇ ਭਾਰਤ ਫਿਰਕੂ ਅੱਗ ਵਿਚ ਬਲਦਾ ਜਾ ਰਿਹਾ ਹੈ, ਉੱਥੇ ਗਗਨਦੀਪ ਵਰਗੇ ਲੋਕ ਉਮੀਦ ਜਗਾਉਂਦੇ ਹਨ ਕਿ ਧਰਮ ਦੇ ਨਾਮ ’ਤੇ ਦੇਸ਼ ਦੇ ਸਮਾਜ ਨੂੰ ਤੋੜਨਾ ਸੰਭਵ ਨਹੀਂ। ਲੋਕ ਕਿਸੇ ਧਰਮ ਵਿਸ਼ੇਸ਼ ਦਾ ਹੋਣ ਤੋਂ ਪਹਿਲਾਂ ਇਨਸਾਨ ਹਨ। ਉਨ੍ਹਾਂ ਵਿਚ ਅੱਜ ਵੀ ਮਾਨਵਤਾ ਬਚੀ ਹੋਈ ਹੈ। ਉਹ ਬਗੈਰ ਧਰਮ ਤੇ ਜਾਤੀ ਦੇਖ ਕੇ ਮਨੁੱਖੀ ਹਿੱਤਾਂ ਦੇ ਲਈ ਸਰਗਰਮ ਹੋ ਜਾਂਦੇ ਹਨ ਤੇ ਹਰ ਇਨਸਾਨ ਦੇ ਪੱਖ ਵਿਚ ਖਲੌਂਦੇ ਹਨ, ਜਿਨ੍ਹਾਂ ਦੇ ਨਾਲ ਗਲਤ ਹੋ ਰਿਹਾ ਹੁੰਦਾ ਹੈ। ਕੁਝ ਫਿਰਕੂ ਲੋਕ ਆਪਣੀਆਂ ਲੱਖ ਕੋਸ਼ਿਸਾਂ ਦੇ ਬਾਵਜੂਦ ਨਾ ਤਾਂ ਦੇਸ ਨੂੰ ਤੋੜ ਸਕਦੇ ਹਨ ਤੇ ਨਾ ਮਨੁੱਖਤਾ ਦੀ ਹੱਤਿਆ ਕਰ ਸਕਦੇ ਹਨ। ਜਦ ਵੀ ਅਜਿਹੀਆਂ ਕੋਸ਼ਿਸ਼ਾਂ ਹੋਣਗੀਆਂ ਕੋਈ ਨਾ ਕੋਈ ਗਗਨਦੀਪ ਆਉਂਦਾ ਹੀ ਰਹੇਗਾ।

ਕੌਣ ਏ ਗਗਨਦੀਪ ਸਿੰਘ

ਨੈਨੀਤਾਲ ਜ਼ਿਲ੍ਹੇ ਦੇ ਰਾਮ ਨਗਰ ਵਿੱਚ ਤਾਇਨਾਤ ਗਗਨਦੀਪ ਸਿੰਘ ਦੋ ਕੁ ਸਾਲ ਪਹਿਲਾਂ ਹੀ ਐਮ ਕਾਮ ਕਰਨ ਉਪਰੰਤ ਉਤਰਾਖੰਡ ਪੁਲਿਸ ਵਿੱਚ ਭਰਤੀ ਹੋਇਆ ਸੀ। ਗਗਨਦੀਪ ਦੇ ਛੋਟੇ ਹੁੰਦਿਆਂ ਹੀ ਪਿਤਾ ਜੀ ਦੇ ਅਕਾਲ ਚਲਾਣਾ ਕਰਨ ਬਾਅਦ ਮਾਤਾ ਅਤੇ ਦਾਦੀ ਨੇ ਪਾਲਣ ਪੋਸਣ ਕੀਤਾ ਹੈ। ਗਗਨਦੀਪ ਦਾ ਪਰਿਵਾਰ ਧਾਰਮਿਕ ਹੈ। ਦਾਦੀ ਬੇਸ਼ੱਕ ਹੁਣ ਵਿਦੇਸ਼ ਵਿੱਚ ਰਹਿੰਦੇ ਨੇ ਪਰ ਮਹੀਨੇ ਵਿੱਚ ਇੱਕ ਸਹਿਜ ਪਾਠ ਜਰੂਰ ਕਰਦੇ ਹਨ। ਸ਼ਾਇਦ ਘਰ ਵਿਚਲੇ ਧਾਰਮਿਕ ਮਾਹੌਲ ਦੀ ਹੀ ਦੇਣ ਹੈ ਕਿ ਬਿਨ੍ਹਾਂ ਸਰਵਿਸ ਰਿਵਾਲਵਰ ਬਾਹਰ ਕੱਢਿਆਂ ਗਗਨਦੀਪ ਦੇ ਵੱਡੇ ਜਿਗਰੇ ਨੇ ਇੱਕ ਨਿਹੱਥੇ ਮੁਸਲਿਮ ਨੌਜਵਾਨ ਨੂੰ ਸੈਂਕੜਿਆਂ ਦੀ ਭੀੜ ਤੋਂ ਬਚਾ ਲਿਆ। ਵਾਇਰਲ ਹੋਈਆਂ ਤਸਵੀਰਾਂ ਤੇ ਵੀਡਿਉ ਵਿੱਚ ਸਾਫ ਨਜ਼ਰ ਆਉਦਾ ਹੈ ਕਿ ਜੇ ਇਹ ਸਰਦਾਰ ਗਗਨਦੀਪ ਸਿੰਘ ਬਚਾਅ ਨਾ ਕਰਦਾ ਤਾਂ ਕਾਬੂ ਨੌਜਵਾਨ ਨੂੰ ਭਗਵੀਂ ਭੀੜ ਨੇ ਬਹੁਤ ਭਿਆਨਕ ਮੌਤ ਮਾਰਨਾ ਸੀ ਤੇ ਇਸ ਕਤਲ ਬਾਅਦ ਫਿਰਕੂ ਦੰਗੇ ਭੜਕਣੇ ਨਿਸ਼ਚਤ ਸਨ। ਗਗਨਦੀਪ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਰਿਸਤਦਾਰੀ ਵਿਚੋਂ ਉਹਨਾਂ ਦੇ ਮਾਮਾ ਲਗਦੇ ਬੈਲਜ਼ੀਅਮ ਵਾਸੀ ਤਰਸੇਮ ਸਿੰਘ ਸ਼ੇਰਗਿੱਲ ਦਸਦੇ ਹਨ ਕਿ ਗਗਨਦੀਪ ਨੂੰ ਲੋਕ ਸੇਵਾ ਦਾ ਚਾਅ ਹੀ ਏਨਾ ਹੈ ਜਿਸ ਕਾਰਨ ਉਹ ਪੁਲਿਸ ਵਿੱਚ ਭਰਤੀ ਹੋਇਆ ਵਰਨਾਂ ਉਹ ਇਕੱਲਾ 60 ਏਕੜ ਜਮੀਨ ਦਾ ਮਾਲਕ ਹੈ ਤੇ ਇੱਕੋ ਭੈਣ ਇਸੇ ਸਾਲ ਦੇ ਸੁਰੂ ਵਿੱਚ ਵਿਆਹੀ ਹੈ ਜੋ ਗੁਰੂ ਰਾਮਦਾਸ ਹਸਪਤਾਲ ਵਿੱਚ ਡਾਕਟਰ ਹਨ। ਗਗਨਦੀਪ ਦੇ ਚਾਹੁਣ ਵਾਲਿਆਂ ਦਾ ਕਹਿਣਾ ਹੈ ਕਿ ਸਰਕਾਰ ਅਤੇ ਹੋਰ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਉਸ ਦੇ ਵੱਲੋਂ ਆਪਣੀ ਜਾਨ ਜੋਖਮ ਵਿੱਚ ਪਾ ਕੇ ਨਿਭਾਏ ਫਰਜ਼ ਨੂੰ ਦੇਖਦਿਆਂ ਉਸ ਦਾ ਬਣਦਾ ਮਾਣ-ਸਨਮਾਨ ਕਰਨ। ਗਗਨਦੀਪ ਵਲੋਂ ਭੀੜ ਦੇ ਖਿੰਡ ਜਾਣ ਪਿੱਛੋਂ ਮੁੰਡੇ ਤੇ ਕੁੜੀ ਨੂੰ ਆਪੋ-ਆਪਣੇ ਪਰਿਵਾਰਾਂ ਦੇ ਹਵਾਲੇ ਕਰ ਦਿੱਤਾ ਗਿਆ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਪੰਜ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਤਰਾਖੰਡ ਦੇ ਪੁਲੀਸ ਮੁਖੀ ਵਲੋਂ ਗਗਨਦੀਪ ਨੂੰ ਇਸ ਦਲੇਰਾਨਾ ਕਾਰਵਾਈ ਲਈ 3500 ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ।

## ਭਾਰਤੀ ਮੀਡੀਆ ਪੈਸੇ ਦੇ ਲਈ ਭਗਵੇਂ ਤੰਤਰ ਕੋਲ ਵਿਕਣ ਲਈ ਤਿਆਰ !

ਲਾਈਵ, ਪੰਜਾਬ ਕੇਸਰੀ, ਸੁਤੰਤਰ ਭਾਰਤ, ਸਕੂਪ ਬਹੂਪ, ਰੇਡਿਫ ਡਾਟ ਕਾਮ, ਆਜ (ਹਿੰਦੀ ਡੇਲੀ), ਸਾਧਨਾ ਪ੍ਰਾਈਮ ਨਿਊਜ਼, ਅਮਰ ਉਜਾਲਾ, ਯੂਐਨਆਈ ਵਰਗੇ ਮੀਡੀਆ ਜਗਤ ਦੇ ਵੱਡੇ ਨਾਮ ਸ਼ਾਮਲ ਹਨ। ਜਿੰਨ੍ਹਾਂ ਚਾਰ ਬਿੰਦੂਆਂ ’ਤੇ ਪਹਿਲੀ ਕਿਸ਼ਤ ਵਿਚ ਖੁਫੀਆ ਕੈਮਰੇ ਦੀ ਸਹਾਇਤਾ ਨਾਲ ਕੋਬਰਾ ਪੋਸਟ ਨੇ ਮੀਡੀਆ ਘਰਾਣਿਆਂ ਦਾ ਕਾਲਾ ਸੱਚ ਉਜਾਗਰ ਕੀਤਾ ਸੀ, ਉਨ੍ਹਾਂ ਬਿੰਦੂਆਂ ਨੂੰ ਆਧਾਰ ਬਣਾ ਕੇ ਇਸ ਦੂਸਰੀ ਕਿਸ਼ਤ ਵਿਚ ਖੁਫੀਆ ਕੈਮਰਿਆਂ ਦੀ ਸਹਾਇਤਾ ਨਾਲ ਕੋਬਰਾ ਪੋਸਟ ਨੇ ਮੀਡੀਆ ਘਰਾਣਿਆਂ ਦਾ ਕਾਲਾ ਸੱਚ ਉਜਾਗਰ ਕੀਤਾ ਹੈ। ਉਨ੍ਹਾਂ ਬਿੰਦੂਆਂ ਨੂੰ ਆਧਾਰ ਬਣਾ ਕੇ ਇਸ ਦੂਸਰੀ ਕਿਸ਼ਤ ਵਿਚ ਟਾਈਮਜ਼ ਆਫ ਇੰਡੀਆ ਟੂਡੇ, ਹਿੰਦੋਸਤਾਨ ਟਾਈਮਜ਼, ਜੀ ਨਿਊਜ਼, ਸਟਾਰ ਇੰਡੀਆ, ਨੈਟਵਰਕ 18, ਸੁਵਰਨਾ, ਏਬੀਪੀ ਨਿਊਜ਼, ਦੈਨਿਕ ਜਾਗਰਣ, ਰੇਡੀਓ 1, ਰੇਡ ਐਫ ਐਮ, ਲੋਕਮਤ, ਏਬੀਐਨ ਆਧਰਾ ਜਯੋਤੀ, ਟੀਵੀ-5, ਬਿਗ ਐਫ ਐਮ, ਕੇ ਨਿਊਜ਼, ਇੰਡੀਆ ਵਾਈਸ, ਦਾ ਨਿਊ ਇੰਡੀਅਨ ਐਕਸਪ੍ਰੈੱਸ, ਪੇਟੀਐਮ, ਭਾਰਤ ਸਮਾਚਾਰ, ਸਵਰਾਜ ਐਕਸਪ੍ਰੈੱਸ, ਵਰਤਮਾਨ, ਦੈਨਿਕ ਸੰਵਾਦ, ਐਮਵੀਟੀਵੀ ਅਤੇ ਓਪਨ ਮੈਗਜ਼ੀਨ ਨਾਲ ਸੰਪਰਕ ਕੀਤਾ। ਪਹਿਲਾ ਬਿੰਦੂ ਸੀ ਮੀਡੀਆ ਸੰਸਥਾਵਾਂ ਮੁਹਿੰਮ ਦੇ ਸ਼ੁਰੂਆਤੀ ਤੇ ਪਹਿਲੇ ਪੜਾਅ ਵਿਚ ਹਿੰਦੂਤਵ ਦਾ ਪ੍ਰਚਾਰ ਕਰਨਗੀਆਂ, ਜਿਸ ਦੇ ਤਹਿਤ ਧਾਰਮਿਕ ਪ੍ਰੋਗਰਾਮਾਂ ਦੇ ਰਾਹੀਂ ਹਿੰਦੂਤਵ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਦੂਸਰਾ ਇਸ ਦੇ ਬਾਅਦ ਵਿਨੈ ਕਟਾਰ, ਉਮਾ ਭਾਰਤੀ, ਮੋਹਨ ਭਾਗਵਤ ਤੇ ਦੂਸਰੇ ਭਗਵੇਂਵਾਦੀ ਨੇਤਾਵਾਂ ਦੇ ਭਾਸ਼ਣਾਂ ਨੂੰ ਉਤਸ਼ਾਹ ਦੇ ਕੇ ਸੰਪਰਦਾਇਕ ਤੌਰ ’ਤੇ ਵੋਟਰਾਂ ਨੂੰ ਜੁਟਾਉਣ ਲਈ ਮੁਹਿੰਮ ਖੜੀ ਕੀਤੀ ਜਾਵੇਗੀ। ਤੀਸਰਾ ਜਿਵੇਂ ਹੀ ਚੋਣਾਂ ਨੇੜੇ ਆ ਜਾਣਗੀਆਂ ਰਾਜਨੀਤਕ ਵਿਰੋਧੀਆਂ ਨੂੰ ਟਾਰਗੇਟ ਕੀਤਾ ਜਾਵੇਗਾ।

ਰਾਹੁਲ ਗਾਂਧੀ, ਮਾਇਆਵਤੀ, ਅਖਿਲੇਸ਼ ਯਾਦਵ ਵਰਗੇ ਵਿਰੋਧੀ ਦਲਾਂ ਦੇ ਵੱਡੇ ਨੇਤਾਵਾਂ ਨੂੰ ਪੱਪੂ, ਭੂਆ ਤੇ ਬਬੂਆ ਕਹਿ ਕੇ ਜਨਤਾ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ ਤਾਂ ਕਿ ਚੋਣਾਂ ਦੌਰਾਨ ਜਨਤਾ ਉਨ੍ਹਾਂ ਨੂੰ ਗੰਭੀਰਤਾ ਨਾਲ ਨਾ ਲੈਣ ਅਤੇ ਵੋਟਰਾਂ ਦਾ ਰੁੱਖ ਆਪਣੇ ਪੱਖ ਵਿਚ ਕੀਤਾ ਜਾ ਸਕੇ। ਚੌਥਾ ਮੀਡੀਆ ਸੰਸਥਾਵਾਂ ਨੂੰ ਇਹ ਮੁਹਿੰਮ ਉਨ੍ਹਾਂ ਦੇ ਕੋਲ ਮੌਜੂਦ ਸਾਰੇ ਪਲੇਟਫਾਰਮ ਤੇ ਜਿਵੇਂ ਪ੍ਰਿੰਟ, ਇਲੈਕਟ੍ਰੋਨਿਕ ਰੇਡੀਓ, ਡਿਜ਼ੀਟਲ, ਈ ਨਿਊਜ਼ ਪੋਰਟਲ ਵੈਬਸਾਈਟ ਦੇ ਨਾਲ ਸ਼ੋਸ਼ਲ ਮੀਡੀਆ ਵਰਗੇ ਫੇਸਬੁੱਕ ਤੇ ਟਵਿੱਟਰ ’ਤੇ ਚਲਾਉਣੀ ਹੋਵੇਗੀ।

ਕੋਬਰਾ ਪੋਸਟ ਦੇ ਲਈ ਪੂਰੀ ਜਾਂਚ ਪੜਤਾਲ ਪੱਤਰਕਾਰ ਪੁਸ਼ਪ ਸ਼ਰਮਾ ਨੇ ਸ੍ਰੀਮਤ ਭਾਗਵਤ ਗੀਤਾ ਪ੍ਰਚਾਰ ਸਮਿਤੀ, ਉਜੈਨ ਦਾ ਪ੍ਰਚਾਰਕ ਬਣ ਕੇ ਅਤੇ ਖੁਦ ਦਾ ਨਾਮ ਅਚਾਰੀਆ ਛਤਰਪਾਲ ਅਲ ਦਸ ਕੇ ਕੀਤੀ। ਉਨ੍ਹਾਂ ਨੇ ਪੂਰੀ ਪੜਤਾਲ ਦੇ ਦੌਰਾਨ ਹਰ ਜਗ੍ਹਾ ਆਪਣੀ ਇਕ ਪਛਾਣ ਦੱਸੀ ਤੇ ਇਕ ਅਨੁਭਵੀ ਗੀਤਾ ਪ੍ਰਚਾਰਕ ਦੇ ਵਸਤਰ ਪਾਏ। ਉਨ੍ਹਾਂ ਦਾਅਵਾ ਕੀਤਾ ਕਿ ਉਹ ਆਈਆਈਟੀ ਦਿੱਲੀ ਤੇ ਆਈਆਈਐਮ ਬੈਂਗਲੋਰ ਦੇ ਵਿਦਿਆਰਥੀ ਰਹੇ ਹਨ। ਪੁਸ਼ਪ ਨੇ ਮੀਡੀਆ ਸੰਸਥਾਵਾਂ ਨੂੰ ਆਪਣੇ ਸ਼ਿਕੰਜ਼ੇ ਵਿਚ ਲੈਣ ਦੇ ਲਈ ਆਪਣੇ ਆਪ ਨੂੰ ਰਾਜਸਥਾਨ ਦੇ ਝੁਜਨੂੰ ਦਾ ਰਹਿਣ ਵਾਲਾ ਦੱਸਿਆ ਤੇ ਕਿਹਾ ਕਿ ਉਹ ਹੁਣ ਅਸਟਰੇਲੀਆ ਵਿਚ ਵਸ ਗਏ ਹਨ ਤੇ ਸਕਾਟਲੈਂਡ ਵਿਚ ਆਪਣੀ ਈ-ਗੇਮਿੰਗ ਕੰਪਨੀ ਚਲਾਉਂਦੇ ਨ।

ਕਦੀ ਕਦੀ ਪੁਸ਼ਪ ਨੇ ਆਪਣੇ ਸਾਰੇ ਪਛਾਣ ਪੱਤਰਾਂ ਦਾ ਉਪਯੋਗ ਕੀਤਾ ਤਾਂ ਕਿ ਉਹ ਆਪਣਾ ਆਲ ਇੰਡੀਆ ਭਾਰਤੀ ਚਰਿੱਤਰ ਦਿਖਾ ਕੇ ਮੀਡੀਆ ਮਾਲਕਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਉਹ ਆਪਣੇ ਸੰਗਠਨ ਦੇ ਹੁਕਮ ਦੇ ਆਉਣ ਵਾਲੇ ਚੋਣਾਂ ਵਿਚ ਸੱਤਾਧਾਰੀ ਪਾਰਟੀ ਦੀ ਸਥਿਤੀ ਨੂੰ ਮਜ਼ਬੂਤ ਕਰਨ ਦੇ ਲਈ ਇਕ ਗੁਪਤ ਮਿਸ਼ਨ ’ਤੇ ਨਿਕਲੇ ਹਨ। ਉਨ੍ਹਾਂ ਨੇ ਮੁਹਿੰਮ ਨੂੰ ਚਲਾਉਣ ਦੇ ਇਵਜ ਵਿਚ ਮੋਟੀ ਰਕਮ ਦੇਣ ਦੀ ਗੱਲ ਕੀਤੀ। ਲਾਲਚ ਵਿਚ ਆ ਕੇ ਸਾਰੇ ਮੀਡੀਆ ਘਰਾਣਿਆਂ ਨੇ ਏਜੰਡੇ ਨੂੰ ਹੱਥੋਂ ਹੱਥ ਲਿਆ। ਕੋਬਰਾ ਵੈਬਸਾਈਟ ਦਾ ਦਾਅਵਾ ਹੈ ਕਿ ਸਾਰੇ ਮੀਡੀਆ ਸੰਸਥਾਵਾਂ ਨੇ ਪੈਸੇ ਦੇ ਲਾਲਚ ਵਿਚ ਆਪਣੇ ਸਿਧਾਂਤਾਂ ਨਾਲ ਸਮਝੌਤਾ ਕਰ ਲਿਆ। ਹਾਲਾਂ ਕਿ ਦੋ ਸੰਸਥਾਵਾਂ ਨੇ ਅਜਿਹਾ ਨਾ ਕਰਨ ਦੀ ਇਕ ਮਿਸਾਲ ਪੇਸ਼ ਕੀਤੀ। ਪੱਛਮ ਬੰਗਾਲ ਦੀ ਵਰਤਮਾਨ ਪੱਤਰਿਕਾ ਤੇ ਦੈਨਿਕ ਸੰਵਾਦ ਨੇ ਕੋਬਰਾ ਪੋਸਟ ਦੇ ਪੱਤਰਕਾਰ ਦੀ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਬਾਕੀ ਸਾਰੀਆਂ ਸੰਸਥਾਵਾਂ ਅਧਿਆਤਮਕਤਾ ਤੇ ਧਾਰਮਿਕ ਪ੍ਰਵਚਨ ਦੇ ਰਾਹੀਂ ਹਿੰਦੂਤਵ ਨੂੰ ਉਤਸ਼ਾਹਿਤ ਕਰਨ ਲਈ ਸਹਿਮਤ ਹੁੰਦੇ ਨਜ਼ਰ ਆਏ। ਇਹ ਮੀਡੀਆ ਸੰਸਥਾਵਾਂ ਦੇ ਮਾਲਕ ਫਿਰਕੂ ਉਦੇਸ਼ ਦੇ ਨਾਲ ਵੋਟਰਾਂ ਦਾ ਧਰੁਵੀਕਰਨ ਕਰਨ ਹਿੱਤ ਸਮੱਗਰੀ ਪ੍ਰਕਾਸ਼ਿਤ ਕਰਨ ਲਈ ਸਹਿਮਤ ਹੋਏ। ਸਾਰੀਆਂ ਸੰਸਥਾਵਾਂ ਨੇ ਸੱਤਾਧਾਰੀ ਪਾਰਟੀ ਨੂੰ ਫਾਇਦਾ ਪਹੁੰਚਾਉਣ ਦੇ ਲਈ ਉਸ ਦੇ ਰਾਜਨੀਤਕ ਵਿਰੋਧੀਆਂ ਦੇ ਖਿਲਾਫ਼ ਅਪਮਾਨਜਨਕ ਸਮੱਗਰੀ ਪ੍ਰਕਾਸ਼ਿਤ ਕਰਨ ਦੇ ਲਈ ਸਹਿਮਤੀ ਪ੍ਰਗਟਾਈ। ਇਥੋਂ ਤੱਕ ਇਸ ਸੌਦੇਬਾਜ਼ੀ ਦਾ ਹਿੱਸਾ ਬਣਨ ਲਈ ਮੀਡੀਆ ਘਰਾਣੇ ਕਾਲੇ ਧਨ ਦੇ ਰੂਪ ਵਿਚ ਨਗਦ ਭੁਗਤਾਨ ਲੈਣ ਦੇ ਲਈ ਰਾਜ਼ੀ ਹੁੰਦੇ ਦਿਖੇ ਤੇ ਤੀਸਰੇ ਪੱਖ ਜਾਂ ਕਿਸੇ ਏਜੰਸੀ ਦੇ ਰਾਹੀਂ ਨਾਲ ਕਾਲੇ ਧਨ ਨੂੰ ਸਫੈਦ ਕਰਕੇ ਉਸ ਨੂੰ ਹੋਰ ਰਸਤਿਆਂ ਤੋਂ ਸਵੀਕਾਰ ਕਰਨ ਵਿਚ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਸੀ।

ਜੋ ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਅਖਵਾਉਂਦਾ ਤੇ ਜਿਸ ਤੋਂ ਨਿਰਪੱਖਤਾ ਦੇ ਨਾਲ ਸਰਕਾਰ ਦੀ ਆਲੋਚਨਾ ਤੇ ਜਨਤਾ ਦੇ ਹਿੱਤ ਉਜਾਗਰ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਕੋਬਰਾ ਪੋਸਟ ਨੇ ਅਪਰੇਸ਼ਨ 136 ਦੀ ਦੂਸਰੀ ਕੜੀ ਵਿਚ ਉਸ ਮੀਡੀਆ ਸਮੂਹ ਦੇ ਮਾਲਕ ਗੱਲਬਾਤ ਵਿਚ ਖੁਦ ਨੂੰ ਹਿੰਦੂਤਵ ਤੇ ਰਾਸ਼ਟਰੀ ਸਵੈ ਸੇਵਕ ਸੰਘ ਦੀ ਵਿਚਾਰਧਾਰਾ ਨਾਲ ਜੁੜੇ ਹੋਣ ਦੀ ਗੱਲ ਮਾਣ ਨਾਲ ਕਹਿੰਦੇ ਨਜ਼ਰ ਆ ਰਹੇ ਸਨ। ਨਾਲ ਹੀ ਫਿਰਕੂਵਾਦ ਨੂੰ ਉਤਸ਼ਾਹਿਤ ਕਰਨ ਦੇ ਨਾਲ ਵੋਟਰਾਂ ਦਾ ਧਰੁਵੀਕਰਨ ਕਰਨ ਦੇ ਸੰਬੰਧ ਵਿਚ ਸਮੱਗਰੀ ਪ੍ਰਕਾਸ਼ਿਤ ਕਰਨ ਦੇ ਲਈ ਸਹਿਮਤ ਹੋਏ। ਕੋਬਰਾ ਪੋਸਟ ਦੁਆਰਾ ਜਾਰੀ ਵੀਡੀਓ ਕਲਿੱਪ ਵਿਚ ਕਈ ਅਜਿਹੇ ਹਨ ਜੋ ਸੱਤਾਧਾਰੀ ਪਾਰਟੀ ਨੂੰ ਫਾਇਦਾ ਪਹੁੰਚਾਉਣ ਦੇ ਲਈ ਉਨ੍ਹਾਂ ਦੇ ਰਾਜਨੀਤਕ ਵਿਰੋਧੀਆਂ ਦੇ ਖਿਲਾਫ਼ ਅਪਮਾਨਜਨਕ ਕੰਟੇਂਟ ਪੋਸਟ ਤੇ ਪ੍ਰਕਾਸ਼ਿਤ ਕਰਨ ਲਈ ਤਿਆਰ ਹੋਏ। ਇਨ੍ਹਾਂ ਵਿਚ ਕਈ ਇਸ ਸੌਦੇ ਨੂੰ ਹਰ ਸਾਲ ਵਿਚ ਹਾਸਲ ਕਰਨ ਦੇ ਲਈ ਤੇ ਆਪਣੇ ਗਾਹਕ ਦੇ ਕਾਲੇ ਧਨ ਨੂੰ ਖਪਾਉਣ ਦੇ ਲਈ ਕੈਸ਼ ਪੈਮੇਂਟ ਦੇ ਲਈ ਵੀ ਤਿਆਰ ਦਿਖੇ। ਇਨ੍ਹਾਂ ਵਿਚ ਕਈ ਸੰਸਥਾਵਾਂ ਦੇ ਅਧਿਕਾਰੀ ਥਰਡ ਪਾਰਟੀ ਜਾਂ ਏਜੰਸੀ ਦੇ ਮਾਧਿਅਮ ਨਾਲ ਕਾਲੇ ਧਨ ਨੂੰ ਸਫੈਦ ਕਰਕੇ ਉਸ ਨੂੰ ਦੂਸਰੇ ਰਸਤੇ ਤੋਂ ਹਾਸਲ ਕਰਨ ਲਈ ਸਹਿਮਤ ਹੋਏ। ਇਥੋਂ ਤੱਕ ਕਿ ਕੁਝ ਨੇ ਤਾਂ ਅੰਗੜੀਆ ਵਰਗੇ ਹਵਾਲੇ ਦੇ ਰਸਤੇ ਦਾ ਸੁਝਾਅ ਦਿੱਤਾ। ਜ਼ਾਹਿਰ ਹੈ ਕਿ ਇਸ ਤੋਂ ਪੱਤਰਕਾਰੀ ਦੇ ਮੂਲ ਸਿਧਾਂਤ ਤੇ ਉਸ ਦੀ ਨਿਰਪੱਖਤਾ ’ਤੇ ਸਵਾਲੀਆ ਨਿਸ਼ਾਨ ਤਾਂ ਲੱਗਦਾ ਹੀ ਹੈ। ਉਕਤ ਮੀਡੀਆ ਘਰਾਣਿਆਂ ਨੇ ਕੇਵਲ ਸੱਤਾਧਾਰੀ ਦਲ ਦੇ ਪੱਖ ਵਿਚ ਸਟੋਰੀ ਚਲਾਉਣ ’ਤੇ ਹੀ ਸਹਿਮਤੀ ਨਹੀਂ ਜਤਾਈ, ਬਲਕਿ ਸੱਤਾ ਵਿਰੋਧੀ ਦਲਾਂ ਦੇ ਖਿਲਾਫ਼ ਇਕ ਜਾਲ ਬੁਣ ਕੇ ਆਪਣੀ ਟੀਮ ਰਾਹੀਂ ਉਨ੍ਹਾਂ ਦੀ ਜਾਂਚ ਪੜਤਾਲ ਕਰਾਉਣ ਤੇ ਉਨ੍ਹਾਂ ਦੇ ਖਿਲਾਫ਼ ਸਟੋਰੀ ਚਲਾਉਣ ’ਤੇ ਰਜ਼ਾਮੰਦੀ ਜ਼ਾਹਿਰ ਕੀਤੀ ਹੈ।

## ਕੁੜੀਆਂ ਨਾਲ ਛੇੜਛਾੜ ਦੇ ਦੋਸ਼ ਚ 7 ਪੰਜਾਬੀ ਮੁੰਡੇ ਗ੍ਰਿਫਤਾਰ

ਸੂਚਿਤ ਕੀਤਾ। ਗਾਰਡਾਂ ਨੇ ਪਹਿਲਾਂ ਆਪਣੇ ਤੌਰ ਤੇ ਇਸ ਦੀ ਜਾਂਚ ਕੀਤੀ ਅਤੇ ਫਿਰ ਪੁਲਿਸ ਨੂੰ ਬੁਲਾਇਆ ਗਿਆ।. ਇਸ ਦੌਰਾਨ ਕੁਝ ਹੋਰ ਦੂਜੀਆਂ ਕੁੜੀਆਂ ਕੋਲੋਂ ਵੀ ਅਜਿਹੀਆਂ ਹੀ ਸ਼ਿਕਾਇਤਾਂ ਸੁਣਨ ਤੋਂ ਬਾਅਦ ਪੁਲਿਸ ਨੇ ਉਕਤ ਸੱਤ ਮੁੰਡਿਆਂ ਨੂੰ ਗ੍ਰਿਫਤਾਰ ਕਰ ਲਿਆ।

ਇਕ ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਅਜਿਹੀਆਂ ਗਲਤ ਹਰਕਤਾਂ ਪਾਰਕ ਤੋਂ ਇਲਾਵਾ ਹੋਰ ਥਾਵਾਂ ‘ਤੇ ਵੀ ਹੋਈਆਂ ਹਨ। ਰੋਜ਼ਵਿਲੇ ਪੁਲਿਸ ਨੇ ਇਸ ਘਟਨਾ ਦੀ ਜਾਣਕਾਰੀ ਗਾਰਡਾਂ ਨੂੰ ਦੇਣ ਲਈ ਕੁੜੀਆਂ ਦੀ ਸਰਾਹਨਾ ਕੀਤੀ ਹੈ।

## ਕਿਸ ਨੇ ਕੀ ਪਾਇਆ, ਕਿਸ ਨੇ ਕੀ ਗੁਆਇਆ ?

ਖ਼ੈਰ, ਕੇਂਦਰੀ ਸਰਕਾਰ ਜਿਹੜੀ ਅਸਲ ਵਿਚ ਭਾਰਤੀ ਸਟੇਟ ਦੇ ‘ਸਟੀਲ ਫਰੇਮ’ ਉਤੇ ਅਧਾਰਿਤ ਹੈ ਨੇ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਦੀ ਕਾਫ਼ੀ ਹੱਦ ਤੱਕ ਪ੍ਰਾਪਤੀ ਕਰ ਲਈ ਹੈ। ਸਿਵਾਏ ਕੁਝ ਅਣਕਿਆਸੀਆਂ ਘਟਨਾਵਾਂ ਦੇ ਵਾਪਰਨ ਤੋਂ। ਸਿੱਖਾਂ ਦੀ ਲੀਡਰਸ਼ਿਪ ਕੇਂਦਰੀ ਸਰਕਾਰ ਦੀ ਮਨਸ਼ਾ ਮੁਤਾਬਿਕ ਦੇਸ਼ ਦੀ ‘ਮੁਖਧਾਰਾ’ ਵਿਚ ਸ਼ਾਮਿਲ ਹੋ ਗਈ ਅਤੇ ‘ਬਲਿਊ ਸਟਾਰ’ ਤੇ ਨਵੰਬਰ 84 ਦੇ ਕਤਲੇਆਮ ਤੋਂ ਉਠੀਆਂ ਵਿਦਰੋਹੀ ਸੁਰਾਂ ਅਤੇ ਕਾਰਨਾਮਿਆਂ ਦੀ ਦਿਸ਼ਾਹੀਣਤਾ ਨੂੰ ਹੋਰ ਭੜਕਾਊ ਸੁਰ ਵਿਚ ਪਾ ਕੇ, ਕੇਂਦਰ ਵੱਲੋਂ ਇਕ ਹੋਰ ਦਸ ਸਾਲ ਲੰਬਾ ਖ਼ੂਨੀ ਸਾਕਾ ਪੰਜਾਬ ਵਿਚ ਰਚਿਆ ਗਿਆ। ਹੁਣ ਸਿੱਖਾਂ ਦੀ ਸਿਆਸੀ ਜਮਾਤ ਹੀ ਨਹੀਂ, ਸਮੁੱਚਾ ਸਿੱਖ ਭਾਈਚਾਰਾ ਹੀ ਪੰਜਾਬ ਵਿਚ ਸ਼ਾਂਤੀ ਅਤੇ ਅਮਨ ਕਾਇਮ ਰੱਖਣ ਦਾ ਇੱਛੁਕ ਹੈ।

ਸਵਾਲ ਤਾਂ ਇਹ ਹੈ ਕਿ ਸਰਕਾਰ ਨੇ ਕਿਹਾ ਸੀ ਕਿ ਸ੍ਰੀ ਦਰਬਾਰ ਸਾਹਿਬ ਵਿਚ ਫ਼ੌਜ ਇਸ ਕਰਕੇ ਭੇਜਣੀ ਪਈ ਕਿਉਂਕਿ ਉਥੇ ਸੰਤ ਭਿੰਡਰਾਂਵਾਲਿਆਂ ਦੀ ਕਮਾਨ ਹੇਠ ਹਥਿਆਰਬੰਦ ਬਾਗ਼ੀਆਂ ਨੇ ਕਬਜ਼ਾ ਕਰ ਲਿਆ ਸੀ, ਉਸ ਨੂੰ ਮੁਕਤ ਕਰਵਾਉਣਾ ਸੀਂ ਪਰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਨਾਲ-ਨਾਲ ਪੰਜਾਬ ਦੇ ਹੋਰ 38 ਗੁਰਦੁਆਰਿਆਂ ਵਿਚ ਕਿਉਂ ਇਕੋ ਸਮੇਂ ਫ਼ੌਜ ਦਾ ਹਮਲਾ ਹੋਇਆ? ਇਹ ਪ੍ਰਕਿਰਿਆ ਕਿਸੇ ਵੱਡੀ ਸਿਆਸੀ ਸਾਜ਼ਿਸ਼ ਵੱਲ ਸੰਕੇਤ ਕਰਦੀ ਹੈ।

ਅਸਲ ਵਿਚ ਪ੍ਰਾਈਵੇਟ ਟੀ. ਵੀ. ਚੈਨਲ ਉਸ ਸਮੇਂ ਨਹੀਂ ਸਨ ਅਤੇ ਅਖ਼ਬਾਰਾਂ ਨੂੰ ਕੰਟਰੋਲ ਕਰਕੇ ਸਰਕਾਰੀ ਟੈਲੀਵਿਜ਼ਨ ਅਤੇ ਰੇਡੀਓ ‘ਨੈੱਟਵਰਕ’ ਦੀ ਦੁਰਵਰਤੋਂ ਕਰਕੇ ਸਾਰੇ ਦੇਸ਼ ਵਿਚ ਸਿੱਖ ਵਿਰੋਧੀ ਫ਼ਿਜ਼ਾ ਖੜ੍ਹੀ ਕੀਤੀ, ਗਈ ਸੀ। ਸ੍ਰੀ ਦਰਬਾਰ ਸਾਹਿਬ ਨੂੰ ਅੱਤਵਾਦ ਦੇ ਕੇਂਦਰ ਅਤੇ ਸੋਮੇ ਵਜੋਂ ਪੇਸ਼ ਕੀਤਾ ਗਿਆ ਸੀ। ਅਕਾਲੀ ਲੀਡਰਾਂ ਨੂੰ ‘ਸ਼ੈਤਾਨ, ਸ਼ਾਤਰ ਅਤੇ ਖਲਨਾਇਕਾਂ’ ਵਜੋਂ ਉਭਾਰਿਆ ਗਿਆ। ਗੁਪਤ ਅਤੇ ਅਦਿੱਖ ਤਰੀਕੇ ਵਰਤ ਕੇ ਹਿੰਦੂ-ਸਿੱਖ ਪਾੜਾ ਵਧਾਇਆ ਗਿਆ। ਪੰਜਾਬ ਵਿਚ ਘਟਗਿਣਤੀ ਨੂੰ ਮਜ਼ਲੂਮ ਅਤੇ ਬਰਬਰਤਾ ਦਾ ਸ਼ਿਕਾਰ ਕਰਾਰ ਦਿੱਤਾ ਗਿਆ। ਇਸ ਤਰ੍ਹਾਂ ਦੇਸ਼-ਵਿਆਪੀ ਭਾਵੁਕ ਮਾਹੌਲ ਖੜ੍ਹਾ ਕਰਕੇ ਫ਼ੌਜ ਦੀ ਅਣਮਨੁੱਖੀ ਕਾਰਵਾਈ ਨੂੰ ਉਸ ਸਮੇਂ ਇੰਦਰਾ ਗਾਂਧੀ ਨੇ ਸਿਰਫ਼ ਵੱਡੀ ਪ੍ਰਵਾਨਗੀ ਹਾਸਿਲ ਹੀ ਨਹੀਂ ਸੀ ਕਰਵਾਈ ਬਲਕਿ ਬਹੁਗਿਣਤੀ ਦੇਸ਼ਵਾਸੀਆਂ ਲਈ ਉਹ ‘ਦੁਰਗਾ’ ਬਣ ਕੇ ਉੱਭਰੀ ਸੀ। ਖੱਬੀਆਂ ਪਾਰਟੀਆਂ ਤੋਂ ਲੈ ਕੇ ਭਾਜਪਾ ਤੱਕ ਸਾਰੇ ਇਕੋ ਪਲੇਟਫਾਰਮ ਉਤੇ, ਇੰਦਰਾ ਗਾਂਧੀ ਪਿੱਛੇ ਖੜ੍ਹੇ ਹੋ ਗਏ।

1980ਵਿਆਂ ਵਿਚ, ਸ਼ਾਇਦ ਸੂਝਵਾਨ ਲੋਕਾਂ ਨੂੰ ਵੀ ਏਨਾ ਡੂੰਘਾ ਅਹਿਸਾਸ ਨਹੀਂ ਸੀ ਕਿ ਮੀਡੀਆ ਨੂੰ ਸਿਆਸੀ ਮਨੋਰਥਾਂ ਲਈ ਕਿਵੇਂ ‘ਪ੍ਰਚਾਰ ਦੇ ਹਥਿਆਰ’ ਦੇ ਤੌਰ ਉਤੇ ਵਰਤਿਆ ਜਾ ਸਕਦਾ ਹੈ। ਪਰ ਅੱਜ ਆਮ ਸਮਝ ਵਿਚ ਆ ਗਿਆ ਹੈ ਕਿ ਕਿਵੇਂ ਅਮਰੀਕਾ ਦੇ ਸਾਬਕਾ ਪ੍ਰਧਾਨ ਜਾਰਜ਼ ਬੁਸ਼ ਨੇ 2002 ਵਿਚ ‘ਮੀਡੀਆ ਦੀ ਤਾਕਤ’ ਰਾਹੀਂ ਸੱਦਾਮ ਹੁਸੈਨ ਨੂੰ ਪਹਿਲਾਂ ‘ਸ਼ੈਤਾਨ, ਖਲਨਾਇਕ’ ਵਜੋਂ ਪੇਸ਼ ਕੀਤਾ ਫਿਰ ਦੁਨੀਆ ਨੂੰ ਉਸ ਵਿਰੁੱਧ ਲਾਮਬੰਦ ਕਰਕੇ ਇਰਾਕ ਉਤੇ ਹਮਲਾ ਕਰ ਦਿੱਤਾ। ਸੱਦਾਮ ਹੁਸੈਨ ਨੂੰ ‘ਹਊਆ’ ਬਣਾ ਕੇ ਪੇਸ਼ ਕਰਨ ਲਈ ‘ਮੀਡੀਆ’ ਤੋਂ ਲਗਾਤਾਰ ਦੁਹਾਈ ਪੁਆਈ ਗਈ ਕਿ ਇਰਾਕੀ ਲੀਡਰ ਕੋਲ ‘ਸੰਸਾਰ ਮਾਰੂ ਹਥਿਆਰ’ ਹਨ। ਭਾਵੇਂ ਬਾਅਦ ਵਿਚ ਇਹ ਸਭ ਕੁਝ ਫੋਕਾ ਪ੍ਰਚਾਰ ਹੋ ਨਿਬੜਿਆ ਪਰ ਅਮਰੀਕਾ ਦਾ ਮੰਤਵ ਪੂਰਾ ਹੋ ਗਿਆ ਸੀ। ਇਸੇ ਤਰ੍ਹਾਂ ਫ਼ੌਜ ਨੂੰ ਨਾਟਕੀ ਅੰਦਾਜ਼ ਵਿਚ ਸ੍ਰੀ ਦਰਬਾਰ ਸਾਹਿਬ ਉਤੇ ਹਮਲਾ ਕਰਨ ਲਈ ਮੀਡੀਆ ਨੂੰ ਵਰਤਿਆ ਗਿਆ ਅਤੇ ਕਾਂਗਰਸ ਬਹੁਗਿਣਤੀ ਭਾਈਚਾਰੇ ਨੂੰ ਆਪਣੇ ਪਿੱਛੇ ਲਾਮਬੰਦ ਕਰਨ ਦੇ ਮੰਤਵ ਵਿਚ ਸਫ਼ਲ ਰਹੀ।

# ਪੰਜਾਬ ਅੱਜ ਬਰਬਾਦੀ ਦੇ ਰਾਹ ਉਤੇ ਕਿਉਂ ਤੁਰਿਆ ਜਾ ਰਿਹਾ ਹੈ ?

**ਗੁਰਬਚਨ ਸਿੰਘ**
ਫ਼ੋਨ : 9815698451

"(ਜਰਮਨ ਫਿਲਾਸਫਰ) ਫਿਊਰਬਾਖ ਦੀ ਵਿਆਖਿਆ ਮੈਨੂੰ ਸਿਰਫ ਇਕ ਪੱਖ ਤੋਂ ਗਲਤ ਜਾਪਦੀ ਹੈ, ਕਿ ਉਹ ਕੁਦਰਤ ਦਾ ਜ਼ਿਕਰ ਜਿਆਦਾ ਪਰ ਰਾਜਨੀਤੀ ਦਾ ਜ਼ਿਕਰ ਬਹੁਤ ਘੱਟ ਕਰਦਾ ਹੈ। ਜਦੋਂ ਕਿ ਕੁਦਰਤ ਅਤੇ ਰਾਜਨੀਤੀ ਦੀ ਸਿਰਫ ਸਾਂਝ ਹੀ ਅਜੋਕੀ ਫਿਲਾਸਫੀ ਨੂੰ ਅਮਲ ਵਿਚ ਢਾਲ ਸਕਦੀ ਹੈ।" (ਕਾਰਲ ਮਾਰਕਸ)।

ਅੱਜ ਪੰਜਾਬ ਦੀ ਧਰਤੀ ਬੰਜਰ ਬਣ ਰਹੀ ਹੈ। ਧਰਤੀ ਹੇਠਲਾ ਪਾਣੀ ਮਨੁਖੀ ਪਹੁੰਚ ਤੋਂ ਦੂਰ ਹੋ ਰਿਹਾ ਹੈ। ਪਾਣੀ ਜੋ ਮਿਲਦਾ ਹੈ, ਉਹ ਵੀ ਜ਼ਹਿਰੀਲਾ ਹੋ ਗਿਆ ਹੈ। ਪੰਜਾਬ ਦਾ ਚੌਗਿਰਦਾ ਲਗਾਤਾਰ ਪਲੀਤ ਹੋ ਰਿਹਾ ਹੈ। ਜ਼ਹਿਰੀਲੀਆਂ ਦਵਾਈਆਂ ਦੇ ਅੰਸ਼ ਭੋਜਨ ਲੜੀ ਵਿਚ ਸ਼ਾਮਿਲ ਹੋ ਕੇ ਪੰਜਾਬੀਆਂ ਦੇ ਸਰੀਰਾਂ ਵਿਚ ਵੜ ਗਏ ਹਨ। ਪੰਜਾਬ ਦਾ ਹਰ ਸ਼ਖਸ ਕਿਸੇ ਨਾ ਕਿਸੇ ਬਿਮਾਰੀ ਦਾ ਸ਼ਿਕਾਰ ਹੈ। ਜਾਨਲੇਵਾ ਰੋਗ ਹਮਲਾਵਰ ਹਨ। ਪੰਜਾਬ ਦੀ ਜਵਾਨੀ ਦਾ ਮਨ ਉਚਾਟ ਹੈ ਅਤੇ ਨਿਰੰਤਰ ਤਣਾਅ ਦਾ ਸ਼ਿਕਾਰ ਹੈ। ਕਿਸਾਨੀ ਖੁਦਕਸ਼ੀਆਂ ਕਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਤੇ ਸੁਖਬੀਰ ਸਿੰਘ ਬਾਦਲ ਵਰਗੇ ਦਲਾਲ ਰਾਜਸੀ ਆਗੂਆਂ ਦੀ ਵੱਧ ਤੋਂ ਵੱਧ ਪੈਸਾ ਇਕੱਠਾ ਕਰਨ ਦੀ ਦੌੜ ਅਤੇ ਸਾਮਰਾਜੀ ਕਾਰਪੋਰੇਸ਼ਨਾਂ ਦੀ ਮੁਨਾਫੇ ਦੀ ਹਵਸ ਦਾ ਸ਼ਿਕਾਰ ਹੋਇਆ ਹਰਾ ਇਨਕਲਾਬ ਅਜੋਕੇ ਪੰਜਾਬ ਲਈ ਸਰਾਪ ਬਣ ਗਿਆ ਹੈ। ਪੰਜਾਬ ਦੀ ਜਰਖੇਜ ਭੌਂਇ ਉਤੇ ਇਮਾਰਤਾਂ ਦਾ ਜੰਗਲ ਉਗ ਆਇਆ ਹੈ। ਇਸ ਪ੍ਰਸੰਗ ਵਿਚ ਹੀ ਮਾਰਕਸ ਦੀ ਉਕਤ ਧਾਰਨਾ ਸਮਝ ਆਉਂਦੀ ਹੈ ਕਿ ਕੁਦਰਤ ਅਤੇ ਰਾਜਨੀਤੀ ਦੀ ਸਿਰਫ ਸਾਂਝ ਹੀ, ਅਜੋਕੀ ਸਮੁਚੀ ਮਨੁਖੀ ਸਿਆਣਪ ਨੂੰ ਅਮਲ ਵਿਚ ਢਾਲ ਸਕਦੀ ਹੈ। ਇਸ ਸਾਂਝ ਦੇ ਪਿਛੋਕੜ ਦੀਆਂ ਤੰਦਾਂ ਪੂੰਜੀਵਾਦੀ ਵਿਕਾਸ ਵਿਚ ਮੌਜੂਦ ਹਨ।

17ਵੀਂ ਅਤੇ 18ਵੀਂ ਸਦੀ ਵਿਚ ਯੂਰਪ ਅੰਦਰ ਬੜੀਆਂ ਵੱਡੀਆਂ ਤਬਦੀਲੀਆਂ ਵਾਪਰ ਰਹੀਆਂ ਸਨ। ਸਾਰੇ ਯੂਰਪ ਅੰਦਰ ਉਥਲ-ਪੁਥਲ ਮਚੀ ਹੋਈ ਸੀ। ਪੁਰਾਣਾ ਸਮਾਜ ਟੁੱਟ ਰਿਹਾ ਸੀ ਅਤੇ ਨਵਾਂ ਸਮਾਜ ਹੋਂਦ ਵਿਚ ਆ ਰਿਹਾ ਸੀ। ਯੂਰਪੀ ਸਮਾਜ ਵਿਚ ਹੋਈ ਇਸ ਹਲਚਲ ਨੇ ਸਮੁਚੇ ਸੰਸਾਰ ਭਾਈਚਾਰੇ ਨੂੰ ਇਕ ਨਵੇਂ ਆਰਥਿਕ-ਰਾਜਸੀ ਅਤੇ ਸਮਾਜੀ ਦੌਰ ਵਿਚ ਦਾਖਲ ਕਰ ਦਿਤਾ। 19ਵੀਂ ਸਦੀ ਦੇ ਮਹਾਨ ਫਿਲਾਸਫਰ ਕਾਰਲ ਮਾਰਕਸ ਅਤੇ ਫ੍ਰੈਡਰਿਕ ਏਂਗਲਜ਼ ਨੇ ਇਸ ਤਬਦੀਲੀ ਦੇ ਦੌਰ ਦੀ ਬੜੀ ਭਰਵੀਂ ਵਿਆਖਿਆ ਕੀਤੀ। ਦੋਵੇਂ ਮਿਲ ਕੇ ਪੱਛਮੀ ਯੂਰਪ ਵਿਚਲੀ ਫਿਲਾਸਫੀ ਦੇ ਗਿਆਨ ਨੂੰ ਨਵੀਂਆਂ ਉਚਾਈਆਂ ਉਤੇ ਲੈ ਗਏ। ਉਨ੍ਹਾਂ ਨੇ ਕੁਦਰਤੀ ਸਾਇੰਸ ਦੇ ਖੇਤਰ ਵਿਚ ਹੋਈਆਂ ਨਵੀਂਆਂ ਖੋਜਾਂ ਅਤੇ ਅਨੁਭਵੀ ਫਿਲਾਸਫੀ ਦੀ ਸਾਂਝ ਨਾਲ ਇਕ ਬਿਲਕੁਲ ਨਵੇਂ ਮਨੁਖੀ ਸਮਾਜ ਦੇ ਨਕਸ਼ ਘੜੇ। ਆਪਣੇ ਤੋਂ ਪਹਿਲੇ ਤੁਰੇ ਆਉਂਦੇ ਖਿਆਲੀ ਕਮਿਊਨਿਜ਼ਮ ਦੇ ਸੰਕਲਪ ਨੂੰ ਉਨ੍ਹਾਂ ਨੇ ਕੁਦਰਤੀ ਨੇਮਾਂ (ਸਾਇੰਸ) ਅਤੇ ਮਨੁਖ ਜਾਤੀ ਦੇ ਇਤਿਹਾਸਕ ਸਮਾਜੀ ਵਿਕਾਸ ਨਾਲ ਜੋੜਿਆ। ਇਕ ਚੇਤੰਨ ਮਨੁਖ ਦੇ ਅਨੁਭਵੀ ਮਨ ਵਿਚ ਬਣਦੇ ਕਮਿਊਨਿਜ਼ਮ (ਸਰਬਸਾਂਝੀਵਾਲਤਾ ਤੇ ਸਰਬੱਤ ਦੇ ਭਲੇ) ਦੇ ਸੰਕਲਪ ਉਤੇ ਆਧਾਰਿਤ ਸਮਾਜਵਾਦੀ ਸਮਾਜ ਦੀ ਰਾਜਸੀ ਚੇਤਨਾ ਨੂੰ ਸਪੱਸ਼ਟ ਕੀਤਾ। ਮਨੁਖੀ ਚੇਤਨਾ ਅਤੇ ਭੌਤਿਕ (ਪਦਾਰਥਕ) ਵਿਕਾਸ ਦੀ ਇਸ ਪੱਧਰ ਉਤੇ ਪਹੁੰਚ ਕੇ ਸਮਾਜਵਾਦੀ ਸਮਾਜ ਸਮੁਚੀ ਮਨੁਖ ਜਾਤੀ ਦੀ ਮਹਿਜ ਇੱਛਾ ਨਹੀਂ ਸਗੋਂ ਉਸਦੀ ਲੋੜ ਹੈ। ਇਸ ਤੋਂ ਬਿਨਾਂ ਮਨੁਖੀ ਸਮਾਜ ਨੂੰ ਜਮਹੂਰੀ ਢੰਗ ਨਾਲ ਜਥੇਬੰਦ ਨਹੀਂ ਕੀਤਾ ਜਾ ਸਕਦਾ। ਇਹ ਫਿਲਾਸਫੀ ਮਾਰਕਸ-ਏਂਗਲਜ ਦੇ ਮਨ ਦੀ ਕਲਪਨਾ ਨਹੀਂ, ਸਗੋਂ ਸਮੁਚੀ ਮਨੁਖ ਜਾਤੀ ਦੀ ਅਰਜਿਤ ਕੀਤੀ ਸਮੁਚੀ ਸਿਆਣਪ ਦਾ ਤਤਸਾਰ ਹੈ। ਮਨੁਖ ਜਾਤੀ ਦੀ ਹੁਣ ਇਹ ਲੋੜ ਹੈ, ਕਿ ਉਹ ਆਪਣੇ ਖੂਬਸੂਰਤ ਤੇ ਕੁਦਰਤ ਨਾਲ ਇਕਸੁਰ ਭਵਿੱਖ ਸਿਰਜਣ ਲਈ ਇਸ ਸਿਆਣਪ ਨੂੰ ਆਪਣੇ ਜੀਵਨ ਦਾ ਮੂਲ ਆਧਾਰ ਬਣਾਏ।

ਮਾਰਕਸਵਾਦੀ ਗਿਆਨ, ਜਿਸ ਨੂੰ ਦਵੰਦਵਾਦੀ ਭੌਤਿਕਵਾਦ ਦਾ ਨਾਂ ਦਿਤਾ ਗਿਆ, ਅਨੁਸਾਰ ਕੁਦਰਤ ਸਿਰਮੌਰ ਹੈ। ਇਸ ਦੀ ਕਿਸੇ ਨੇ ਸਿਰਜਣਾ ਨਹੀਂ ਕੀਤੀ। ਇਹ ਸਦਾ ਸੀ ਅਤੇ ਇਸ ਨੇ ਸਦਾ ਹੀ ਰਹਿਣਾ ਹੈ। ਇਸ ਦੀ ਹੋਂਦ ਸਦੀਵੀ ਹੈ। ਬੇਸ਼ਕ ਮਨੁਖ ਵੀ ਹੋਰਨਾਂ ਜੀਵਾਂ ਵਾਂਗ ਇਕ ਕੁਦਰਤੀ ਜੀਵ ਹੈ ਅਤੇ ਇਹ ਕੁਦਰਤ ਦਾ ਹੀ ਇਕ ਅਟੁਟ ਅੰਗ ਹੈ। ਜਿੰਨਾ ਚਿਰ ਮਨੁਖ ਨੇ ਜਿਉਂਦੇ ਰਹਿਣਾ ਹੈ, ਓਨਾ ਚਿਰ ਉਸ ਨੇ ਕੁਦਰਤ ਨਾਲ ਨਿਰੰਤਰ ਲੈਣ-ਦੇਣ ਕਰਨਾ ਹੈ। ਇਨ੍ਹਾਂ ਦੋਹਾਂ ਦਾ ਆਪਸੀ ਇਹੀ ਅਟੁੱਟ ਰਿਸ਼ਤਾ ਹੈ। ਮਨੁਖੀ ਮਨ ਇਸ ਕੁਦਰਤ ਦੀ ਅਦੁੱਤੀ ਸਿਰਜਣਾ ਹੈ। ਆਪਣਾ ਆਤਮਿਕ ਤੇ ਮਾਨਸਿਕ (ਇੰਦ੍ਰਿਆਵੀ) ਵਿਕਾਸ ਕਰਕੇ ਕੁਦਰਤੀ ਨੇਮਾਂ ਅਨੁਸਾਰ ਜਿੰਦਗੀ ਜਿਉਣੀ ਹੀ ਮਨੁਖ ਦੀ ਹੋਣੀ ਹੈ। ਕੁਦਰਤੀ ਨੇਮਾਂ ਅਨੁਸਾਰ ਮਨੁਖੀ ਜਿੰਦਗੀ ਜਿਉਣ ਨੂੰ ਹੀ ਗੁਰਮਤਿ ਨੇ ਹੁਕਮੁ ਦੇ ਸੰਕਲਪ ਰਾਹੀਂ ਸਪਸ਼ਟ ਕੀਤਾ ਹੈ। ਇਸ ਲਈ ਜਰੂਰੀ ਹੈ ਕਿ ਸਮੁਚੀ ਮਨੁਖੀ ਪੈਦਾਵਾਰ ਨੂੰ ਇਸ ਤਰ੍ਹਾਂ ਤਰਕਸੰਗਤ ਢੰਗ ਨਾਲ ਵੰਡਿਆ ਜਾਵੇ ਕਿ ਸਾਰੀ ਮਨੁਖ ਜਾਤੀ ਦੀਆਂ ਕੁਦਰਤੀ ਬੁਨਿਆਦੀ ਲੋੜਾਂ ਦੀ ਪੂਰਤੀ ਹੋ ਸਕੇ। "ਕਿਰਤ ਕਰੋ ਤੇ ਵੰਡ ਛਕੋ" ਦਾ ਇਹੀ ਸਿਧਾਂਤ ਹੈ।

ਕਾਰਲ ਮਾਰਕਸ ਨੇ ਆਪਣੀ ਫਿਲਾਸਫੀ ਦੀ ਖੋਜ ਦਾ ਆਰੰਭ ਕੁਦਰਤ ਤੇ ਮਨੁਖ ਦੇ ਆਪਸੀ ਰਿਸ਼ਤੇ ਦੇ ਗਿਆਨ ਤੋਂ ਕੀਤਾ ਹੈ। ਮਾਰਕਸ ਦੀਆ ਅੰਗਰੇਜ਼ੀ ਲਿਖਤਾਂ ਵਿਚ ਕੁਦਰਤ ਸ਼ਬਦ ਵਾਸਤੇ ਅੰਗਰੇਜ਼ੀ ਦੇ ਸ਼ਬਦ 'ਨੇਚਰ' ਦੀ ਵਰਤੋਂ ਕੀਤੀ ਗਈ ਹੈ। ਅੰਗਰੇਜੀ ਦੇ ਨੇਚਰ ਸ਼ਬਦ ਦਾ ਪੰਜਾਬੀ ਵਿਚ ਅਨੁਵਾਦ ਕੁਦਰਤ ਕੀਤਾ ਜਾਂਦਾ ਹੈ, ਜਦੋਂ ਕਿ 'ਨੇਚਰ' ਸ਼ਬਦ ਦਾ ਭਾਵ ਅਰਥ ਅੰਗਰੇਜ਼ੀ ਦੀਆਂ ਡਿਕਸ਼ਨਰੀਆਂ ਵਿਚ ਅਸੀਮ ਬ੍ਰਹਿਮੰਡ ਅਤੇ ਸਗਲ ਜੀਆ-ਜੰਤ ਹੈ। ਉਂਝ ਵੀ ਪੰਜਾਬੀ ਦਾ ਸ਼ਬਦ 'ਕੁਦਰਤ' ਅਕਸਰ ਦ੍ਰਿਸ਼ਟਮਾਨ ਨੂੰ ਪ੍ਰਤੀਬਿੰਬਤ ਕਰਦਾ ਹੈ, ਜਦੋਂ ਕਿ ਬ੍ਰਹਿਮੰਡ (ਬ੍ਰਹਮ) ਦ੍ਰਿਸ਼ਟ ਅਤੇ ਅਸੀਮ ਅਦ੍ਰਿਸ਼ਟ ਦੋਹਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਇਸ ਲਈ 'ਨੇਚਰ' ਸ਼ਬਦ ਦਾ ਪੰਜਾਬੀ ਵਿਚ ਭਾਵਅਰਥ 'ਬ੍ਰਹਮ' ਵੀ ਕੀਤਾ ਜਾ ਸਕਦਾ ਹੈ। ਜਦੋਂ ਅਸੀਂ ਅੰਗਰੇਜੀ ਦੇ ਸ਼ਬਦ 'ਨੇਚਰ' ਦਾ ਭਾਵਅਰਥ ਬ੍ਰਹਮ ਜਾਂ ਬ੍ਰਹਿਮੰਡ ਕਰਦੇ ਹਾਂ, ਤਾਂ ਮਾਰਕਸ ਦੀ ਸਮੁਚੀ ਫਿਲਾਸਫੀ ਵੈਦਿਕ ਗਿਆਨ ਦੇ ਘੇਰੇ ਵਿਚ ਆ ਜਾਂਦੀ ਹੈ। ਗੁਰਮਤਿ ਨੇ ਵੈਦਿਕ ਫਿਲਾਸਫੀ ਦੇ 'ਬ੍ਰਹਮ' ਗਿਆਨ ਨੂੰ ਹੋਰ ਵੀ ਵਧੇਰੇ ਸਪਸ਼ਟ ਕੀਤਾ ਹੈ। ਮਾਰਕਸ ਦਾ ਕਹਿਣਾ ਹੈ, ਕਿ ਜਦੋਂ ਮਨੁਖ ਕੁਦਰਤ ਦੇ ਅੱਡ-ਅੱਡ ਤੱਤਾਂ ਬਾਰੇ ਆਪਣੇ ਮੁਢਲੇ ਇੰਦ੍ਰਿਆਵੀ ਅਨੁਭਵ ਤੋਂ ਉਸ ਦੇ ਚੇਤੰਨ ਵਜੂਦ ਦੇ ਤਰਕਸੰਗਤ ਅਨੁਭਵ ਤਕ ਉਤੇ ਉਠਦਾ ਹੈ ਤਾਂ ਉਹ ਇਕ ਬੇਤਰਤੀਬੀ ਏਕਤਾ ਦੇ ਭੂਤ ਦੀ ਬਜਾਇ, ਕੁਦਰਤੀ ਏਕਤਾ ਦੀ ਇਕ ਜੀਵੰਤ ਆਤਮਾ ਦੇ ਸਨਮੁਖ ਹੁੰਦਾ ਹੈ। ਇਥੋਂ ਤਕ ਕਿ ਕੁਦਰਤ ਦੇ ਇਹ ਅੱਡ-ਅੱਡ ਤੱਤ ਵੀ ਨਿਰਜੀਵ ਭਿੰਨਤਾ ਵਿਚ ਹੋਂਦ ਨਹੀਂ ਰਖਦੇ, ਸਗੋਂ ਨਿਰੰਤਰ ਇਕ-ਦੂਜੇ ਵਿਚ ਬਦਲ ਰਹੇ ਹਨ ਅਤੇ ਸਿਰਫ ਇਹ ਤਬਦੀਲੀ ਹੀ ਧਰਤੀ ਦੀ ਭੌਤਿਕ ਜ਼ਿੰਦਗੀ, ਉਸ ਦੀ ਆਬੋ-ਹਵਾ ਦੇ ਵਰਤਾਰੇ ਭਾਵ ਚੌਗਿਰਦੇ ਦੇ ਮੁਢਲੇ ਰੂਪਾਂ ਨੂੰ ਸਾਕਾਰ ਕਰਦੀ ਹੈ। ਕੁਦਰਤ ਦੀ ਜੀਵੰਤ ਹੋਂਦ ਵਿਚ ਅੱਡ-ਅੱਡ ਤੱਤਾਂ ਦੇ ਅਜਿਹੇ ਸਾਰੇ ਚਿੰਨ੍ਹ ਅਲੋਪ ਹੋ ਜਾਂਦੇ ਹਨ। ਹੁਣ ਇਹ ਭਿੰਨਤਾ ਅੱਡ-ਅੱਡ ਤੱਤਾਂ ਦੇ ਵਖਰੇਵਿਆਂ ਵਿਚ ਨਹੀਂ, ਸਗੋਂ ਅੱਡ-ਅੱਡ ਵਰਤਾਰਿਆਂ ਦੀ ਗਤੀਸ਼ੀਲਤਾ ਵਿਚ ਹੋਂਦ ਰਖਦੀ ਹੈ। ਇਹ ਸਾਰੇ ਤੱਤ ਇਕੋ (ਏਕੋ) ਹੋਂਦ ਤੋਂ ਪ੍ਰੇਰਿਤ ਹੋ ਰਹੇ ਹਨ। ਉਨ੍ਹਾਂ ਵਿਚਲੇ ਸਾਰੇ ਵਖਰੇਵੇਂ ਇਸ ਹੋਂਦ ਤੋਂ ਪਹਿਲਾਂ ਤਿਆਰ ਨਹੀਂ ਮਿਲਦੇ, ਸਗੋਂ ਇਸ ਦੇ ਉਲਟ ਨਿਰੰਤਰ ਇਸ ਹੋਂਦ ਵਿਚੋਂ ਪ੍ਰਗਟ ਹੁੰਦੇ ਅਤੇ ਲਗਾਤਾਰ ਅਲੋਪ ਹੁੰਦੇ ਰਹਿੰਦੇ ਹਨ। ਕੁਦਰਤ ਆਪਣੇ-ਆਪ ਨੂੰ ਮੌਜੂਦ ਪਹਿਲੇ ਤੱਤਾਂ ਤਕ ਸੀਮਤ ਨਹੀਂ ਰਖਦੀ। ਇਥੋਂ ਤਕ ਕਿ ਜ਼ਿੰਦਗੀ ਦੇ ਹੇਠਲੇ ਪੱਧਰ ਉਤੇ ਵੀ ਇਹ ਭਿੰਨਤਾ ਸਿਰਫ ਇਕ ਅਨੁਭਵੀ ਵਰਤਾਰਾ ਹੈ, ਪਰ ਆਤਮਿਕ ਸੱਚ ਨਹੀਂ।

ਮਾਰਕਸ ਦਾ ਕਹਿਣਾ ਹੈ, ਕਿ ਜਦੋਂ ਤੁਸੀਂ ਮੈਨੂੰ ਕੁਦਰਤ ਅਤੇ ਮਨੁਖ ਦੀ ਰਚਨਾ ਬਾਰੇ ਪੁਛਦੇ



ਹੋ, ਤਾਂ ਤੁਸੀਂ ਆਪਣੇ ਆਪ ਨੂੰ ਕੁਦਰਤ ਅਤੇ ਮਨੁਖ ਨਾਲੋਂ ਤੋੜ ਲੈਂਦੇ ਹੋ। ਤੁਸੀਂ ਉਨ੍ਹਾਂ ਦੀ ਨਿਰਜੀਵ ਹੋਂਦ ਵਜੋਂ ਧਾਰਨਾ ਬਣਾਉਂਦੇ ਹੋ ਅਤੇ ਫਿਰ ਵੀ ਚਾਹੁੰਦੇ ਹੋ ਕਿ ਮੈਂ ਇਨ੍ਹਾਂ ਦੀ ਸਜੀਵ ਹੋਂਦ ਸਾਬਤ ਕਰਾਂ। ਹੁਣ ਮੈਂ ਤੁਹਾਨੂੰ ਕਹਿੰਦਾ ਹਾਂ, ਕਿ ਤੁਸੀਂ ਇਨ੍ਹਾਂ ਦੋਹਾਂ ਨੂੰ ਇਕ-ਦੂਜੇ ਤੋਂ ਤੋੜ ਕੇ ਵੇਖਣ ਦੀ ਆਪਣੀ ਧਾਰਨਾ ਛਡ ਦਿਉ। ਇਨ੍ਹਾਂ ਦੋਹਾਂ ਦੀ ਆਪਸੀ ਜੀਵੰਤ ਹੋਂਦ ਨੂੰ ਅਨੁਭਵ ਕਰੋ ਤਾਂ ਤੁਸੀਂ ਆਪਣਾ ਸੁਆਲ ਵੀ ਛੱਡ ਦਿਉਗੇ। ਪਰ ਫਿਰ ਵੀ ਜੇ ਤੁਸੀਂ ਆਪਣੇ ਇਸ ਵਖਰੇਵੇਂ ਪ੍ਰਤੀ ਬਜ਼ਿੱਦ ਹੋ, ਤਾਂ ਫਿਰ ਤੁਸੀਂ ਦ੍ਰਿੜ੍ਹ ਰਹੋ। ਜੇ ਤੁਸੀਂ ਮਨੁਖ ਅਤੇ ਕੁਦਰਤ ਬਾਰੇ ਨਿਰਜੀਵ ਹੋਂਦ ਵਜੋਂ ਸੋਚਦੇ ਹੋ, ਤਾਂ ਫਿਰ ਤੁਸੀਂ ਆਪਣੇ ਬਾਰੇ ਵੀ ਨਿਰਜੀਵ ਹੋਂਦ ਵਜੋਂ ਸੋਚੋ। ਕਿਉਂਕਿ ਤੁਸੀਂ ਵੀ ਤਾਂ ਯਕੀਨੀ ਤੌਰ ਉਤੇ ਕੁਦਰਤ ਅਤੇ ਮਨੁਖ ਹੀ ਹੋ। ਨਾ ਤੁਸੀਂ ਸੋਚੋ ਅਤੇ ਨਾ ਮੈਨੂੰ ਪੁੱਛੋ। ਕਿਉਂਕਿ ਜਦੋਂ ਹੀ ਤੁਸੀਂ ਸੋਚਦੇ ਅਤੇ ਪੁੱਛਦੇ ਹੋ, ਤਾਂ ਕੁਦਰਤ ਅਤੇ ਮਨੁਖ ਦੀ ਹੋਂਦ ਬਾਰੇ ਤੁਹਾਡੇ ਵਖਰੇਵੇਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਜਾਂ ਫਿਰ ਤੁਸੀਂ ਏਨੇ ਹਉਮੈਗ੍ਰਸਤ ਹੋ ਕਿ ਤੁਸੀਂ ਸਰਬਤ ਨੂੰ ਕੁਝ ਨਹੀਂ ਸਮਝਦੇ ਅਤੇ ਫਿਰ ਵੀ ਆਪਣੀ ਹੋਂਦ ਨੂੰ ਮੰਨਣਾ ਚਾਹੁੰਦੇ ਹੋ। ... ਤੁਸੀਂ ਇਸ ਦਾ ਜੁਆਬ ਦੇ ਸਕਦੇ ਹੋ, ਕਿ ਮੈਂ ਕੁਦਰਤ ਦੀ ਹੋਂਦ ਜਾਂ ਅਣਹੋਂਦ ਆਦਿ ਬਾਰੇ ਧਾਰਨਾ ਨਹੀਂ ਬਣਾਉਣੀ ਚਾਹੁੰਦਾ, ਮੈਂ ਤਾਂ ਤੁਹਾਨੂੰ ਉਸ ਦੀ ਉਤਪਤੀ ਬਾਰੇ ਪੁੱਛ ਰਿਹਾ ਹਾਂ। ਜਿਵੇਂ ਮੈਂ ਕਿਸੇ ਡਾਕਟਰ ਕੋਲੋਂ ਹੱਡੀਆਂ ਦੀ ਬਣਤਰ ਆਦਿ ਬਾਰੇ ਪੁੱਛਦਾ ਹਾਂ। ਪਰ ਭੌਤਿਕਵਾਦੀ ਫਿਲਾਸਫੀ ਦੇ ਧਾਰਨੀ ਇਕ ਕਮਿਊਨਿਸਟ ਮਨੁਖ ਲਈ ਸੰਸਾਰ ਦਾ ਸਮੁਚਾ ਅਖੌਤੀ ਇਤਿਹਾਸ ਹੋਰ ਕੁਝ ਨਹੀਂ, ਸਗੋਂ ਮਨੁਖੀ ਕਿਰਤ ਰਾਹੀਂ ਮਨੁਖ ਦੀ ਸਿਰਜਣਾ ਹੀ ਹੈ। ਹੋਰ ਕੁਝ ਨਹੀਂ ਸਗੋਂ ਮਨੁਖ ਲਈ ਕੁਦਰਤ ਦਾ ਪ੍ਰਗਟ ਹੋਣਾ ਹੀ ਹੈ। ਇਸ ਲਈ ਉਸ ਦੇ ਕੋਲ ਖੁਦ ਰਾਹੀਂ ਆਪਣੇ ਜਨਮ ਦਾ, ਆਪਣੀ ਉਤਪਤੀ ਦਾ ਨਾ ਝੁਠਲਾਇਆ ਜਾ ਸਕਣ ਵਾਲਾ ਸਪਸ਼ਟ ਸਬੂਤ ਮੌਜੂਦ ਹੈ, ਕਿਉਂਕਿ ਕੁਦਰਤ ਅਤੇ ਮਨੁਖ ਦੀ ਅਸਲੀ ਹੋਂਦ ਮਨੁਖ ਦੇ ਆਪਣੇ ਇੰਦ੍ਰਿਆਵੀ ਅਨੁਭਵ (ਮਨ) ਰਾਹੀਂ ਅਮਲ ਵਿਚ ਮਨੁਖ ਦੀ ਸਵੈਚੇਤਨਾ ਵਜੋਂ ਪ੍ਰਗਟ ਹੋ ਰਹੀ ਹੈ। ਮਨੁਖ ਲਈ ਕੁਦਰਤ ਦੀ ਹੋਂਦ ਵਜੋਂ ਮਨੁਖ ਅਤੇ ਮਨੁਖ ਦੀ ਹੋਂਦ ਵਜੋਂ ਕੁਦਰਤ ਪ੍ਰਤੱਖ ਹੋ ਰਹੀ ਹੈ। ਪ੍ਰਤੱਖ ਹੋ ਰਿਹਾ ਹੈ, ਕਿ ਮਨੁਖ ਕੁਦਰਤ ਦੀ ਹੋਂਦ ਵਜੋਂ ਹੀ ਹੈ ਅਤੇ ਕੁਦਰਤ ਮਨੁਖ ਦੀ ਹੋਂਦ ਵਜੋਂ ਹੀ ਹੈ। ਦੋਹਾਂ ਤੋਂ ਕਿਸੇ ਵੱਖਰੀ ਹੋਂਦ ਦਾ ਸੁਆਲ, ਕੁਦਰਤ ਅਤੇ ਮਨੁਖ ਤੋਂ ਪਰ੍ਹਾਂ ਕਿਸੇ ਹੋਰ ਨਿਵੇਕਲੀ ਹੋਂਦ ਦੇ ਸੁਆਲ ਦਾ ਮਤਲਬ, ਮਨੁਖ ਦੀ ਅਤੇ ਕੁਦਰਤ ਦੀ ਕਿਸੇ ਕਲਪਿਤ ਹੋਂਦ ਨੂੰ ਮੰਨਣਾ, ਅਮਲ ਵਿਚ ਹੀ ਅਸੰਭਵ ਹੋ ਗਿਆ ਹੈ। ਕਿਉਂਕਿ ਕੁਦਰਤ ਮਨੁਖ ਦਾ ਅਜੀਵ ਸਰੀਰ ਹੈ। ਕੁਦਰਤ ਮਨੁਖ ਦਾ ਅਜੀਵ ਸਰੀਰ ਹੀ ਨਹੀਂ, ਸਗੋਂ ਮਨੁਖ ਕੁਦਰਤ ਉਤੇ ਜਿਉਂਦਾ ਹੈ। ਕੁਦਰਤ ਮਨੁਖ ਦੇ ਸਰੀਰ ਦੇ ਅੰਦਰ ਹੈ। ਆਪਣੇ ਜਿਉਂਦੇ ਰਹਿਣ ਲਈ ਮਨੁਖ ਕੁਦਰਤ ਨਾਲ ਲਗਾਤਾਰ ਲੈਣ-ਦੇਣ ਕਰਦਾ ਹੈ। ਮਨੁਖ ਦੀ ਸਰੀਰਕ ਅਤੇ ਆਤਮਿਕ ਜ਼ਿੰਦਗੀ ਦਾ ਕੁਦਰਤ ਨਾਲ ਸਿੱਧਾ ਰਿਸ਼ਤਾ ਹੈ, ਦਾ ਭਾਵਅਰਥ ਵੀ ਇਹੀ ਹੈ, ਕਿ ਕੁਦਰਤ ਦਾ ਖੁਦ ਨਾਲ ਰਿਸ਼ਤਾ ਹੈ। ਕਿਉਂਕਿ ਮਨੁਖ ਵੀ ਕੁਦਰਤ ਦਾ ਹੀ ਇਕ ਅਟੁਟ ਅੰਗ ਹੈ।

ਏਂਗਲਜ ਨੇ ਕੁਦਰਤੀ ਨੇਮਾਂ ਬਾਰੇ ਇਹ ਜਾਣਕਾਰੀ ਦਿਤੀ ਹੈ ਕਿ ਇਹ ਇਕ ਅਨੰਤ ਚੱਕਰ ਹੈ, ਜਿਸ ਵਿਚ ਮਾਦਾ ਹਮੇਸ਼ਾਂ ਗਤੀਸ਼ੀਲ ਰਹਿੰਦਾ ਹੈ। ਨਿਸ਼ਚੇ ਹੀ ਇਹ ਚੱਕਰ ਆਪਣੇ ਧੁਰੇ ਦੁਆਲੇ ਪ੍ਰਕਰਮਾ ਪੂਰੀ ਕਰਨ ਲਈ ਜਿੰਨਾ ਸਮਾਂ ਲੈਂਦਾ ਹੈ, ਉਸ ਨੂੰ ਮਾਪਣ ਲਈ ਸਾਡਾ ਧਰਤ-ਵਰ੍ਹਾ ਕਾਫੀ ਨਹੀਂ। ਇਸ ਚੱਕਰ ਵਿਚ ਉਚਤਮ ਵਿਕਾਸ ਦਾ ਸਮਾਂ, ਜੈਵਿਕ ਜੀਵਨ ਦਾ ਸਮਾਂ ਅਤੇ ਇਸ ਤੋਂ ਵੀ ਵੱਧ, ਕੁਦਰਤ ਅਤੇ ਖੁਦ ਆਪਣੀ ਹੋਂਦ ਪ੍ਰਤੀ ਚੇਤੰਨ ਜੀਵਾਂ ਦਾ ਸਮਾਂ, ਇਸ ਹੱਦ ਤਕ ਥੋੜ੍ਹਚਿਰਾ ਅਤੇ ਸੀਮਤ ਹੁੰਦਾ ਹੈ, ਜਿੰਨਾ ਕਿ ਉਹ ਪੁਲਾੜ, ਜਿਸ ਵਿਚ ਇਹ ਜੀਵਨ ਅਤੇ ਸਵੈਚੇਤਨਾ ਕਾਰਜਸ਼ੀਲ ਹੁੰਦੇ ਹਨ। ਇਕ ਅਜਿਹੇ ਚੱਕਰ ਵਿਚ ਮਾਦੇ ਦੀ ਹੋਂਦ ਦਾ ਹਰ ਅੰਤਿਮ ਰੂਪ, ਭਾਵੇਂ ਇਹ ਇਕ ਸੂਰਜ ਹੈ ਜਾਂ ਧੁੰਦੂਕਾਰ ਪੁੰਜ, ਇਕ ਪਸ਼ੂ ਹੈ ਜਾਂ ਪਸ਼ੂਆਂ ਦਾ ਵੱਗ, ਰਸਾਇਣਿਕ ਸੰਜੋਗ ਜਾਂ ਵਿਜੋਗ, ਇਕੋ ਜਿੰਨਾ ਹੀ ਛਿਣ ਭੰਗਰੀ ਹੈ ਅਤੇ ਜਿਸ ਵਿਚ ਸਦੀਵੀ ਬਦਲ ਰਿਹਾ, ਸਦੀਵੀ ਗਤੀਸ਼ੀਲ ਮਾਦਾ ਅਤੇ ਉਨ੍ਹਾਂ ਨੇਮਾਂ (ਹੁਕਮੁ), ਜਿਨ੍ਹਾਂ ਵਿਚ ਇਹ ਮਾਦਾ ਬਦਲ ਰਿਹਾ ਅਤੇ ਗਤੀਸ਼ੀਲ ਹੈ, ਤੋਂ ਬਿਨਾਂ ਹੋਰ ਕੁਝ ਵੀ ਸਦੀਵੀ ਨਹੀਂ। ਹਰ ਕਦਮ ਉਤੇ ਸਾਨੂੰ ਚੇਤੇ ਕਰਵਾਇਆ ਜਾਂਦਾ ਹੈ ਕਿ ਅਸੀਂ ਕਿਸੇ ਵੀ ਤਰ੍ਹਾਂ ਕੁਦਰਤ ਤੋਂ ਬਾਹਰ ਖੜੇ ਕਿਸੇ ਅਜ਼ਨਬੀ ਵਾਂਗ, ਕੁਦਰਤ ਉਤੇ ਰਾਜ ਨਹੀਂ ਕਰ ਸਕਦੇ। ਕਿਉਂਕਿ ਅਸੀਂ ਵੀ ਖੂਨ-ਮਾਸ ਅਤੇ ਦਿਮਾਗ ਸਮੇਤ, ਕੁਦਰਤ ਦਾ ਹੀ ਇਕ ਅਟੁੱਟ ਅੰਗ ਹਾਂ ਅਤੇ ਇਸ ਦੇ ਅੰਦਰ ਹੀ ਆਪਣੀ ਹੋਂਦ ਰਖਦੇ ਹਾਂ। ਸਾਡੀ ਸਾਰੀ ਮੁਹਾਰਿਤ ਇਸ ਹਕੀਕਤ ਵਿਚ ਮੌਜੂਦ ਹੈ, ਕਿ ਸਾਡੇ ਕੋਲ ਬਾਕੀ ਸਾਰੇ ਜੀਵਾਂ ਨਾਲੋਂ ਇਕ ਵਾਧੂ ਗੁਣ ਹੈ, ਕਿ ਅਸੀਂ ਕੁਦਰਤ ਦੇ ਨੇਮਾਂ ਨੂੰ ਜਾਣਨ ਅਤੇ ਉਨ੍ਹਾਂ ਨੂੰ ਠੀਕ ਤਰ੍ਹਾਂ ਲਾਗੂ ਕਰਨ ਦੇ ਯੋਗ ਹਾਂ। ਹਰ ਲੰਘੇ ਦਿਨ ਅਸੀਂ ਇਨ੍ਹਾਂ ਨੇਮਾਂ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਅਤੇ ਕੁਦਰਤ ਦੀ ਰਵਾਇਤੀ ਤੋਰ ਵਿਚ ਸਾਡੀ ਦਖਲਅੰਦਾਜ਼ੀ ਪੱਖੋਂ, ਦੋਵੇਂ ਤਰ੍ਹਾਂ ਦੇ, ਵਧੇਰੇ ਫੌਰੀ ਅਤੇ ਵਧੇਰੇ ਲੰਮੇਂ ਸਮੇਂ ਦੇ ਨਿਕਲਣ ਵਾਲੇ ਸਿੱਟਿਆਂ ਨੂੰ ਅਨੁਭਵ ਕਰਨ ਲੱਗੇ ਹਾਂ। ਖਾਸ ਕਰਕੇ 19ਵੀਂ ਸਦੀ ਅੰਦਰ ਕੁਦਰਤੀ ਵਿਗਿਆਨ ਵਿਚ ਮਿਲੀਆਂ ਤਗੜੀਆਂ ਸਫਲਤਾਵਾਂ ਤੋਂ ਬਾਅਦ, ਅਸੀਂ ਘੱਟੋ-ਘੱਟ ਆਪਣੀਆਂ ਰੋਜ਼ਾਨਾਂ ਪੈਦਾਵਾਰੀ ਸਰਗਰਮੀਆਂ ਦੇ ਪਹਿਲਾਂ ਨਾਲੋਂ ਵਧੇਰੇ ਦੂਰ-ਰਸ ਨਿਕਲਣ ਵਾਲੇ ਕੁਦਰਤੀ ਸਿੱਟਿਆਂ ਨੂੰ ਮਹਿਸੂਸ ਕਰਨ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਕਾਬੂ ਕਰਨ ਦੀ ਹਾਲਤ ਵਿਚ ਹਾਂ। ਜਿੰਨਾ ਹੀ ਮਨੁਖ ਹੋਰ ਜ਼ਿਆਦਾ ਅੱਗੇ ਵਧੇਗਾ, ਨਾ ਸਿਰਫ ਓਨਾ ਹੀ ਉਹ ਇਸ ਨੇੜਤਾ ਨੂੰ ਹੋਰ ਵੱਧ ਮਹਿਸੂਸ ਕਰੇਗਾ, ਸਗੋਂ ਉਹ ਕੁਦਰਤ ਨਾਲ ਆਪਣੀ ਏਕਤਾ ਨੂੰ ਵੀ ਹੋਰ ਵਧੇਰੇ ਜਾਣੇਗਾ।

ਕੁਦਰਤ ਉਤੇ ਮਨੁਖੀ ਜਿੱਤਾਂ ਦੀਆਂ ਗਿਣਤੀਆਂ-ਮਿਣਤੀਆਂ ਨਾਲ ਸਾਨੂੰ ਕਦੇ ਵੀ ਖੁਸ਼ਫਹਿਮੀ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਇਹੋ ਜਿਹੀ ਹਰ ਜਿੱਤ ਦਾ ਕੁਦਰਤ ਸਾਡੇ ਕੋਲੋਂ ਬਦਲਾ ਲੈਂਦੀ ਹੈ। ਇਹ ਸੱਚ ਹੈ ਕਿ ਅਜਿਹੀ ਹਰ ਜਿੱਤ ਦੇ ਨਿਕਲੇ ਪਹਿਲੇ ਸਿੱਟੇ ਸਾਡੀ ਆਸ ਮੁਤਾਬਿਕ ਹੀ ਹੁੰਦੇ ਹਨ, ਪਰ ਦੂਜੀ ਅਤੇ ਤੀਜੀ ਥਾਂ ਬਿਲਕੁਲ ਵੱਖਰੇ ਅਤੇ ਅਣਕਿਆਸੇ ਨਿਕਲਦੇ ਹਨ, ਜਿਹੜੇ ਅਕਸਰ ਹੀ ਪਹਿਲੇ ਨਿਕਲੇ ਸਿੱਟਿਆਂ ਨੂੰ ਨਕਾਰ ਦੇਂਦੇ ਹਨ। ਜਿਨ੍ਹਾਂ ਲੋਕਾਂ ਨੇ ਮੈਸੋਪੋਤਾਮੀਆਂ, ਯੂਨਾਨ, ਏਸ਼ੀਆ ਮਾਈਨਰ ਅਤੇ ਹੋਰਨੀਂ ਥਾਈਂ ਵਾਹੀਯੋਗ ਜ਼ਮੀਨ ਪ੍ਰਾਪਤ ਕਰਨ ਲਈ ਜੰਗਲ ਤਬਾਹ ਕੀਤੇ ਸਨ, ਉਨ੍ਹਾਂ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਣਾ ਕਿ ਜੰਗਲਾਂ ਦੇ ਨਾਲ ਹੀ ਨਮੀ ਦੇ ਸੰਗ੍ਰਹਿ ਕੇਂਦਰਾਂ ਅਤੇ ਭੰਡਾਰਾਂ ਨੂੰ ਖਤਮ ਕਰਕੇ, ਉਹ ਉਨ੍ਹਾਂ ਦੇਸ਼ਾਂ ਦੀ ਮੌਜੂਦਾ ਉਜਾੜੇ ਵਾਲੀ ਹਾਲਤ ਦੀ ਨੀਂਹ ਰੱਖ ਰਹੇ ਹਨ। ਜਦੋਂ (ਐਲਪਸ) ਪਹਾੜਾਂ ਉਤੇ ਰਹਿੰਦੇ ਇਤਾਲਵੀਆਂ ਨੇ ਦੱਖਣੀ ਢਲਾਣਾਂ ਦੇ ਨਾਲ-ਨਾਲ ਬੜੀ ਸਾਂਭ-ਸੰਭਾਲ ਕੇ ਪਾਲੇ ਗਏ ਉਤਰੀ ਢਲਾਣਾਂ ਉਤਲੇ ਚੀੜ੍ਹ ਦੇ ਜੰਗਲ ਵੀ ਵਰਤ ਲਏ, ਤਾਂ ਉਨ੍ਹਾਂ ਨੂੰ ਕਦੇ ਚਿੱਤ-ਚੇਤਾ ਵੀ ਨਹੀਂ ਸੀ, ਕਿ ਉਹ ਆਪਣੇ ਖੇਤਰ ਵਿਚਲੀ ਡੇਅਰੀ ਸਨਅਤ ਦੀਆਂ ਜੜ੍ਹਾਂ ਵੱਢ ਰਹੇ ਹਨ। ਇਸ ਹਕੀਕਤ ਦਾ ਤਾਂ ਉਨ੍ਹਾਂ ਨੂੰ ਹੋਰ ਵੀ ਘੱਟ ਗਿਆਨ ਸੀ, ਕਿ ਅਜਿਹਾ ਕਰ ਕੇ ਅਤੇ ਸਾਲ ਦਾ ਵਧੇਰੇ ਸਮਾਂ ਆਪਣੇ ਪਹਾੜੀ ਚਸ਼ਮਿਆਂ ਨੂੰ ਪਾਣੀ ਤੋਂ ਵਾਂਝਾ ਰੱਖ ਕੇ, ਉਹ ਇਹ ਸੰਭਵ ਬਣਾ ਰਹੇ ਹਨ ਕਿ ਬਰਸਾਤਾਂ ਸਮੇਂ ਪਹਾੜੀ ਢਲਾਣਾਂ, ਮੈਦਾਨਾਂ ਉਤੇ ਹੋਰ ਵਧੇਰੇ ਝਲਿਆਏ ਹੜ੍ਹ ਸੁੱਟਣ।

ਪੂੰਜੀਵਾਦ ਮੁਖ ਤੌਰ ਉਤੇ ਪੈਦਾਵਾਰ ਅਤੇ ਵਟਾਂਦਰੇ ਦੇ ਖੇਤਰ ਵਿਚ ਸਿਰਫ ਫੌਰੀ ਮੰਤਵ ਭਾਵ ਮੁਨਾਫੇ ਨੂੰ ਹੀ ਧਿਆਨ ਵਿਚ ਰੱਖਦਾ ਹੈ। ਜਿੰਨਾ ਚਿਰ ਨਿੱਜੀ ਕਾਰਖਾਨੇਦਾਰ ਜਾਂ ਵਪਾਰੀ ਬਣਾਈ ਜਾਂ ਖਰੀਦੀ ਵਸਤੂ ਨੂੰ ਪ੍ਰਚਲਿਤ ਲਾਲਚੀ ਮੁਨਾਫੇ ਉਤੇ ਵੇਚਦਾ ਹੈ, ਉਹ ਸੰਤੁਸ਼ਟ ਰਹਿੰਦਾ ਹੈ ਅਤੇ ਉਹ ਇਸ ਗੱਲ ਦੀ ਬਿਲਕੁਲ ਚਿੰਤਾ ਨਹੀਂ ਕਰਦਾ ਕਿ ਬਾਅਦ ਵਿਚ ਵੇਚੀ ਗਈ ਵਸਤੂ ਦਾ ਕੀ ਬਣਦਾ ਹੈ। ਇਹੀ ਤਰਕ ਉਸਦੇ ਪੈਦਾਵਾਰੀ ਅਮਲਾਂ ਦੇ ਪੈਣ ਵਾਲੇ ਕੁਦਰਤੀ ਪ੍ਰਭਾਵਾਂ ਉਤੇ ਲਾਗੂ ਹੁੰਦਾ ਹੈ। ਅਜੋਕੇ ਸਾਮਰਾਜੀ ਦੌਰ ਵਿਚ ਆ ਕੇ ਪੂੰਜੀਵਾਦ ਦੀ ਮੁਨਾਫੇ ਦੀ ਹਵਸ ਸਾਰੀਆਂ ਸੀਮਾਵਾਂ ਟੱਪ ਗਈ ਹੈ। ਕੁਦਰਤ ਅਤੇ ਮਨੁਖ ਦੇ ਆਪਸੀ ਅਟੁੱਟ ਰਿਸ਼ਤੇ ਬਾਰੇ ਤੇ ਸਾਮਰਾਜੀ ਪੂੰਜੀਵਾਦ ਵਲੋਂ ਇਸ ਰਿਸ਼ਤੇ ਨੂੰ ਅਣਗੌਲਿਆ ਕਰਨ ਕਰਕੇ ਹੀ ਅੱਜ ਪੰਜਾਬ ਬਰਬਾਦੀ ਦੇ ਰਾਹ ਉਤੇ ਤੁਰਿਆ ਜਾ ਰਿਹਾ ਹੈ ?

**ਅਜੋਕੇ ਸਾਮਰਾਜੀ ਦੌਰ ਵਿਚ ਆ ਕੇ ਪੂੰਜੀਵਾਦ ਦੀ ਮੁਨਾਫੇ ਦੀ ਹਵਸ ਸਾਰੀਆਂ ਸੀਮਾਵਾਂ ਟੱਪ ਗਈ ਹੈ। ਕੁਦਰਤ ਅਤੇ ਮਨੁਖ ਦੇ ਆਪਸੀ ਅਟੁੱਟ ਰਿਸ਼ਤੇ ਬਾਰੇ ਤੇ ਸਾਮਰਾਜੀ ਪੂੰਜੀਵਾਦ ਵਲੋਂ ਇਸ ਰਿਸ਼ਤੇ ਨੂੰ ਅਣਗੌਲਿਆ ਕਰਨ ਕਰਕੇ ਹੀ ਅੱਜ ਪੰਜਾਬ ਬਰਬਾਦੀ ਦੇ ਰਾਹ ਉਤੇ ਤੁਰਿਆ ਜਾ ਰਿਹਾ ਹੈ ?**

# Classified

## ਲੜਕੀ ਦੀ ਲੋੜ


ਖੱਤਰੀ ਲੜਕਾ ਗਰੀਨ ਕਾਰਡ ਹੋਲਡਰ, ਉਮਰ 38 ਸਾਲ, ਕੱਦ 5 ਫੁੱਟ 9 ਇੰਚ ਲਈ ਅਮਰੀਕਨ ਗਰੀਨ ਕਾਰਡ ਹੋਲਡਰ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ।

ਸੰਪਰਕ : 818-818-1705

ਈਮੇਲ : harishpuri2005@gmail.com

## ਕੁੱਕ ਅਤੇ ਵੇਟਰ ਦੀ ਲੋੜ

ਸਮਰੱਥ ਰੈਸਟੋਰੈਂਟ, ਲਾਸ ਏਂਜਲਸ, ਕੈਲੀਫੋਰਨੀਆਂ-91335 ਵਾਸਤੇ ਉੱਤਰੀ ਭਾਰਤ ਦੇ ਖਾਣੇ ਬਣਾਉਣ ਵਿੱਚ ਮਾਹਿਰ ਕੁੱਕ ਅਤੇ ਵੇਟਰ ਦੀ ਜਰੂਰਤ ਹੈ। ਇਸ ਤੋਂ ਇਲਾਵਾ ਚਾਈਨੀਜ਼ ਖਾਣੇ ਬਣਾਉਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।

ਹੋਰ ਜਾਣਕਾਰੀ ਲਈ ਕਾਲ ਕਰੋ:

(747) 224-1079

ਜਾਂ ਈਮੇਲ :

samrathrestaurant@gmail.com

**For Classified Contact**

**510.240.5949**


## ਸੌਦਾ ਸਾਧ 9 ਕਰੋੜ ਰੁਪਏ ਦਾ ਕਰਜ਼ਈ

ਗੱਲ ਸਾਹਮਣੇ ਆਈ ਕਿ ਡੇਰੇ ਦੇ ਹਸਪਤਾਲਾਂ ਨੂੰ ਪੀ.ਜੀ.ਆਈ. ਸੰਸਥਾ ਨਾਲ ਜੋੜਨਾ ਬੇਬੁਨਿਆਦ ਹੈ। ਡੇਰਾ ਦੇ ਹਸਪਤਾਲਾਂ ਦਾ ਸਟਾਫ ਹਸਪਤਾਲ ਨੂੰ ਚਲਾਉਣ ਦੀ ਪੂਰੀ ਕਾਬਲੀਅਤ ਰੱਖਦਾ ਹੈ।

ਇਸ ਸਾਰੇ ਮਾਮਲੇ ਵਿੱਚ ਓਰੀਐਂਟਲ ਬੈਂਕ ਆਫ਼ ਕਾਮਰਸ ਵੀ ਸਾਹਮਣੇ ਆਇਆ ਹੈ। ਓਰੀਐਂਟਲ ਬੈਂਕ ਦਾ ਕਹਿਣਾ ਹੈ ਕਿ ਡੇਰਾ ਸਿਰਸਾ ਨੇ ਬੈਂਕ ਤੋਂ 9 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ ਜੋ ਹੁਣ ਤੱਕ ਵਾਪਸ ਨਹੀਂ ਕੀਤਾ ਗਿਆ ਅਤੇ ਇਸਦਾ ਨੁਕਸਾਨ ਬੈਂਕ ਨੂੰ ਭੁਗਤਣਾ ਪੈ ਰਿਹਾ ਹੈ। ਇਸ ਮਾਮਲੇ 'ਤੇ ਹਾਈਕੋਰਟ ਨੇ ਬੈਂਕ ਦੇ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਡੇਰੇ ਦੇ ਵੇਅਰ ਹਾਊਸ ਵਿੱਚ ਪਈਆਂ ਚੀਜ਼ਾਂ ਦੀ ਨਿਲਾਮੀ ਕਰਨ ਦੇ ਹੁਕਮ ਦਿੱਤੇ ਹਨ।

## ਸਿੱਖ ਦਲਿਤਾਂ ਨੂੰ ਪੰਜਾਬੋਂ ਬਾਹਰਲੇ ਸੂਬਿਆਂ ਵਿਚ ਨਹੀਂ ਮਿਲੀ ਸਹੂਲਤ

ਨੂੰ ਵੀ ਅਨੁਸੂਚਿਤ ਜਾਤੀਆਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਮੰਗ ਨੂੰ ਲੈ ਕੇ ਮੋਰਚੇ ਦਾ ਐਲਾਨ ਕਰ ਦਿੱਤਾ। ਹਾਲਾਤ ਨੂੰ ਭਾਂਪਦਿਆਂ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਆਦੇਸ਼ ਉੱਪਰ ਪੰਜਾਬ ਸਰਕਾਰ ਨੇ ਉਕਤ ਸਿੱਖਾਂ ਨਾਲ ਸਬੰਧਿਤ ਜਾਤੀਆਂ ਨੂੰ ਵੀ ਅਨੁਸੂਚਿਤ ਜਾਤੀਆਂ ਦੀ ਸੂਚੀ ਵਿਚ ਦਰਜ ਕਰ ਲਿਆ, ਪਰ ਬਾਕੀ ਸੂਬਿਆਂ ਵਿਚ ਕਿਧਰੇ ਵੀ ਸਿੱਖਾਂ ਨਾਲ ਸਬੰਧਿਤ ਅਜਿਹੀਆਂ ਜਾਤੀਆਂ ਨੂੰ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਇੱਥੋਂ ਤੱਕ ਹੈ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਸੂਚੀ ਵਿਚ ਮਜ਼੍ਹਬੀ ਤੇ ਰਾਮਦਾਸੀਏ ਤੇ ਰਵਿਦਾਸੀਏ ਤਾਂ ਸ਼ਾਮਿਲ ਹਨ, ਪਰ ਉਨ੍ਹਾਂ ਨੂੰ ਸਿੱਖ ਨਹੀਂ ਲਿਖਿਆ ਗਿਆ। ਪੰਜਾਬ ਤੋਂ ਹੀ ਵੱਖ ਹੋਏ ਹਰਿਆਣਾ ਵਿਚ ਸਿਰਫ਼ ਮਜ਼੍ਹਬੀ ਸਿੱਖ ਤੇ ਰਾਏ ਸਿੱਖ ਅਨੁਸੂਚਿਤ ਜਾਤੀ ਵਿਚ ਸ਼ਾਮਿਲ ਹਨ। ਅਕਾਲੀ ਦਲ ਦੇ ਐਸ.ਸੀ. ਵਿੰਗ ਦੇ ਪ੍ਰਧਾਨ ਗੁਲਜ਼ਾਰ ਸਿੰਘ ਰਣੀਕੇ ਨੇ ਇਕ ਦੇਸ਼ ਹੋਣ ਦੇ ਬਾਵਜੂਦ ਦਲਿਤ ਸਿੱਖਾਂ ਨਾਲ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਇਸ ਵਿਤਕਰੇ ਉੱਪਰ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਜਿਹੇ ਵਿਵਹਾਰ ਕਾਰਨ ਦੂਜੇ ਸੂਬਿਆਂ ਵਿਚ ਸਿੱਖੀ ਵਿਕਸਤ ਹੋਣ ਵਿਚ ਰੁਕਾਵਟਾਂ ਪੈਦਾ ਹੋ ਰਹੀਆਂ ਹਨ। ਰਣੀਕੇ ਨੇ ਕਿਹਾ ਕਿ ਉਹ ਪਾਰਲੀਮੈਂਟ ਦੇ ਬੈਠੇ ਸਿੱਖ ਮੈਬਰਾਂ ਨੂੰ ਮਿਲ ਕੇ ਇਹ ਮਾਮਲਾ ਪ੍ਰਧਾਨ ਮੰਤਰੀ ਕੋਲ ਉਠਾਉਣਗੇ।

## ਬਾਦਲ ਸਰਕਾਰ ਨੇ ਜਾਂਦੇ-ਜਾਂਦੇ ਵਿਵਾਦਤ ਪੁਲੀਸ ਕਰਮਚਾਰੀ ਪਿੰਕੀ 'ਕੈਟ' ਨੂੰ ਦਿੱਤੀ ਵੱਡੀ ਰਾਹਤ

ਨੂੰ ਬਰਖ਼ਾਸਤ ਕਰਨ ਦੇ ਜਿਹੜੇ ਹੁਕਮ 17 ਨਵੰਬਰ ਨੂੰ ਜਾਰੀ ਕੀਤੇ ਗਏ ਸਨ, ਉਨ੍ਹਾਂ ਨੂੰ ਜਬਰੀ ਸੇਵਾ ਮੁਕਤੀ ਵਿੱਚ ਬਦਲ ਦਿੱਤਾ ਗਿਆ।

ਪੰਜਾਬ ਪੁਲੀਸ ਦੇ ਤਾਜ਼ਾ ਹੁਕਮਾਂ ਦੇ ਪਹਿਰਾ ਨੰਬਰ 6 ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਪਿੰਕੀ ਦਾ ਰਿਕਾਰਡ ਘੋਖਣ ਤੋਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਗੁਰਮੀਤ ਸਿੰਘ ਹੈੱਡ ਕਾਂਸਟੇਬਲ ਦੇ ਰੈਂਕ 'ਤੇ ਕੰਮ ਕਰ ਰਿਹਾ ਸੀ। ਅਤਿਵਾਦ ਦੇ ਸਮੇਂ ਦੌਰਾਨ ਇਸ ਵਿਅਕਤੀ ਵੱਲੋਂ ਸ਼ਲਾਘਾਯੋਗ ਕੰਮ ਕਰਨ ਦਾ ਜ਼ਿਕਰ ਕੀਤਾ ਗਿਆ ਹੈ। ਅੰਤਲੇ ਪਹਿਰੇ ਵਿੱਚ ਕਿਹਾ ਗਿਆ ਹੈ ਕਿ ਤੱਥਾਂ ਤੇ ਹਾਲਾਤ ਨੂੰ ਦੇਖਦਿਆਂ ਗੁਰਮੀਤ ਸਿੰਘ ਦੀ ਅਪੀਲ ਦੇ ਮੱਦੇਨਜ਼ਰ ਸੇਵਾ ਮੁਕਤੀ 30 ਜੂਨ 2017 ਤੋਂ ਮੰਨੀ ਜਾਂਦੀ ਹੈ। ਪੁਲੀਸ ਨੇ ਇਸ ਵਿਅਕਤੀ ਨੂੰ ਪੈਨਸ਼ਨ ਤੇ ਹੋਰ ਸੇਵਾ ਮੁਕਤੀ ਲਾਭ ਲੈਣ ਦਾ ਹੱਕਦਾਰ ਐਲਾਨਿਆ ਹੈ। ਜ਼ਿਕਰਯੋਗ ਹੈ ਕਿ ਪਿੰਕੀ ਉਪਰ 9 ਜਨਵਰੀ 2001 ਨੂੰ ਲੁਧਿਆਣਾ ਸ਼ਹਿਰ ਵਿੱਚ ਇੱਕ ਨੌਜਵਾਨ ਦਾ ਕਤਲ ਕਰਨ ਦੇ ਦੋਸ਼ਾਂ ਤਹਿਤ 302 ਅਤੇ ਹੋਰਨਾਂ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਹੋਇਆ ਸੀ। ਅਤਿਵਾਦ ਦੇ ਸਮੇਂ ਤੋਂ ਲੈ ਕੇ ਹੁਣ ਤਕ ਉਹ ਅਕਸਰ ਸੁਰਖ਼ੀਆਂ ਵਿੱਚ ਰਿਹਾ ਹੈ।

ਪੰਜਾਬ ਪੁਲੀਸ ਦੇ ਡੀਜੀਪੀ (ਪ੍ਰਸ਼ਾਸਨ) ਐਮ.ਕੇ. ਤਿਵਾੜੀ ਨੇ ਇਸ ਮਾਮਲੇ 'ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਗੁਰਮੀਤ ਸਿੰਘ ਪਿੰਕੀ ਨਾਲ ਸਬੰਧਤ ਫਾਈਲ ਦੇਖੇ ਬਿਨਾਂ ਕੁਝ ਵੀ ਨਹੀਂ ਕਹਿ ਸਕਦੇ। ਉਨ੍ਹਾਂ ਇਹ ਵੀ ਕਿਹਾ ਕਿ ਰੁੱਝੇ ਹੋਣ ਕਰਕੇ ਉਹ ਇਸ ਫਾਈਲ ਨੂੰ ਇੰਨੀ ਛੇਤੀ ਨਹੀਂ ਵੇਖ ਸਕਦੇ।

## ਪੰਜਾਬੀ ਗਾਇਕ ਨਵਜੋਤ ਵਿਰਕ ਦੀ ਗੋਲੀਆਂ ਮਾਰ ਕੇ ਹੱਤਿਆ

ਵਿਰਕ ਦੇ ਨਾਮ ਨਾਲ ਜਾਣੇ ਜਾਂਦੇ ਨਵਜੋਤ ਦੇ ਯੂ-ਟਿਊਬ 'ਤੇ ਦੋ ਗੀਤ ਆ ਚੁੱਕੇ ਹਨ। ਉਸ ਵੱਲੋਂ ਦੋਵੇਂ ਗੀਤ ਵੱਡਾ ਖ਼ਰਚ ਕਰਕੇ ਰਿਲੀਜ਼ ਕੀਤੇ ਗਏ ਸਨ। ਹੁਣ ਉਸ ਦਾ ਨਵਾਂ ਗੀਤ 'ਈਸਾਪੁਰੀਆ ਵਿਰਕ' ਆ ਰਿਹਾ ਸੀ ਜੋ ਉਸ ਨੇ ਦੀਪ ਢਿੱਲੋਂ ਨਾਲ ਗਾਇਆ ਸੀ। ਉਸ ਦੇ ਹੁਣ ਤੱਕ ਦੇ ਗੀਤ ਜ਼ਿਆਦਾ ਕਮਾਲ ਨਹੀਂ ਕਰ ਸਕੇ ਸਨ।

ਨਵਜੋਤ ਦੇ ਪਿਤਾ ਸੁਖਬੀਰ ਸਿੰਘ ਨੇ ਦੱਸਿਆ ਕਿ ਉਹ ਮੁਹਾਲੀ ਤੋਂ ਗਾਇਕੀ ਦੀ ਸਿਖਲਾਈ ਲੈ ਰਿਹਾ ਸੀ ਅਤੇ ਲੰਮੇ ਸਮੇ ਤੋਂ ਖਰੜ ਆਪਣੇ ਦੋਸਤਾਂ ਨਾਲ ਫਲੈਟ ਵਿੱਚ ਰਹਿੰਦਾ ਸੀ। ਉਸ ਦੇ ਤਾਏ ਦਾ ਲੜਕਾ ਇਕ ਸੜਕ ਹਾਦਸੇ ਵਿੱਚ ਜ਼ਖ਼ਮੀ ਹੋਣ ਕਾਰਨ ਪਿਛਲੇ ਮਹੀਨੇ ਤੋਂ ਨਵਜੋਤ ਦੇ ਘਰ ਰਹਿ ਰਿਹਾ ਸੀ। ਬੀਤੀ ਸ਼ਾਮ ਤਕਰੀਬਨ ਚਾਰ ਵਜੇ ਨਵਜੋਤ ਆਪਣੀ ਸਿਲਵਰ ਰੰਗ ਦੀ ਮਾਈਕਰਾ ਕਾਰ 'ਤੇ ਚੰਡੀਗੜ੍ਹ ਗਿਆ ਸੀ। ਰਾਤ ਪੌਣੇ ਗਿਆਰਾਂ ਵਜੇ ਅਖ਼ੀਰਲੀ ਵਾਰ ਉਸ ਦੀ ਮਾਤਾ ਰਾਜਵਿੰਦਰ ਕੌਰ ਨਾਲ ਛੇਤੀ ਘਰ ਆਉਣ ਬਾਰੇ ਗੱਲ ਹੋਈ ਸੀ। ਕਾਫੀ ਦੇਰ ਘਰ ਨਾ ਪਹੁੰਚਣ 'ਤੇ ਪਰਿਵਾਰ ਵੱਲੋਂ ਉਸ ਦੀ ਭਾਲ ਸ਼ੁਰੂ ਕੀਤੀ ਗਈ ਤਾਂ ਬਰਵਾਲਾ ਰੋਡ 'ਤੇ ਇਕ ਬੰਦ ਪਈ ਫੈਕਟਰੀ ਦੇ ਬਾਹਰ ਕਾਰ ਖੜ੍ਹੀ ਮਿਲੀ। ਉਸ ਦੀ ਪਿਛਲੀ ਖਿੜਕੀ ਖੁੱਲ੍ਹੀ ਸੀ ਅਤੇ ਕਾਰ ਵਿੱਚ ਖਾਲੀ ਕਾਰਤੂਸ ਦਾ ਇਕ ਖੋਲ ਡਿੱਗਿਆ ਹੋਇਆ ਸੀ ਅਤੇ ਫੈਕਟਰੀ ਦੇ ਨਾਲ ਖਾਲੀ ਪਲਾਟ ਵਿੱਚ ਉਸ ਦੀ ਗੋਲੀਆਂ ਨਾਲ ਵਿੰਨ੍ਹੀ ਲਾਸ਼ ਪਈ ਸੀ।

ਸੂਚਨਾ ਮਿਲਣ ਮਗਰੋਂ ਏਐਸਪੀ ਹਰਮਨਦੀਪ ਹਾਂਸ, ਥਾਣਾ ਮੁਖੀ ਮਹਿੰਦਰ ਸਿੰਘ, ਸੀਆਈਏ ਇੰਚਾਰਜ ਤਰਲੋਚਨ ਸਿੰਘ ਭਾਰੀ ਪੁਲੀਸ ਫੋਰਸ ਨਾਲ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਏਐਸਪੀ ਹਾਂਸ ਨੇ ਦੱਸਿਆ ਕਿ ਕੇਸ ਨੂੰ ਹੱਲ ਕਰਨ ਲਈ ਪੁਲੀਸ ਦੀਆਂ ਵੱਖ ਵੱਖ ਟੀਮਾਂ ਕੰਮ ਕਰ ਰਹੀਆਂ ਹਨ।

ਪੁਲੀਸ ਨੂੰ ਕਤਲ ਪਿੱਛੇ ਪੰਜਾਬ ਵਿੱਚ ਚੱਲ ਰਹੀ ਗੈਂਗਵਾਰ 'ਤੇ ਸ਼ੱਕ ਹੈ। ਦੂਜੇ ਪਾਸੇ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਵਿਰਕ ਦੀ ਕੁਝ ਲੜਕੀਆਂ ਨਾਲ ਨੇੜਤਾ ਸੀ ਅਤੇ ਕਤਲ ਹੋਣ ਦਾ ਇਹ ਵੀ ਇਕ ਕਾਰਨ ਹੋ ਸਕਦਾ ਹੈ। ਪੁਲੀਸ ਨੇ ਸ਼ੱਕ ਦੇ ਅਧਾਰ ਉਤੇ ਕੁਝ ਲੜਕੀਆਂ ਨੂੰ ਪੁਲੀਸ ਸਟੇਸ਼ਨ ਵੀ ਬੁਲਾਇਆ ਹੈ।

ਨਵਜੋਤ ਸਿੰਘ ਵਿਰਕ ਉਰਫ਼ ਲਵ ਵਿਰਕ ਦੇ ਕਤਲ ਕੇਸ ਨੇ ਸਬ-ਡਿਵੀਜ਼ਨ ਡੇਰਾਬੱਸੀ ਵਿੱਚ ਕਾਨੂੰਨ ਵਿਵਸਥਾ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਇਸ ਕਤਲ ਕੇਸ ਵਿੱਚ ਪੁਲੀਸ ਦਾ ਕਾਤਲਾਂ ਤੱਕ ਪਹੁੰਚਣਾ ਤਾਂ ਦੂਰ ਪੁਲੀਸ ਕਤਲ ਦੇ ਅਸਲ ਕਾਰਨ ਤੱਕ ਵੀ ਨਹੀਂ ਪਹੁੰਚ ਪਾਈ। ਸਬ-ਡਿਵੀਜ਼ਨ ਦੇ ਜ਼ੀਰਕਪੁਰ ਖੇਤਰ ਵਿੱਚ ਜਿੱਥੇ ਦਿਨ ਦਿਹਾੜੇ ਲੁੱਟ ਖੋਹਾਂ ਅਤੇ ਲੜੀਵਾਰ ਚੋਰੀਆਂ ਹੋ ਰਹੀਆਂ ਹਨ, ਉਥੇ ਹੀ ਡੇਰਾਬੱਸੀ ਖੇਤਰ ਵਿੱਚ ਪਿਛਲੇ ਕਰੀਬ ਦੋ ਹਫ਼ਤਿਆਂ ਵਿੱਚ ਗੋਲੀਆਂ ਮਾਰ ਕੇ ਇਹ ਦੂਜਾ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਤੋਂ ਪਹਿਲਾਂ 17 ਮਈ ਨੂੰ ਖੇਤਰ ਵਿੱਚ ਸਮਗੋਲੀ ਰੋਡ 'ਤੇ ਖੇੜੀ ਪਿੰਡ ਦੀ ਬੀੜ ਵਿੱਚੋਂ ਗੈਂਗਸਟਰ ਵਿਵੇਕ ਰਾਣਾ ਵਾਸੀ ਸ਼ਾਮਲੀ ਮੁਜ਼ਫ਼ਰਨਗਰ ਦੀ ਗੋਲੀਆਂ ਨਾਲ ਵਿੰਨ੍ਹੀ ਲਾਸ਼ ਮਿਲੀ ਸੀ।

## ਪੰਜਾਬ ਬਾਰੇ ਚਿੰਤਾ ਨਹੀਂ, ਚਿੰਤਨ ਦੀ ਲੋੜ

ਆਬਾਦੀ ਦਾ ਢਿੱਡ ਕਿਵੇਂ ਭਰਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਕਿਸਾਨਾਂ ਨੂੰ ਡੇਅਰੀ ਅਤੇ ਸਬਜ਼ੀਆਂ ਦੀ ਕਾਸ਼ਤ ਵੱਲ ਮੁੜਨ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ।

ਨਸ਼ਿਆਂ ਦੀ ਵਧ ਰਹੀ ਵਰਤੋਂ ਲਈ ਬਹੁਤ ਹੱਦ ਤਕ ਸਾਡੇ ਰਾਜਸੀ ਆਗੂ ਜ਼ਿੰਮੇਵਾਰ ਹਨ। ਉਹ ਪੰਚਾਇਤਾਂ ਤੋਂ ਲੈ ਕੇ ਸੰਸਦ ਦੀਆਂ ਚੋਣਾਂ ਸਮੇਂ ਸ਼ਰਾਬ ਅਤੇ ਦੂਜੇ ਨਸ਼ਿਆਂ ਦੀ ਵਰਤੋਂ ਕਰਦੇ ਹਨ। ਜਿਹੜੇ ਸਮਾਜ ਸੇਵਕ ਖੇਤੀ ਵਿਕਾਸ ਮਾਡਲ ਦਾ ਵਿਰੋਧ ਕਰ ਰਹੇ ਹਨ, ਉਨ੍ਹਾਂ ਨੂੰ ਚੋਣਾਂ ਸਮੇਂ ਨਸ਼ਿਆਂ ਦੀ ਵਰਤੋਂ ਵਿਰੁੱਧ ਮੁਹਿੰਮ ਚਲਾਉਣੀ ਚਾਹੀਦੀ ਹੈ।

ਕਿਸਾਨ ਦੀ ਆਮਦਨ ਵਿਚ ਵਾਧੇ ਲਈ ਮਿਸ਼ਰਤ ਖੇਤੀ ਦੀ ਲੋੜ ਹੈ, ਪਰ ਇਸ ਪਾਸੇ ਉਸ ਨੂੰ ਉਤਸ਼ਾਹਿਤ ਨਹੀਂ ਕੀਤਾ ਜਾ ਰਿਹਾ। ਵਿਕਾਸ ਦੇ ਪ੍ਰਭਾਵ ਹੇਠ ਕਿਸਾਨਾਂ ਦੇ ਬੱਚਿਆਂ ਨੇ ਸਕੂਲਾਂ ਵਿਚ ਜਾਣਾ ਸ਼ੁਰੂ ਕੀਤਾ, ਉਨ੍ਹਾਂ ਪੜ੍ਹਾਈ ਕੀਤੀ ਤੇ ਚੰਗੀਆਂ ਨੌਕਰੀਆਂ ਪ੍ਰਾਪਤ ਕੀਤੀਆਂ। ਇਸ ਤਬਦੀਲੀ ਦਾ ਲਾਹਾ ਲੈਣ ਲਈ ਵਪਾਰੀਆਂ ਨੇ ਵਿਦਿਆ ਦਾ ਵੀ ਵਪਾਰ ਸ਼ੁਰੂ ਕਰ ਦਿੱਤਾ। ਅਖੌਤੀ ਅੰਗਰੇਜ਼ੀ ਸਕੂਲ ਖੋਲ੍ਹੇ ਗਏ, ਜਿੱਥੇ ਰੱਜੇ ਪੁੱਜੇ ਘਰਾਂ ਦੇ ਬੱਚੇ ਦਾਖਲ ਹੋਣ ਲੱਗੇ। ਸਰਕਾਰੀ ਸਕੂਲਾਂ ਵਿਚ ਕੇਵਲ ਗ਼ਰੀਬਾਂ ਦੇ ਬੱਚੇ ਹੀ ਰਹਿ ਗਏ। ਸਰਕਾਰ ਨੇ ਪਿੰਡਾਂ ਦੇ ਪਿੰਡ ਉਜਾੜ ਕੇ ਸਨਅਤੀ ਇਕਾਈਆਂ ਸਥਾਪਿਤ ਕੀਤੀਆਂ, ਪਰ ਉੱਜੜੇ ਪਰਿਵਾਰਾਂ ਲਈ ਰੁਜ਼ਗਾਰ ਦਾ ਕੋਈ ਵਸੀਲਾ ਨਹੀਂ ਬਣਾਇਆ। ਕਿਸਾਨਾਂ ਨੂੰ ਕਿਸੇ ਹੋਰ ਥਾਂ ਜ਼ਮੀਨ ਦੇਣੀ ਚਾਹੀਦੀ ਸੀ ਅਤੇ ਸਨਅਤੀ ਇਕਾਈਆਂ ਵਿੱਚ ਪਿੰਡ ਵਾਸੀਆਂ ਲਈ ਨੌਕਰੀਆਂ ਰਾਖਵੀਆਂ ਕਰਨ ਦੀ ਲੋੜ ਸੀ। ਅਜਿਹਾ ਨਹੀਂ ਹੋਇਆ। ਜ਼ਮੀਨ ਤੋਂ ਪ੍ਰਾਪਤ ਪੈਸੇ ਕੁਝ ਸਮੇਂ ਵਿਚ ਹੀ ਖ਼ਰਚੇ ਗਏ ਤੇ ਮੁੜ ਕੱਲ੍ਹ ਦੇ ਸਰਦਾਰ ਗ਼ਰੀਬ ਬਣ ਗਏ। ਕੀ ਇਸ ਵਿਚ ਵੀ ਖੇਤੀ ਵਿਕਾਸ ਦਾ ਕਸੂਰ ਹੈ।

ਕੁਝ ਸੂਝਵਾਨ ਆਗੂਆਂ ਨੇ ਸਨਅਤੀ ਸਿਖਲਾਈ ਲਈ ਸੰਸਥਾਵਾਂ ਖੋਲ੍ਹੀਆਂ ਤਾਂ ਜੋ ਇੱਥੋਂ ਪੜ੍ਹ ਕੇ ਬੱਚੇ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਸਕਣ। ਪਰ ਇਹ ਇਕਾਈਆਂ ਬੱਚਿਆਂ ਨੂੰ ਹੁਨਰੀ ਬਣਾਉਣ ਵਿਚ ਅਸਫਲ ਰਹੀਆਂ। ਸਰਕਾਰਾਂ ਵੱਲੋਂ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ, ਇੱਥੋਂ ਤਕ ਕਿ ਕੁਝ ਪਿੰਡਾਂ ਵਿੱਚ ਆਈ.ਟੀ.ਆਈ. ਲਈ ਵਧੀਆ ਇਮਾਰਤਾਂ ਬਣਾਈਆਂ ਗਈਆਂ, ਪਰ ਉੱਥੇ ਕਿਸੇ ਨੇ ਸਿਖਲਾਈ ਸ਼ੁਰੂ ਹੀ ਨਹੀਂ ਕਰਵਾਈ।

ਅਸੀਂ ਪੰਜਾਬ ਦੀਆਂ ਸਮੱਸਿਆਵਾਂ ਲਈ ਖੇਤੀ ਵਿਕਾਸ ਨੂੰ ਜ਼ਿੰਮੇਵਾਰ ਠਹਿਰਾ ਕੇ ਆਪਣੀ ਜ਼ਿੰਮਵਾਰੀ ਤੋਂ ਮੁਕਤ ਹੋਣ ਦਾ ਯਤਨ ਕਰ ਰਹੇ ਹਾਂ। ਜੇਕਰ ਖੇਤੀ ਵਿਕਾਸ ਨਾ ਹੁੰਦਾ ਤਾਂ ਭੁੱਖਮਰੀ ਦੀ ਅਜਿਹੀ ਮਾਰ ਪੈਣੀ ਸੀ ਕਿ ਹੁਣ ਵਾਲਾ ਭਾਰਤ, ਭਾਰਤ ਨਾ ਹੁੰਦਾ ਸਗੋਂ ਟੁਕੜਿਆਂ ਵਿੱਚ ਵੰਡਿਆ ਖਾਨਾਜੰਗੀ ਦਾ ਸ਼ਿਕਾਰ ਹੁੰਦਾ। ਸੂਬੇ ਦੇ ਵਿਕਾਸ ਲਈ ਗੰਭੀਰ ਚਿੰਤਨ ਕੀਤਾ ਜਾਵੇ। ਪਿੰਡਾਂ ਦੇ ਸਕੂਲਾਂ ਨੂੰ ਸਮੇਂ ਦੇ ਹਾਣੀ ਬਣਾਇਆ ਜਾਵੇ। ਹੁਨਰੀ ਸਿਖਲਾਈ ਅਜਿਹੀ ਹੋਵੇ ਕਿ ਵਿਦਿਆਰਥੀ ਸਿਖਲਾਈ ਪ੍ਰਾਪਤ ਕਰਕੇ ਆਪਣੇ ਪੈਰਾਂ ਉੱਤੇ ਖੜ੍ਹਾ ਹੋ ਸਕੇ। ਅਜਿਹਾ ਕਰਨ ਲਈ ਉਸ ਨੂੰ ਉਤਸ਼ਾਹਿਤ ਕੀਤਾ ਜਾਵੇ। ਪੰਜਾਬ ਵਿੱਚ ਮਿਸ਼ਰਤ ਖੇਤੀ ਨੂੰ ਸਮਰਥਨ ਦਿੱਤਾ ਜਾਵੇ। ਉਸ ਦੀ ਉਪਜ ਨੂੰ ਮੰਡੀ ਵਿੱਚ ਰੁਲਣ ਤੋਂ ਬਚਾਇਆ ਜਾਵੇ। ਪਿੰਡਾਂ ਸ਼ਹਿਰਾਂ ਦੀ ਥਾਂ ਦੂਰ ਦੁਰਾਡੇ ਦੇ ਪਿੰਡਾਂ ਨੇੜੇ ਸਨਅਤੀ ਇਕਾਈਆਂ ਲਗਾਈਆਂ ਜਾਣ ਤਾਂ ਜੋ ਪਿੰਡ ਵਾਸੀਆਂ ਨੂੰ ਰੁਜ਼ਗਾਰ ਮਿਲ ਸਕੇ। ਇੱਕ ਦੂਜੇ ਸਿਰ ਦੋਸ਼ ਮੜ੍ਹਨ ਦੀ ਥਾਂ ਚਿੰਤਨ ਕੀਤਾ ਜਾਵੇ, ਸਾਰਿਆਂ ਦੇ ਸਾਂਝੇ ਯਤਨਾਂ ਨਾਲ ਹੀ ਪੰਜਾਬ ਵਿੱਚ ਆਈ ਖੜੋਤ ਨੂੰ ਤੋੜ ਕੇ ਵਿਕਾਸ ਦੇ ਰਾਹ ਤੋਰਿਆ ਜਾ ਸਕਦਾ ਹੈ।

## ਅੰਸ਼ੂ ਸੇਠ ਦੇ ਅੰਗਰੇਜ਼ੀ ਨਾਵਲ ਨੂੰ ਪਾਇਆ ਸ਼ਬਦਾਂ ਦਾ ਸ਼ਗਨ

ਤਸਵੀਰ-ਕਸ਼ੀ ਦੀ ਗੱਲ ਕਰਨ ਦੇ ਨਾਲ ਨਾਵਲ ਦੀਆਂ ਕੁਝ ਘਟਨਾਵਾਂ ਉਪਰ ਕਿੰਤੂ ਵੀ ਉਠਾਏ।

ਕਵਾਂਟਲਨ ਯੂਨੀਵਰਸਿਟੀ ਤੋਂ ਪੀ.ਜੇ. ਲਿੱਲ਼ੀ, ਜਿਹੜੀ ਕਿ ਕਵਾਂਟਲਨ ਪਬਲਿਕ ਇੰਟਰੈਸਟ ਰਿਸਰਚ ਗਰੁੱਪ ਨਾਲ ਵੀ ਸਬੰਧਤ ਹੈ, ਨੇ ਆਪਣੇ ਪਰਚੇ ਵਿਚ ਦੱਸਿਆ ਕਿ ਜਿਹੜੇ ਸਮਾਜ ਦੀ ਇਸ ਨਾਵਲ ਵਿਚ ਝਲਕ ਪੈਂਦੀ ਹੈ ਜੇ ਉਸ ਦਾ ਇਥੋਂ ਦੇ ਸਮਾਜ ਨਾਲ ਟਾਕਰਾ ਕੀਤਾ ਜਾਵੇ ਤਾਂ ਬੜਾ ਕੁਝ ਵਿਲੱਖਣ ਨਜ਼ਰ ਆਉਂਦਾ ਹੈ।

ਡਾ. ਸੁਰਿੰਦਰ ਧੰਜਲ, ਥਾਮਸਨ ਰਿਵਰ ਯੂਨੀਵਰਸਿਟੀ ਕੈਮਲੂਪਸ ਨੇ ਆਪਣੇ ਵਿਚਾਰ ਅੰਗ੍ਰੇਜ਼ੀ ਪੰਜਾਬੀ ਵਿਚ ਪ੍ਰਗਟਾਉਂਦਿਆਂ ਪਹਿਲਾਂ ਨਾਵਲ ਦੀ ਅਲੋਚਨਾ ਦੇ ਸਿਧਾਤਾਂ ਬਾਰੇ ਗੱਲ ਕੀਤੀ ਫਿਰ ਨਾਵਲ ਦੇ ਇਕ ਪਾਤਰ, ਸੋਮ ਪ੍ਰਕਾਸ਼ ਦੇ ਸੰਘਰਸ਼ ਦੀ ਗਾਥਾ ਅਤੇ ਸਮਾਜ ਵਿਚ ਭ੍ਰਿਸ਼ਟਾਚਾਰ ਬਾਰੇ ਆਪਣੀ ਗੱਲ ਨੂੰ ਸਿੱਧ ਕਰਨ ਲਈ ਨਾਵਲ ਵਿਚੋਂ ਟੂਕਾਂ ਪੜ੍ਹ ਕੇ ਸੁਣਾਈਆਂ। ਧੰਜਲ ਨੇ ਵੀ ਨਾਵਲ ਉਪਰ ਥੋੜਾ ਜਿਹਾ ਕਿੰਤੂ ਕਰਦਿਆਂ ਅੰਸ਼ੂ ਸੇਠ ਨੂੰ ਹਾਈ ਫਸਟ ਡਵੀਜ਼ਨ ਵਿਚ ਪਾਸ ਹੋਈ ਕਿਹਾ।

ਸਿਹਤ ਵਿਭਾਗ ਵਿਚ ਕੰਮ ਕਰਦੀ ਲੇਖਕਾ ਮਾਰਥਾ ਰਾਬਰਟਸ ਨੂੰ ਛੁੱਟੀ ਨਾ ਮਿਲਣ ਕਾਰਨ ਉਸ ਦਾ ਪਰਚਾ ਲਖਬੀਰ ਖੁਣ ਖੁਣ ਨੇ ਪੜ੍ਹਿਆ। ਉਸ ਨੇ ਨਾਵਲ ਦੇ ਸਮੁੱਚੇ ਘਟਨਾਕਰਮ ਬਾਰੇ ਗੱਲ ਕਰਨ ਦੇ ਨਾਲ ਨਾਲ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਪਾਤਰਾਂ ਦੀ ਮਾਨਸਿਕ ਦਸ਼ਾ ਬਾਰੇ ਵੀ ਗੱਲ ਕੀਤੀ।

ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਨਾਵਲ ਨੂੰ ਸਫਲ ਗਰਦਾਨਦਿਆਂ ਕਿਹਾ ਕਿ ਇਹ ਲੇਖਕ ਦੀ ਆਪਣੀ ਸੋਚ ਹੈ ਕਿ ਉਸ ਨੇ ਕੀ ਲਿਖਣਾ ਹੈ ਅਤੇ ਕਿਸ ਬਾਰੇ ਲਿਖਣਾ ਹੈ। ਅਲੋਚਕ ਨੂੰ ਉਸ ਦੇ ਲਿਖੇ ਹੋਏ ਉਪਰ ਵਿਚਾਰ ਕਰਨਾ ਚਾਹੀਦਾ ਹੈ। ਨਾ ਕਿ ਲੇਖਕ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਸ ਕੀ ਤੇ ਕਿਵੇਂ ਲਿਖਣਾ ਚਾਹੀਦਾ ਹੈ।

ਉਪਰੋਕਤ ਬੁਲਾਰਿਆਂ ਬਾਰੇ ਆਪਣਾ ਪ੍ਰਤੀਕ੍ਰਮ ਦੇਣ ਲਈ ਜਦੋਂ ਅੰਸ਼ੂ ਸੇਠ ਨੂੰ ਸਟੇਜ ਉਪਰ ਸੱਦਿਆ ਗਿਆ ਤਾਂ ਹਾਜ਼ਰ ਸਰੋਤਿਆਂ ਨੇ ਤਾਲੀਆਂ ਦੀ ਗੂੰਜ ਨਾਲ ਲੇਖਕਾ ਦਾ ਸੁਆਗਤ ਕੀਤਾ। ਅੰਸ਼ੂ ਸੇਠ ਨੇ ਬੁਲਾਰਿਆਂ ਦਾ ਤੇ ਆਏ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਨੇ ਜੋ ਕਹਿਣਾ ਸੀ, ਉਹ ਅਪਣੇ ਨਾਵਲ ਵਿਚ ਕਹਿ ਚੁੱਕੀ ਹੈ। ਜੇ ਕੋਈ ਨਾਵਲ ਬਾਰੇ ਕੁਝ ਪੁਛਣਾ ਚਾਹੇ ਤਾਂ ਉਹ ਉਸ ਦਾ ਜਵਾਬ ਦੇਣ ਲਈ ਤਿਆਰ ਹੈ। ਬਹੁਤ ਸਾਰੇ ਸਰੋਤਿਆਂ ਵਲੋਂ ਨਾਵਲ ਬਾਰੇ ਕਈ ਸਵਾਲ ਪੁੱਛੇ ਗਏ, ਜਿਸ ਦੇ ਅੰਸ਼ੂ ਸੇਠ ਬੜੇ ਤਹੱਮਲ ਨਾਲ ਜਵਾਬ ਦਿੱਤੇ। ਉਸ ਦੇ ਜਵਾਬਾਂ ਤੋਂ ਸਰੋਤੇ ਸੰਤੁਸ਼ਟ ਨਜ਼ਰ ਆ ਰਹੇ ਸਨ।

ਅੰਤ ਵਿਚ ਡਾ. ਸਾਧੂ ਸਿੰਘ ਨੇ ਸਾਰੀ ਵਿਚਾਰ ਚਰਚਾ ਨੂੰ ਸਮੇਟਦਿਆਂ ਕਿਹਾ ਕਿ ਵਿਚਾਰਧਾਰਾ ਤੋਂ ਬਿਨਾਂ ਕੋਈ ਰਚਨਾ ਨਹੀਂ ਹੁੰਦੀ। ਵਿਚਾਰਧਾਰਾ ਵਿਅਕਤੀਗਤ ਵੀ ਹੁੰਦੀ ਹੈ ਅਤੇ ਸੰਗਠਤ ਰੂਪ ਵਿਚ ਵੀ। ਕਿਸੇ ਚੰਗੀ ਰਚਨਾ ਦੀਆਂ ਘਟਨਾਵਾਂ ਤੇ ਵੇਰਵੇ ਤਾਂ ਭੁੱਲ ਜਾਂਦੇ ਹਨ ਪਰ ਚੰਗੀ ਰਚਨਾ ਦਾ ਪ੍ਰਭਾਵ ਕਾਇਮ ਰਹਿੰਦਾ ਹੈ। ਇਸ ਨਾਵਲ ਦੀ ਸਫਲਤਾ ਦੇ ਕਾਰਨ ਦਰਸਾਉਣ ਲਈ ਡਾ. ਸਾਹਿਬ ਨੇ ਨਾਵਲ ਵਿਚਲੇ ਪਾਤਰਾਂ ਦੇ ਕਾਰਜ ਤੇ ਨਾਵਲ ਦੀਆਂ ਘਟਨਾਵਾਂ ਦੇ ਵੇਰਵੇ ਦਿੱਤੇ। ਹਾਜ਼ਰ ਸਰੋਤਿਆਂ ਦਾ ਧੰਨਵਾਦ ਕਰਨ ਉਪਰੰਤ ਸਮਾਗਮ ਸਮਾਪਤੀ ਦਾ ਐਲਾਨ ਕਰ ਦਿੱਤਾ ਗਿਆ।

ਹਾਜ਼ਰ ਸਰੋਤਿਆਂ ਵਿਚ ਡਾ. ਰਘਬੀਰ ਸਿੰਘ ਸਿਰਜਣਾ, ਅਜਮੇਰ ਰੋਡੇ, ਅੰਗ੍ਰੇਜ਼ ਬਰਾੜ, ਅਵਤਾਰ ਗਿੱਲ, ਪਿਆਰਾ ਸਿੰਘ ਚਾਹਲ, ਮੈਡਮ ਸਾਜ਼ੀਆ, ਪ੍ਰਿੰ. ਹਰਚਰਨ ਸਿੰਘ ਪੁਨੀਆ, ਗੁਰਦਰਸ਼ਨ ਬਾਦਲ, ਗੁਰਮੇਲ ਬੀਰੋਕੇ, ਹਰਦਮ ਸਿੰਘ ਮਾਨ, ਕੁਲਵਿੰਦਰ ਕੁਲਾਰ, ਭੁਪਿੰਦਰ ਧਾਲੀਵਾਲ, ਕ੍ਰਿਪਾਲ ਬੈਂਸ, ਭੁਪਿੰਦਰ ਸਹੋਤਾ, ਇੰਦਰਜੀਤ ਕੌਰ ਸਿੱਧੂ, ਪ੍ਰਮਿੰਦਰ ਸਵੈਚ, ਮੋਹਨ ਬਚਰਾ, ਦਵਿੰਦਰ ਕੌਰ ਬਚਰਾ, ਦਵਿੰਦਰ ਕੌਰ ਜੌਹਲ ਅਤੇ ਕਈ ਹੋਰ ਨਾਮਵਰ ਸ਼ਖਸੀਅਤਾਂ ਵੀ ਸ਼ਮਿਲ ਸਨ।

## ਗੁਰਬਾਣੀ

24 ਘੰਟੇ ਸੁਣਨ ਲਈ

Dial 832.551.5029 Ext. 4

www.GurbaniRadio.org

## ਪੰਜਾਬੀ ਗਾਣੇ

24 ਘੰਟੇ ਸੁਣਨ ਲਈ

Dial 832.551.5029 Ext. 3

www.NonStopPunjabi.com

ਪੰਜਾਬੀ ਰੇਡੀਓ ਯੂਐਸਏ

**Punjabi RADIO USA**

*Uniting Punjabi's All Over*

www.PunjabiRadioUSA.com

408-272-5200

DIAL TO LISTEN:

US: 832-551-5029 | 605-475-6868 | 712-432-5838 (METRO PCS)

UK: +44 203-519-0455

GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA

## INSURANCE AGENCY, INC.

**Khalsa Insurance Agency is among TOP 50 agencies** of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the Lowest Health Insurance Premiums available

Some Households qualify for

**FREE HEALTHCARE**

OBAMACARE IS COVERED CALIFORNIA IS THE AFFORDABLE CARE ACT IS THE California Health Benefit Exchange IS *Your destination for affordable health care*

# 408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



Satnam Singh Khalsa

510-706-1300

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME®
Premium Bifacial Thin Film Solar

"A home is one of the most important assets that most people will ever buy. Homes are also where memories are made and you want to work with someone you can trust."

Warren Buffett, Chairman and CEO,
Berkshire Hathaway Inc.



## Office Address:
## 1983 Second Street, Livermore, CA 94550

BH HS
BERKSHIRE HATHAWAY
HomeServices

A Residential and Real Estate Company. Serving East Bay and Valley Area BUY SELL RESIDENTIAL RANCH AND AGRICULTURE FARM. Serving Fremont, Hayward Pleasanton, Dublin, Livermore, Tracy, Lathrop, Manteca, Ripon, Modesto, Stockton, Lodi.



ਕਿਸੇ ਕਿਸਮ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

# Priti Singh

(925) 999-0823

CA BRE Licence #02024721

info@pritisingh.com

A Mamber of the Franchise System of BHHS Affiliates,LLC

REALTOR®


First Punjabi Channel to go HD Worldwide
jus
punjabi HD
IS NOW
HD
HIGH DEFINITION
Subscribe to the JUS Pack Today!
subscribe now
JUS Pack
has it all!
jus
punjabi
JUS
one
JUS 24x7
9x
TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM